# ਸੰਪਾਦਕੀ

ਨਵੇਂ ਸਾਲ ਦੀ ਸਭ ਪਾਠਕ-ਪਰਿਵਾਰਾਂ ਨੂੰ ਮੁਬਾਰਕ ਅਤੇ ਹਾਰਦਿਕ ਸ਼ੁਭ-ਇਛਾਵਾਂ। ਪ੍ਰਮਾਤਮਾ ਤੁਹਾਡੀਆਂ ਝੋਲੀਆਂ ਖੁਸ਼ੀਆਂ ਖੇੜਿਆਂ ਨਾਲ ਭਰਪੂਰ ਕਰੇ, ਤੁਹਾਡੇ ਹਿਰਦਿਆਂ ਵਿਚ ਨਾਮ ਦਾ ਵਾਸਾ ਹੋਵੇ, ਤੁਸੀਂ ***'ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ' (ਪੰਨਾ - 1136)*** ਦੇ ਭਾਗੀ ਹੋਵੋ, ਆਪ ਸਤਿਗੁਰੂ ਦੀ ਨਦਰਿ ਦੇ ਪਾਤਰ ਹੋਵੋ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਸਦਕਾ ਤੁਹਾਡਾ ਜੀਵਨ ਸੁਗੰਧਿਤ ਹੋਵੇ। 'ਆਤਮ ਮਾਰਗ' ਦੇ ਪਾਠਕਾਂ ਨਾਲ ਦਿਲਾਂ ਦੀ ਸਾਂਝ ਹੋਣ ਕਾਰਨ ਵਿਚਾਰ ਵਟਾਂਦਰਾ ਕਰਨ ਵਿਚ ਖੁਸ਼ੀ ਮਿਲਦੀ ਹੈ।

ਨਵੇਂ ਸਾਲ ਵਿਚ ਆਪਣੇ ਮਿਸ਼ਨ ਦਾ ਲੇਖਾ ਜੋਖਾ ਕਰਦਿਆਂ ਅਸੀਂ ਵੇਖਦੇ ਹਾਂ ਕਿ ਅੱਜ ਆਤਮ ਮਾਰਗ ਸੰਸਾਰ ਦੇ ਕੋਨੇ ਕੋਨੇ ਵਿਚ ਪੜ੍ਹਿਆ ਜਾ ਰਿਹਾ ਹੈ। ਇਸ ਦੀ ਸ਼ਲਾਘਾ ਦੇ ਪੱਤਰ ਦੇਸ਼ ਪ੍ਰਦੇਸ਼ ਤੋਂ ਪ੍ਰਾਪਤ ਹੋ ਰਹੇ ਹਨ। ਇਕ ਪ੍ਰੇਮੀ ਕੁਆਲਾ-ਲੰਪੁਰ (ਮਲੇਸ਼ੀਆ) ਤੋਂ ਲਿਖਦੇ ਹਨ ਕਿ ਆਤਮ ਮਾਰਗ ਦੀ ਇਕ ਕਾਪੀ ਹੀ ਸਮੁੱਚਾ ਜੀਵਨ ਬਦਲ ਦੇਣ ਦੇ ਸਮਰੱਥ ਹੈ, ਹਰ ਮਹੀਨੇ ਤਾਂ ਸਬਕ ਨੂੰ ਪਰਪੱਕ ਕਰਨ ਲਈ ਪੜ੍ਹਦੇ ਹਾਂ। ਆਤਮ ਮਾਰਗ ਵਿਚ ਕੇਵਲ ਨਾਮ ਦਾ ਰੰਗ ਹੈ, ਫਾਲਤੂ ਗੱਲਾਂ ਨਹੀਂ, ਝਗੜੇ ਬਖੇੜੇ ਦੀਆਂ ਬਿਆਨਬਾਜ਼ੀਆਂ ਨਹੀਂ ਛਪਦੀਆਂ ਜਿਸ ਨਾਲ ਬਿਰਤੀ ਬਿਖਰਦੀ ਹੈ। ਮਹਾਂਪੁਰਸ਼ ਸਦਾ ਜੋੜਦੇ ਹਨ, ਤੋੜਦੇ ਨਹੀਂ। ਟੁੱਟੇ ਤਾਂ ਅਸੀਂ ਪਹਿਲਾਂ ਹੀ ਹਾਂ, ਆਪ ਨਾਲੋਂ, ਪ੍ਰਭੂ ਨਾਲੋਂ; ਅਸੀਂ ਤਾਂ ਜੁੜਨਾ ਲੋਚਦੇ ਹਾਂ, ਸਿਫਤ ਸਾਲਾਹ ਵਿਚ, ਪ੍ਰਭੂ ਰੰਗ ਵਿਚ, ਪ੍ਰਭੂ ਪਿਆਰ ਵਿਚ ਜਿਥੇ ਸੁਖ ਹੀ ਸੁਖ ਹੈ, ਅਨੰਦ ਹੀ ਅਨੰਦ ਹੈ, ਸਹਿਜ ਹੀ ਸਹਿਜ ਹੈ।

ਗੁਰੂ ਮਹਾਰਾਜ ਨੇ ਗੁਰਬਾਣੀ ਦਾ ਐਸਾ ਅਮੁੱਕ ਭੰਡਾਰਾ ਸਾਨੂੰ ਬਖਸ਼ਿਆ ਹੈ ਪਰ ਇਸ ਨਾਲ ਵਿਰਲੀਆਂ ਰੂਹਾਂ ਹੀ ਜੁੜ ਕੇ ਭਗਤੀ ਦੇ ਅਨੰਦ ਨੂੰ ਮਾਣਦੀਆਂ ਹਨ। ਉਨ੍ਹਾਂ ਦੀ ਕਮਾਈ ਸਦਕਾ ਸੰਸਾਰ ਦੀਆਂ ਅਨੇਕ ਰੂਹਾਂ ਤ੍ਰਿਪਤ ਹੁੰਦੀਆਂ ਹਨ। ਜਿਵੇਂ ਸੰਸਾਰਕ ਜੀਵਨ ਵਿਚ ਇਕ ਧਨਾਢ ਪੁਰਸ਼ ਜੇ ਪਰਉਪਕਾਰੀ ਬਿਰਤੀ ਵਾਲਾ ਹੋ ਜਾਵੇ ਤਾਂ ਅਨੇਕਾਂ ਦੀ ਗਰੀਬੀ ਧੋਣ ਦੇ ਸਮਰੱਥ ਹੁੰਦਾ ਹੈ ਤਿਵੇਂ ਹੀ ਭਗਤ ਜਨ, ਸੰਤ ਮਹਾਂਪੁਰਸ਼ ਨਾਮ ਭਗਤੀ ਦੇ ਖਜ਼ਾਨੇ ਨੂੰ ਵੰਡਦੇ ਖੁਸ਼ ਹੁੰਦੇ ਹਨ ਪਰ ਫਰਕ ਇਹ ਹੈ ਕਿ ਜਿਥੇ ਮਾਇਕ ਧਨ, ਵੰਡਣ ਨਾਲ ਘਟਦਾ ਜਾਂਦਾ ਹੈ। ਨਾਮ ਧਨ, ਵੰਡਣ ਨਾਲ ਵਧਦਾ ਹੀ ਜਾਂਦਾ ਹੈ। ਇਕ ਭਗਤ ਦੇ ਨਾਮ ਖਜ਼ਾਨੇ ਨਾਲ ਜੁੜ ਕੇ ਸਾਰਾ ਜਗਤ ਤ੍ਰਿਪਤ ਹੋ ਸਕਦਾ ਹੈ। ਏਥੇ ਹੀ ਬੱਸ ਨਹੀਂ ਰੱਬ ਵੀ ਉਨ੍ਹਾਂ ਦੇ ਪਿਆਰ ਵਸ ਹੋ ਜਾਂਦਾ ਹੈ। ਗੁਰਵਾਕ ਹੈ -

***ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ॥***
***ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ॥***
***ਜਿਸ ਨੋ ਲਗਾ ਰੰਗੁ ਸੇ ਰੰਗਿ ਰਤਿਆ॥***
***ਓਨਾ ਇਕੋ ਨਾਮੁ ਅਧਾਰੁ ਇਕਾ ਉਨ ਭਤਿਆ॥***
***ਓਨਾ ਪਿਛੈ ਜਗੁ ਭੁੰਚੈ ਭੋਗਈ॥***
***ਓਨਾ ਪਿਆਰਾ ਰਬੁ ਓਨਾਹਾ ਜੋਗਈ॥***
***ਜਿਸੁ ਮਿਲਿਆ ਗੁਰੁ ਆਇ ਤਿਨਿ ਪ੍ਰਭੁ ਜਾਣਿਆ॥***
***ਹਉ ਬਲਿਹਾਰੀ ਤਿਨ ਜਿ ਖਸਮੈ ਭਾਣਿਆ॥***

***ਪੰਨਾ - 958***

ਨਾਮ ਭਗਤੀ ਵਿਚ ਸਭ ਤੋਂ ਵੱਡੀ ਲੋੜ ਹਿਰਦੇ ਦੀ ਸ਼ੁਧਤਾ ਹੈ, ਇਥੇ ਕਪਟ, ਪਾਖੰਡ, ਝੂਠ ਨਹੀਂ ਚਲਦਾ। ਨਾਮ ਰੰਗ ਵਿਚ ਰੰਗੇ ਹੰਸਾਂ ਵਿਚ ਬਗਲਿਆਂ ਦੀ ਬਿਰਤੀ ਨਹੀਂ ਲਗ ਸਕਦੀ। ਹੰਸਾਂ ਦੀ ਸੰਗਤ ਵਿਚ ਬੈਠਾ ਹੋਇਆ ਬਗਲਾ ਭੈੜੀ ਬਿਰਤੀ ਵਲ ਹੀ ਪ੍ਰੇਰਤ ਹੁੰਦਾ ਹੈ, ਉਸ ਦਾ ਧਿਆਨ ਮੱਛੀਆਂ ਫੜਨ, ਦੁਰ-ਕਰਮ ਕਰਨ ਵਲ ਹੀ ਲੱਗਿਆ ਰਹਿੰਦਾ ਹੈ। ਇਸ ਲਈ ਨਾਮ-ਰੰਗੇ ਪਿਆਰ-ਭਿੱਜੇ ਆਤਮ ਮਾਰਗ ਦੇ ਪਾਂਧੀਆਂ ਨੂੰ ਅਜਿਹੇ ਬਗਲਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਬਗਲਿਆਂ ਨਾਲ ਉਨ੍ਹਾਂ ਦਾ ਜੋੜ ਫਬਦਾ ਨਹੀਂ। ਹੰਸਾ ਦੀ ਖੁਰਾਕ ਹੀਰੇ ਮੋਤੀ ਹਨ ਅਤੇ ਬਗਲਾ ਡੱਡੀਆਂ ਲੱਭਣ ਜਾਂਦਾ ਹੈ। ਗੁਰ ਫੁਰਮਾਨ ਹੈ -

***ਹੰਸਾ ਵਿਚਿ ਬੈਠਾ ਬਗੁ ਨ ਬਣਈ***
***ਨਿਤ ਬੈਠਾ ਮਛੀ ਨੋ ਤਾਰ ਲਾਵੈ॥***
***ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ***
***ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥***
***ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥***

***ਪੰਨਾ - 960***

ਆਤਮ ਮਾਰਗ ਦੀ ਭਰਪੂਰ ਸ਼ਲਾਘਾ ਅਤੇ ਹਰਮਨ ਪਿਆਰਤਾ ਦਾ ਮੁੱਖ ਕਾਰਨ ਇਸ ਦੇ ਸੰਚਾਲਕ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੀ ਅਦੁੱਤੀ ਸ਼ਖਸ਼ੀਅਤ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਭਗਤੀ ਦਾ ਖਜ਼ਾਨਾ ਬਖਸ਼ਿਆ ਹੈ ਅਤੇ ਨਾਲ ਹੀ ਪਰਉਪਕਾਰੀ ਬਿਰਤੀ ਬਖਸ਼ੀ ਹੈ ਤਾਕਿ ਸੰਸਾਰ ਅਗਨੀ ਨੂੰ ਠੰਢਾ ਕਰਨ ਲਈ ਸਾਰੇ ਸੰਸਾਰ ਵਿਚ ਨਾਮ ਵਰਖਾ ਕਰਦੇ ਰਹਿਣ। ਐਸੀ ਹੰਸ ਬਿਰਤੀ ਕਾਰਨ ਹੀ ਅੱਜ ਰਤਵਾੜਾ ਸਾਹਿਬ ਹੰਸ ਸਰੋਵਰ ਦਾ ਰੂਪ ਧਾਰਨ ਕਰ ਗਿਆ ਹੈ। ਦੁੱਧ ਚਿੱਟੇ ਸੰਗਮਰਮਰ ਨਾਲ ਝਿਲਮਿਲ ਝਿਲਮਿਲ ਕਰਦਾ ਗੁਰਦੁਆਰਾ ਸਾਹਿਬ ਸਭ ਦੀ ਖਿੱਚ ਦਾ ਕੇਂਦਰ ਬਣ ਗਿਆ ਹੈ। ਅੰਦਰੋਂ ਬਾਹਰੋਂ ਸੁੰਦਰਤਾ ਦੀ ਮੂਰਤ ਇਹ ਗੁਰੂ ਘਰ ਸਭ ਦਿਲਾਂ ਨੂੰ ਮੋਹ ਰਿਹਾ ਹੈ। ਆਲੇ ਦੁਆਲੇ ਦੀ ਲੈਂਡ-ਸਕੇਪਿੰਗ ਵੀ ਕਮਾਲ ਦੀ ਹੈ। ਹਰਿਆ ਭਰਿਆ ਕੋਰੀਅਨ ਘਾਹ, ਚਾਰੇ ਪਾਸੇ ਪਹਿਰਾ ਦਿੰਦੇ ਸਜੇ ਧਜੇ ਗੋਲ ਮੀਨਾਰ, ਸਾਫ ਸੁਥਰੇ ਰਸਤਿਆਂ ਨੂੰ ਵੰਡਦੀਆਂ ਸੰਗਲੀਆਂ ਦੀਆਂ ਲੜੀਆਂ ਅਤੇ ਚਾਰੇ ਪਾਸੇ ਖਿੜੇ ਹੋਏ ਰੰਗ ਬਰੰਗੇ ਮੌਸਮੀ ਫੁੱਲ ਵੇਖ ਕੇ ਹਿਰਦਾ ਸੁਤੇ ਸਿਧ ਹੀ ਖੇੜੇ ਵਿਚ ਆ ਜਾਂਦਾ ਹੈ। ਇਹ ਭਗਤੀ ਦਾ ਮੰਦਰ ਹੈ ਜਿਥੇ ਸਵੇਰੇ ਅੰਮ੍ਰਿਤ ਵੇਲੇ ਤੋਂ ਰਾਤ ਦੇਰ ਤਕ ਨਾਮ-ਬਾਣੀ ਦੀ ਅੰਮ੍ਰਿਤ ਫੁਹਾਰ ਚਲਦੀ ਰਹਿੰਦੀ ਹੈ। ਨੇੜੇ ਹੀ ਤਪੋ ਬਨ ਹੈ, ਨਿਰੋਲ ਸ਼ਾਂਤੀ ਦਾ ਘਰ ਜਿਥੇ ਮਧੁਰ ਸੰਗੀਤ ਵੰਡਦੀ ਸੁਰੀਲੀ, ਸਵੱਛ ਪੌਣ ਪ੍ਰਭੂ ਪਿਆਰ ਦੇ ਸੰਦੇਸ਼ੇ ਦੇ ਰਹੀ ਹੈ। ਉਚੇ ਲੰਮੇ ਹਰੇ ਭਰੇ ਰੁੱਖ ਮਾਨੋ ਯੋਗੀ, ਰੁਖਾਂ ਦਾ ਰੂਪ ਧਾਰਨ ਕਰੀ ਭਗਤੀ ਵਿਚ ਲੀਨ ਹੋ ਰਹੇ ਹਨ। ਐਸੇ ਤਪੋ ਬਨ ਵਿਚ ਬਦੋ-ਬਦੀ

(ਬਾਕੀ ਪੰਨਾ 13 ਤੇ)



Sri Satguru Jagjit Singh Ji eLibrary NamdhariElibrary@gmail.com

# ਅਮਰ ਗਾਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ – 28)*

ਗੁਰੂ ਨਾਨਕ ਪਾਤਸ਼ਾਹ ਨੇ ਰਾਜਾ ਸ਼ਿਵਨਾਭ ਨੂੰ ਬਹੁਤ ਵਿਸਥਾਰ ਨਾਲ ਸਮਝਾਇਆ ਕਿ ਯੋਗ ਮਾਰਗ ਤੇ ਚੱਲਣ ਲਈ ਯਮ ਤੇ ਨੇਮ ਜ਼ਰੂਰੀ ਹਨ। ਗੁਰੂ ਘਰ ਵਿਚ ਗੁਰੂ ਗ੍ਰੰਥ ਸਾਹਿਬ ਵਿਚ do's & don't (ਕਰੋ ਅਤੇ ਨਾ ਕਰੋ) ਦਾ ਸਿਧਾਂਤ ਸਪਸ਼ਟ ਤੌਰ ਤੇ ਅੰਕਿਤ ਹੈ। ਗੁਰਸਿੱਖ ਨੂੰ ਚਾਹੀਦਾ ਹੈ ਕਿ ਉਹ ਬਚਨ ਜੋ ਯਮਾਂ ਵਿਚ ਸ਼ਾਮਲ ਨਹੀਂ ਹਨ, ਉਹ ਖੁਦ ਸ਼ਾਮਲ ਕਰੇ ਜਿਸ ਤਰ੍ਹਾਂ ਕਿ **ਕਿਸੇ ਦੀ ਨਿੰਦਿਆ, ਚੁਗਲੀ, ਈਰਖਾ, ਬਖੀਲੀ ਨਾ ਕਰਨੀ, ਉਸ ਦੀ ਥਾਂ ਤੇ ਸਭ ਨਾਲ ਪਿਆਰ ਨਾਲ ਵਰਤਨਾ ਜ਼ਰੂਰੀ ਹੋਇਆ ਕਰਦਾ ਹੈ**। ਜੇ ਸਚਮੁੱਚ ਹੀ ਇਸ ਮਾਰਗ ਤੇ ਚਲਣਾ ਹੈ ਤਾਂ ਇਹ ਰਹਿਤਾਂ ਧਾਰਨ ਕਰਨੀਆਂ ਪੈਂਦੀਆਂ ਹਨ। ਕੁਝ ਰਹਿਤਾਂ ਹੋਰ ਹਨ ਜੋ ਅਚਾਰੀਆ ਜਗਿਆਸੂ ਨੂੰ ਦਸਦਾ ਹੈ। ਕੋਈ ਵੀ ਗੁਰੂ ਆਪਣੇ ਸੇਵਕਾਂ ਨੂੰ ਸ਼ਰ੍ਹਾ ਦੇ ਸੰਗਲਾਂ ਵਿਚ ਨਹੀਂ ਬੰਨ੍ਹਦਾ। ਉਸ ਦਾ ਕੰਮ ਜਗਿਆਸੂ ਨੂੰ ਨਿਜ ਆਪੇ ਦਾ ਗਿਆਨ ਕਰਾਉਣਾ ਹੈ।

ਯੋਗ ਦੇ ਅੱਠ ਅੰਗਾਂ 'ਚੋਂ ਪੰਜ ਅੰਗ ਬਹਿਰੰਗ ਸਾਧਨ ਕਹਾਉਂਦੇ ਹਨ। ਤਿੰਨ ਸਾਧਨ ਜਿਨ੍ਹਾਂ ਦਾ ਸਬੰਧ ਇਕਾਗਰਤਾ ਅਤੇ ਨਿਰੁੱਧ ਨਾਲ ਹੈ ਉਹ ਅੰਤਰੰਗ ਸਾਧਨ ਹੋਇਆ ਕਰਦੇ ਹਨ। ਇਹ ਅੱਠੋਂ ਅੰਗ ਗਿਆਨ ਪ੍ਰਾਪਤੀ ਵਿਚ ਸਹਾਇਤਾ ਕਰਦੇ ਹਨ। ਅਵਿਦਿਆ ਦੇ ਨਾਸ਼ ਵਾਸਤੇ ਧਾਰਨਾ, ਧਿਆਨ ਅਤੇ ਸਮਾਧੀ ਨੂੰ ਸਿੱਧ ਕਰਨਾ ਬਹੁਤ ਹੀ ਜ਼ਰੂਰੀ ਹੈ। ਯਮ ਤੇ ਨਿਯਮ, ਯੋਗ ਦੇ ਵਿਚ ਪੈਣ ਵਾਲੀ ਰੁਕਾਵਟ ਹਿੰਸਾ ਆਦਿ ਜਿਸਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ ਉਸ ਨੂੰ ਹਟਾ ਕੇ ਸਮਾਧੀ ਨੂੰ ਸਿੱਧ ਕਰਦੇ ਹਨ। ਦ੍ਰਿੜ੍ਹ ਆਸਣ ਭਜਨ ਕਰਨ ਵਾਸਤੇ ਬੜਾ ਜ਼ਰੂਰੀ ਹੈ ਕਿਉਂਕਿ ਦ੍ਰਿੜ੍ਹ ਆਸਣ ਹੋਣ ਉਪਰੰਤ ਪ੍ਰਾਣਾਯਾਮ ਦੀ ਸਥਿਰਤਾ ਪ੍ਰਾਪਤ ਹੁੰਦੀ ਹੈ ਅਤੇ ਪ੍ਰਾਣਾਯਾਮ ਦੀ ਸਥਿਰਤਾ ਨਾਲ ਪ੍ਰਤਿਹਾਰ ਸਿੱਧ ਹੁੰਦਾ ਹੈ। ਧਾਰਨਾ, ਧਿਆਨ ਅਤੇ ਸਮਾਧੀ, ਬਿਨਾਂ ਵੈਰਾਗ, ਬਿਨਾਂ ਪਿਆਰ ਦੇ, ਸਿੱਧ ਨਹੀਂ ਹੁੰਦੇ ਕਿਉਂਕਿ ਅਭਿਆਸ ਤੋਂ ਬਿਨਾਂ ਇਹ ਕੇਵਲ ਜਾਨਣ ਵਾਲੀ ਗੱਲ ਹੀ ਹੋ ਜਾਂਦੀ ਹੈ। ਇਨ੍ਹਾਂ ਬਾਰੇ ਬੁੱਧੀ ਰੂਪ ਵਿਚ ਜਾਣਿਆ ਹੋਇਆ ਗਿਆਨ ਕੋਈ ਠੋਸ ਨਤੀਜਾ ਨਹੀਂ ਕੱਢਿਆ ਕਰਦਾ। ਜਦੋਂ ਚਿੱਤ ਇਕਾਗਰ ਹੋ ਕੇ ਸਮਾਧੀ ਲਗਦੀ ਹੈ ਤੌਂ ਗਿਆਨ ਦਾ ਪ੍ਰਕਾਸ਼ ਅੰਦਰ ਉਦੈ ਹੁੰਦਾ ਹੈ ਅਤੇ ਸੰਸਾਰਕ ਵਸਤੂਆਂ ਨਾਲੋਂ ਵੈਰਾਗ ਵਧ ਜਾਂਦਾ ਹੈ। ਜਿਉਂ ਜਿਉਂ ਇਹ ਵਧਦਾ ਜਾਂਦਾ ਹੈ ਤਿਉਂ-ਤਿਉਂ ਨਿਰਬੀਜ (ਅਫੁਰ) ਸਮਾਧੀ ਦੇ ਵਿਚ ਸਾਧਕ ਦਾਖਲ ਹੋਣ ਦੇ ਕਾਬਲ ਹੋ ਜਾਂਦਾ ਹੈ। ਯਮ ਤੇ ਨਿਯਮ ਬਾਹਰਮੁਖਤਾ ਤੇ ਅੰਤਰਮੁਖਤਾ ਨਾਲ ਸਬੰਧ ਰਖਦੇ ਹਨ। ਇਨ੍ਹਾਂ ਨੂੰ ਪਾਲਣ ਕਰਨ ਨਾਲ ਐਸਾ ਅਨੁਭਵ ਪ੍ਰਾਪਤ ਹੁੰਦਾ ਹੈ ਕਿ ਜੀਵ ਦੇ ਵਿਵਹਾਰਿਕ ਜੀਵਨ ਉਤੋਂ ਰਾਜਸੀ, ਤਾਮਸੀ, ਵਿਖਸ਼ੇਪ ਅਤੇ ਆਵਰਣ ਦੀ ਮੈਲ ਲਹਿ ਜਾਂਦੀ ਹੈ ਅਤੇ ਸਤੋਗੁਣੀ, ਪਵਿੱਤਰ ਅਤੇ ਦਿਬਜ ਬਣ ਜਾਂਦਾ ਹੈ। ਅੰਦਰਲੀ ਖੋਜ ਕਰਨ ਵਾਸਤੇ ਯੋਗ ਸਾਧਨ ਦਾ ਆਸਣਾਂ ਨਾਲ ਬਹੁਤ ਵੱਡਾ ਸਬੰਧ ਹੈ, ਸਰੀਰ ਵਿਚ ਰਜੋ ਗੁਣ ਦੀ ਚੰਚਲਤਾ ਅਤੇ ਅਸਥਿਰਤਾ ਅਤੇ ਤਮੋਗੁਣ ਦੀ ਆਲਸ ਅਤੇ ਪ੍ਰਮਾਦ ਆਦਿ ਵਿਘਨ ਪਾਉਂਦੇ ਹਨ। ਦ੍ਰਿੜ੍ਹ ਆਸਣ ਨਾਲ ਜਦੋਂ ਅਸੀਂ ਸਾਧਨ ਕਰਦੇ ਹਾਂ ਤਾਂ ਸਰੀਰ ਵਿਚ ਪ੍ਰਕਾਸ਼ ਅਤੇ ਦਿਬਜਤਾ ਪੈਦਾ ਹੁੰਦੀ ਹੈ। ਯਮ ਤੇ ਨਿਯਮਾਂ ਦੀ ਪਾਲਣਾ ਕਰਨਾ ਕਿਸੇ ਬੰਧਨ ਵਿਚ ਪਾ ਕੇ ਐਵੇਂ ਫੋਕਟ ਕਰਮ ਨਹੀਂ ਹਨ ਇਨ੍ਹਾਂ ਦੀ ਵਿਸ਼ੇਸ਼ਤਾ ਨੂੰ ਸਮਝਣਾ ਚਾਹੀਦਾ ਹੈ। ਜਿਸ ਤਰ੍ਹਾਂ ਦੇ ਨਾਲ ਕਲੇਸ਼ਾਂ ਦਾ ਮੂਲ ਅਵਿਦਿਆ ਹੈ, ਇਸੇ ਤਰ੍ਹਾਂ ਸਾਰੇ ਯਮਾਂ ਦਾ ਮੂਲ ਅਹਿੰਸਾ ਹੈ। ਅਹਿੰਸਾ ਦੀ ਵਿਚਾਰ ਬਹੁਤ ਗਹਿਨ ਹੈ ਜੋ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ – **ਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ ਸਰੀਰਕ, ਮਾਨਸਿਕ, ਅਧਿਆਤਮਕ। 1. ਸਰੀਰਕ ਹਿੰਸਾ – ਕਿਸੇ ਪ੍ਰਾਣੀ ਦੇ ਪ੍ਰਾਣ ਹਰਨ ਕਰਨਾ ਅਤੇ ਹੋਰ ਕਿਸੇ ਤਰੀਕੇ ਨਾਲ ਪੀੜਾ ਪਹੁੰਚਾਉਣੀ। 2. ਮਾਨਸਿਕ ਹਿੰਸਾ – ਮਨ ਵਿਚ ਕਿਸੇ ਦਾ ਬੁਰਾ ਚਿਤਵਦੇ ਰਹਿਣਾ। 3. ਅਧਿਆਤਮਕ ਹਿੰਸਾ – ਅੰਤਸ਼ਕਰਣ ਨੂੰ ਮੈਲਾ ਕਰਨ ਦੀ ਕ੍ਰਿਆ ਨੂੰ ਕਹਿੰਦੇ ਹਨ, ਇਹ ਕ੍ਰਿਆ ਰਾਗ, ਦ੍ਵੈਸ਼, ਕਾਮ, ਕ੍ਰੋਧ, ਲੋਭ, ਮੋਹ ਆਦਿ ਤਮੋ ਗੁਣ ਬਿਰਤੀ ਨਾਲ ਰਲ ਕੇ ਹੁੰਦੀ ਹੈ।** ਕਿਸੇ ਪ੍ਰਾਣੀ ਦੇ ਨਾਲ ਹਿੰਸਾ ਕਰਨ ਦੇ ਨਾਲ ਨਾਲ ਹਿੰਸਕ ਆਪਣੀ ਆਤਮਿਕ ਹਿੰਸਾ ਕਰਦਾ ਹੈ। ਆਪਣੇ ਅੰਤਸ਼ਕਰਣ ਨੂੰ ਦੁਰਗੰਧ ਭਰੇ ਮੈਲੇ ਸੰਸਕਾਰਾਂ ਨਾਲ ਮਲੀਨ ਕਰਨਾ ਸਾਰਿਆਂ ਤੋਂ ਵੱਡੀ ਅਧਿਆਤਮਕ ਹਿੰਸਾ ਹੈ। ਉਸ ਦੇ ਬਾਰੇ ਮਹਾਂਪੁਰਸ਼ਾਂ ਦੇ ਮਤ ਹਨ ਕਿ ਜੋ ਆਤਮਘਾਤੀ ਲੋਕ ਹਨ ਉਹ ਦੋ ਤਰ੍ਹਾਂ ਦੇ ਹੁੰਦੇ ਹਨ। (ਆਤਮਘਾਤੀ ਇਥੇ ਅੰਤਸ਼ਕਰਣ ਦੇ ਮਲੀਨ ਕਰਨ ਵਾਲੇ ਕਰਮ ਦੇ ਕਰਨ ਵਾਲੇ ਨੂੰ ਕਿਹਾ ਗਿਆ ਹੈ ਕਿਉਂਕਿ ਉਸ ਨੇ ਆਪਣੀ ਆਤਮਾ ਨੂੰ ਦੂਸ਼ਿਤ ਕਰਮਾਂ ਰਾਹੀਂ ਮਲੀਨ ਕਰ ਲਿਆ।) ਪਰ ਜੀਵ ਆਤਮਾ, ਉਸੇ ਨੂੰ ਵੱਖਰੀ ਹਸਤੀ ਬਣਾ ਕੇ, ਮਾਇਆ ਵਿਚ ਫਸੀ ਹੋਈ ਹੈ। ਆਤਮਘਾਤੀ ਲੋਕ ਦੋ ਤਰ੍ਹਾਂ ਦੇ ਹਨ। ਇਕ ਉਹ ਜੋ ਸਰੀਰ ਦਾ ਨਾਸ਼ ਆਪੇ ਕਰ ਲੈਂਦੇ ਹਨ। ਦੂਸਰੇ ਉਹ ਹਨ ਜਿਹੜੇ ਆਪਣੇ ਫਰਜ਼ ਨੂੰ ਨਾ ਪਛਾਣਦੇ ਹੋਏ ਆਪਣੇ ਅੰਤਸ਼ਕਰਣ ਨੂੰ ਮਲੀਨ ਕਰਦੇ ਤੁਰੇ ਜਾਂਦੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ ਕਿ ਜੋ ਨਾਮ ਨਹੀਂ ਜਪਦਾ ਉਹ ਆਤਮਘਾਤੀ ਹੈ।

***ਨਾਮੁ ਨ ਜਪਹਿ ਸੇ ਆਤਮਘਾਤੀ॥ ਪੰਨਾ – 188***

ਜਿਹੜਾ ਇਸ ਤਰ੍ਹਾਂ ਆਤਮਘਾਤ ਦੇ ਮਹਾਨ ਨਿੰਦਨੀ ਕਰਮ ਨੂੰ ਅਪਨਾਅ ਕੇ ਆਪਣੇ ਅੰਤਸ਼ਕਰਣ ਨੂੰ ਮੈਲਾ ਕਰ ਲੈਂਦਾ ਹੈ ਉਹ ਮਰ ਕੇ ਉਨ੍ਹਾਂ ਜੂਨੀਆਂ ਵਿਚ ਜਾਂਦਾ ਹੈ ਜੋ ਅਸੁਰਾਂ ਦੇ ਲੋਕ ਕਹਿਲਾਂਦੇ ਹਨ ਅਤੇ ਘਣੇ ਹਨ੍ਹੇਰੇ ਨਾਲ ਢਕੇ ਹੋਏ ਹਨ ਅਰਥਾਤ ਗਿਆਨ ਰਹਿਤ, ਮੂੜ੍ਹ ਨੀਚ ਜੂਨੀਆਂ ਵਿਚ ਜਾਂਦੇ ਹਨ।

ਸਰੀਰ ਅਤੇ ਮਨ ਦੇ ਨਾਲੋਂ ਆਤਮਾ ਪਰਮ ਸ੍ਰੇਸ਼ਟ ਹੈ ਕਿਉਂਕਿ ਸਰੀਰ ਅਤੇ ਮਨ ਤਾਂ ਆਤਮਾ ਦੀ ਸਤਿਆ ਪ੍ਰਾਪਤ ਕਰਕੇ ਹੀ ਹੋਂਦ ਵਿਚ ਹਨ। ਇਹ ਕੰਮ ਪ੍ਰਮੇਸ਼ਰ ਜੀ ਨੇ ਜੀਵ ਆਤਮਾ ਨੂੰ



Sri Satguru Jagjit Singh Ji eLibrary NamdhariElibrary@gmail.com

ਦਿਤੇ ਹੋਏ ਹਨ ਤਾਂ ਕਿ ਉਹ ਇਸ ਦੀ ਸਹੀ ਵਰਤੋਂ ਕਰਕੇ ਆਪਣੀ ਕਲਿਆਣ ਪ੍ਰਾਪਤ ਕਰ ਲਵੇ। ਇਸੇ ਲਈ ਹਿੰਸਕ ਜੋ ਹੈ ਉਹ ਅਤਿ ਕੁਦਇਆ ਦਾ ਪਾਤਰ ਹੈ। ਬਦਲਾ ਲੈਣ ਦੀ ਭਾਵਨਾ ਹਿਰਦੇ ਵਿਚ ਰਖਣੀ, ਕਿਸੇ ਨੂੰ ਨੁਕਸਾਨ ਪਹੁੰਚਾਉਣਾ ਇਹ ਸ੍ਰੇਸ਼ਟ ਪੁਰਸ਼ ਵਾਸਤੇ ਹਿੰਸਾ ਹੁੰਦੀ ਹੈ। ਜਿਹੜੇ ਜਗਿਆਸੂ ਪ੍ਰਮੇਸ਼ਵਰ ਦੇ ਰਾਹ ਤੇ ਵਧ ਰਹੇ ਹਨ ਉਨ੍ਹਾਂ ਦੇ ਹਿਰਦੇ ਵਿਚ ਅਜਿਹੇ ਆਤਮਘਾਤ ਕਰ ਰਹੇ ਪੁਰਸ਼ ਲਈ ਪੂਰਾ ਪਿਆਰ ਚਾਹੀਦਾ ਹੈ ਤਾਂ ਕਿ ਉਸ ਨੂੰ ਉਹ ਅੰਧਕਾਰ ਵਿਚੋਂ ਕੱਢ ਸਕਣ ਅਤੇ ਇਸ ਨੂੰ ਇਸ ਹਿੰਸਕ ਪਾਪ ਤੋਂ ਹਟਾਉਣਾ ਚਾਹੀਦਾ ਹੈ। ਜਿਸ ਨੇ ਪੂਰਨ ਰੂਪ ਵਿਚ ਅਹਿੰਸਾ ਨੂੰ ਸਮਝ ਲਿਆ ਉਸ ਦਾ ਤੇਜ ਐਨਾ ਵੱਧ ਜਾਂਦਾ ਹੈ ਕਿ ਹਿੰਸਕ ਉਸ ਦੇ ਸਾਮ੍ਹਣੇ ਆ ਜਾਵੇ ਤਾਂ ਉਹ ਆਪਣੀ ਹਿੰਸਾ ਕਰਨ ਦੀ ਭਾਵਨਾ ਨੂੰ ਤਿਆਗ ਦਿੰਦਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਜੀ ਨੇ ਮਾਨਸਕ ਸ਼ਕਤੀ ਦਿਤੀ ਹੋਈ ਹੈ ਉਹ ਆਪਣੇ ਮਾਨਸਕ ਬਲ ਨਾਲ ਹਿੰਸਾ ਨੂੰ ਹਟਾ ਦੇਣ। ਵਾਚਕ ਅਤੇ ਸਰੀਰਕ ਸ਼ਕਤੀ ਵਾਲੇ ਜਿਥੇ ਤਕ ਉਨ੍ਹਾਂ ਨੂੰ ਅਧਿਕਾਰ ਹੈ ਉਹ ਵੀ ਆਪਣੇ ਬਲ ਦਾ ਪ੍ਰਯੋਗ ਕਰਕੇ ਹਿੰਸਾ ਨੂੰ ਹਟਾਉਣ। ਹਿੰਸਾ ਦੂਰ ਕਰਨਾ ਕੇਵਲ ਯੋਗੀਆਂ, ਸਾਧੂ ਸੰਤਾਂ ਦਾ, ਭਲੇ ਪੁਰਸ਼ਾਂ ਦਾ ਹੀ ਕੰਮ ਨਹੀਂ, ਇਹ ਹਰ ਪ੍ਰਾਣੀ ਦਾ ਕੰਮ ਹੈ। ਜੋ ਸਾਸ਼ਕ ਹਨ ਅਤੇ ਨਿਆਏਧੀਸ਼ ਹਨ ਉਨ੍ਹਾਂ ਦਾ ਪਰਮ ਕਰਤੱਵ ਸੰਸਾਰ ਵਿਚ ਅਹਿੰਸਾ ਸਥਾਪਤ ਕਰਨਾ ਹੁੰਦਾ ਹੈ। ਜਿਵੇਂ ਕਿ ਕੋਈ ਪੁਰਸ਼ ਮੰਦੀ ਨਜ਼ਰ ਨਾਲ, ਘਾਤਕ ਸਸ਼ਤਰ ਨਾਲ, ਜਿਹੜਾ ਉਸ ਨੂੰ ਸਰੀਰ ਦੀ ਰੱਖਿਆ ਕਰਨ ਲਈ ਪ੍ਰਾਪਤ ਹੈ, ਉਹ ਆਪਣੇ ਹੀ ਉਪਰ ਉਸ ਦਾ ਵਾਰ ਕਰੇ ਤਾਂ ਉਸ ਦੇ ਮਿਤਰਾਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਸ ਦਾ ਹਥਿਆਰ ਉਸਦੇ ਹੱਥਾਂ ਤੋਂ ਖੋਹ ਲੈਣ। ਇਸੇ ਤਰ੍ਹਾਂ ਜੇ ਕੋਈ ਹਿੰਸਕ ਆਪਣੇ ਸਰੀਰ ਨਾਲ ਹਿੰਸਾ ਕਰੇ ਜਾਂ ਦੂਸਰੇ ਨਾਲ ਹਿੰਸਾ ਕਰੇ ਤਾਂ ਸ਼ਾਸ਼ਕਾਂ, ਨਿਆਏਧੀਸ਼ਾਂ ਦਾ ਇਹ ਫਰਜ਼ ਹੋਇਆ ਕਰਦਾ ਹੈ ਕਿ ਉਸ ਦੇ ਸਰੀਰ ਦਾ ਵਿਯੋਗ ਕਰਾ ਦੇਣ। ਇਹ ਹਿੰਸਾ ਨਹੀਂ ਹੋਇਆ ਕਰਦੀ, ਅਹਿੰਸਾ ਹੁੰਦੀ ਹੈ ਜੇ ਇਹੀ ਕਾਰਜ ਤਮੋਗੁਣੀ ਬਿਰਤੀਆਂ ਦੇ ਅਧੀਨ ਕੀਤਾ ਜਾਵੇ ਤਾਂ ਉਸ ਦੇ ਸਰੀਰ ਦਾ ਵਿਯੋਗ ਕਰਾਉਣਾ ਹਿੰਸਾ ਬਣ ਜਾਇਆ ਕਰਦਾ ਹੈ ਅਤੇ ਪਾਪ ਕਰਮ ਦਾ ਭਾਗੀ ਬਣਾਉਂਦਾ ਹੈ।

ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਫੌਜ ਵਾਲੇ ਲੜਦੇ ਹਨ, ਉਹ ਦੁਸ਼ਮਣਾਂ ਨੂੰ ਮਾਰਦੇ ਹਨ, ਪੁਲਿਸ ਚੋਰਾਂ ਨੂੰ ਸਜ਼ਾ ਦਿੰਦੀ ਹੈ, ਕੀ ਇਹ ਹਿੰਸਾ ਨਹੀਂ ਹੈ? ਯੁੱਧ ਕਰਨਾ ਤੇ ਦੇਸ਼ ਦੀ ਰਾਖੀ ਕਰਨਾ, ਦੇਸ਼ ਵਿਚ ਕਾਨੂੰਨ ਦੇ ਮੁਤਾਬਿਕ ਰਾਜ ਚਲਾਉਣਾ ਇਹ ਫੌਜ ਅਤੇ ਪੁਲਿਸ ਦਾ ਕਰਤੱਵ ਹੋਇਆ ਕਰਦਾ ਹੈ। ਜੇ ਆਪਣੇ ਕਰਤੱਵ ਦੀ ਪਾਲਣਾ ਕਰਕੇ ਉਹ ਸਮੇਂ ਸਿਰ ਸਹੀ ਕਦਮ ਨਹੀਂ ਲੈਂਦਾ ਤਾਂ ਉਨ੍ਹਾਂ ਦੀ ਇਸੇ ਕਰਮ, ਕਰਤੱਵ ਤੋਂ ਕੋਤਾਹੀ ਭੀ ਹਿੰਸਾ ਬਣ ਜਾਇਆ ਕਰਦੀ ਹੈ।

ਇਕ ਹੋਰ ਤਰ੍ਹਾਂ ਦੀ ਹਿੰਸਾ ਹੋਇਆ ਕਰਦੀ ਹੈ ਕਿ ਆਪਣੀ ਦੁਰਬਲਤਾ ਦੇ ਕਾਰਨ, ਡਰਿਆ ਹੋਇਆ ਬੰਦਾ ਅਤਿਆਚਾਰੀਆਂ ਦੇ ਅਤਿਆਚਾਰ ਨੂੰ ਸਹਿਨ ਕਰ ਲੈਂਦਾ ਹੈ, ਆਪਣੀ ਧਨ, ਸੰਪਤੀ ਨੂੰ ਚੋਰ, ਡਾਕੂਆਂ ਨੂੰ ਲੁੱਟਣ ਦੀ ਇਜਾਜ਼ਤ ਦੇ ਦਿੰਦਾ ਹੈ। ਕੋਈ ਰਾਖੀ ਦਾ ਪ੍ਰਬੰਧ ਨਾ ਕਰਨਾ ਹਿੰਸਾ ਹੁੰਦੀ ਹੈ, ਕਾਇਰਤਾ ਹੁੰਦੀ ਹੈ। ਤੇਜਸਵੀ ਵੀਰ ਹੀ ਅਹਿੰਸਾ ਦਾ ਯਥਾਰਥ ਰੂਪ ਵਿਚ ਪਾਲਣ ਕਰ ਸਕਦਾ ਹੈ। ਦੁਰਬਲ, ਡਰਪੋਕ, ਕਾਇਰ ਹਿੰਸਕਾਂ ਨੂੰ ਹਿੰਸਾ ਵਧਾਉਣ ਵਿਚ, ਭਾਗੀਦਾਰ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਹਿੰਸਾ ਦਾ ਵਰਤ ਧਾਰਨ ਕਰਨ ਦੀ ਜਾਂਚ ਨਹੀਂ ਆਉਂਦੀ।

ਮਹਾਂਪੁਰਸ਼ਾਂ ਦੇ ਐਸੇ ਵਿਚਾਰ ਹਨ ਕਿ ਜੇ ਕੋਈ ਡਾਕੂਆਂ ਦਾ ਟੋਲਾ, ਮਰਨ ਤੋਂ ਬੇਪਰਵਾਹ ਹੋ ਕੇ ਲੁੱਟਣ ਲਈ ਨਿਕਲਦਾ ਹੈ ਅਤੇ ਜਿਹੜੇ ਪੁਰਸ਼ ਮਰਨ ਦੇ ਭੈਅ ਨਾਲ ਆਪਣਾ ਧਨ ਅਤੇ ਸੰਪਤੀ ਬਿਨਾਂ ਮੁਕਾਬਲਾ ਕੀਤੇ ਆਸਾਨੀ ਨਾਲ ਦੇ ਦਿੰਦੇ ਹਨ ਉਹ ਹਿੰਸਾ ਕਰਦੇ ਹਨ ਕਿਉਂਕਿ ਇਨ੍ਹਾਂ ਦਾ ਇਹ ਡਰਪੋਕ ਕਰਮ ਇਨ੍ਹਾਂ ਡਾਕੂਆਂ ਨੂੰ ਲੁੱਟ ਵਧਾਉਣ ਦੀ ਹਿੰਮਤ, ਹੌਂਸਲਾ ਦਿੰਦਾ ਹੈ ਕਿ ਅਸੀਂ ਤੁਹਾਡੇ ਤੋਂ ਡਰਦੇ ਤੁਹਾਡਾ ਮੁਕਾਬਲਾ ਨਹੀਂ ਕਰਦੇ, ਜਿੰਨਾਂ ਜੀਅ ਕਰਦਾ ਹੈ ਲੁੱਟ ਲਓ। ਐਨੀ ਕਮਜ਼ੋਰੀ ਦਿਖਾਉਣੀ ਹਿੰਸਾ ਕਹਾਉਂਦੀ ਹੈ। ਜਿਹੜਾ ਸੂਰਮਾ ਉਨ੍ਹਾਂ ਤੋਂ ਅਧਿਕ, ਮੌਤ ਤੋਂ ਅਭੈ ਹੋ ਕੇ ਆਤਮ ਬਲ ਅਤੇ ਦਿਬਯ ਸ਼ਕਤੀ ਰਖਦਾ ਹੈ, ਉਹ ਉਨ੍ਹਾਂ ਦਾ ਮੁਕਾਬਲਾ ਕਰਦਾ ਹੈ, ਚਾਹੇ ਉਸ ਦੇ ਪ੍ਰਾਣ ਕਿਉਂ ਨਾ ਚਲੇ ਜਾਣ, ਇਉਂ ਉਨ੍ਹਾਂ ਦੀ ਹਿੰਸਾ ਨੂੰ ਘਟਾ ਕੇ ਅਹਿੰਸਾ ਰੂਪੀ ਪੁੰਨ ਦਾ ਭਾਗੀ ਬਣਦਾ ਹੈ। ਜਿਹੜੇ ਦੇਸ਼ ਦੇ ਸਾਸ਼ਕ ਬਾਹਰਲੇ ਕੋਪ ਤੋਂ ਤਾਂ ਰੱਖਿਆ ਕਰਦੇ ਹਨ ਪਰ ਆਪਣੇ ਦੇਸ਼ ਵਿਚ ਗਰੀਬਾਂ ਦੇ ਅਧਿਕਾਰ ਖੋਂਹਦੇ ਹਨ, ਰਿਸ਼ਵਤਾਂ ਲੈਂਦੇ ਹਨ, ਸਹੀ ਚੀਜ਼ਾਂ ਜਨਤਾ ਵਿਚ ਨਹੀਂ ਦਿੰਦੇ, ਅਜਿਹੇ ਪੁਰਸ਼ ਹਿੰਸਕ ਹੋਇਆ ਕਰਦੇ ਹਨ। ਇਸ ਕਰਕੇ ਅਹਿੰਸਾ ਤੇ ਹਿੰਸਾ ਕੇਵਲ ਅਰਥ ਮਾਤਰ ਨਹੀਂ ਹਨ ਇਨ੍ਹਾਂ ਵਿਚ ਕਰਤੱਵ ਦਾ ਫਰਕ ਹੋਇਆ ਕਰਦਾ ਹੈ।

ਉਦਾਹਰਣ ਦੇ ਤੌਰ ਤੇ ਜੇ ਕਿਸੇ ਪਸ਼ੂ ਦੇ ਪੇਟ ਵਿਚ ਕੀੜੇ ਪੈ ਜਾਂਦੇ ਹਨ, ਉਹ ਦੁਖੀ ਹੈ, ਤੜਫ ਰਿਹਾ ਹੈ, ਕੋਈ ਦਵਾਈ ਇਸ ਉਪਰ ਅਸਰ ਨਾ ਕਰ ਰਹੀ ਹੋਵੇ, ਉਸ ਨੂੰ ਇਸ ਤਰ੍ਹਾਂ ਤੜਫਦਾ ਦੇਖ ਕੇ ਕੋਈ ਯਤਨ ਨਾ ਕਰਨਾ ਹਿੰਸਾ ਹੋਇਆ ਕਰਦੀ ਹੈ ਪਰ ਜੇ ਕੋਈ ਵਿਚਾਰਵਾਨ ਬੰਦਾ ਇਹ ਦੇਖ ਲਵੇ ਕਿ ਹੁਣ ਇਹ ਰਾਜ਼ੀ ਨਹੀਂ ਹੋਣਾ ਤਾਂ ਉਸ ਨੂੰ ਟੀਕਾ ਲਗਾ ਕੇ ਉਸ ਦੇ ਪ੍ਰਾਣਾਂ ਦਾ ਵਿਯੋਗ ਕਰਾ ਦਿੰਦਾ ਹੈ ਤਾਂ ਉਹ ਹਿੰਸਾ ਨਹੀਂ, ਅਹਿੰਸਾ ਹੋਇਆ ਕਰਦੀ ਹੈ।

ਅਹਿੰਸਾ ਦੇ ਸਬੰਧ ਵਿਚ ਬਹੁਤ ਕਿਸਮ ਦੀਆਂ ਵਿਚਾਰਾਂ ਹਨ। ਇਕ ਜਿਮੀਦਾਰ ਦੀ ਭਰਪੂਰ ਫਸਲ ਮਾਰਕੀਟ ਵਿਚ ਆ ਜਾਂਦੀ ਹੈ ਤਾਂ ਅਨੇਕਾਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ, ਭੁੱਖਾਂ ਦੂਰ ਕਰਦੀ ਹੈ। ਪਰ ਜੇ ਉਸ ਦੀ ਫਸਲ ਵਿਚ ਚੂਹੇ ਲਗ ਜਾਣ, ਫਸਲ ਤੇ ਕੀਟਾਣੂਆਂ ਦਾ ਹਮਲਾ ਹੋ ਜਾਵੇ ਤੇ ਜੇ ਉਹ ਇਸ ਖਿਆਲ ਨਾਲ ਰਹੇ ਕਿ ਮੈਨੂੰ ਦੋਸ਼ ਲੱਗੇਗਾ, ਪਾਪ ਲੱਗੇਗਾ ਤਾਂ ਉਹ ਧਰਮੀ ਪੁਰਸ਼ ਨਹੀਂ ਹੋਇਆ ਕਰਦਾ। ਇਸ ਦੇ ਵਿਪਰੀਤ ਉਸ ਦੀ ਦੁਰਬਲ ਤੇ ਵਿਚਾਰ ਰਹਿਤ ਭਾਵਨਾ ਫਸਲ ਦੇ ਨੁਕਸਾਨ ਦਾ ਕਾਰਨ ਬਣਦੀ ਹੈ ਅਤੇ ਅਜਿਹਾ ਪੁਰਸ਼ ਹਿੰਸਕ ਪੁਰਸ਼ ਹੋਇਆ ਕਰਦਾ ਹੈ ਕਿਉਂਕਿ ਮਨੁੱਖ ਦਾ


Sri Satguru Jagjit Singh Ji eLibrary NamdhariElibrary@gmail.com

ਜੀਵਨ ਸਰਵ ਸ੍ਰੇਸ਼ਟ ਹੈ, ਨਰ ਨਰਾਇਣੀ ਦੇਹ ਹੈ, ਇਸੇ ਜੀਵਨ ਵਿਚ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ; ਜੇ ਇਸ ਜੀਵਨ ਨੂੰ ਚੂਹੇ ਪਲੇਗ ਪਾ ਕੇ ਖਤਮ ਕਰਨ ਦਾ ਕਾਰਨ ਬਣਦੇ ਹਨ, ਮੱਛਰ ਕਿਸੇ ਬਿਮਾਰੀ ਨੂੰ ਫੈਲਾ ਦਿੰਦੇ ਹਨ, ਮੱਖੀਆਂ ਬਿਮਾਰੀ ਫੈਲਾ ਦਿੰਦੀਆਂ ਹਨ ਇਸੇ ਤਰ੍ਹਾਂ ਹੋਰ ਕਿਰਮ ਬਿਮਾਰੀ ਫੈਲਾ ਦਿੰਦੇ ਹਨ, ਇਨ੍ਹਾਂ ਨੂੰ ਮਾਰ ਦੇਣਾ ਅਹਿੰਸਾ ਹੋਇਆ ਕਰਦੀ ਹੈ। ਕਈ ਪ੍ਰੇਮੀ ਮੇਰੇ ਪਾਸ ਆਉਂਦੇ ਹਨ, ਪੁਛਦੇ ਹਨ ਕਿ ਜੇ ਜੂਆਂ ਪੈ ਜਾਣ ਤਾਂ ਮਾਰ ਦੇਈਏ, ਕੀ ਪਾਪ ਲੱਗੇਗਾ? ਪਰ ਵਿਚਾਰ ਤੋਂ ਸੁੰਨ ਹੋਣ ਕਰਕੇ ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਅਹਿੰਸਾ ਦੇ ਰੂਪ ਵਿਚ ਸੋਚਿਆ ਕਰਮ ਭਿਆਨਕ ਹਿੰਸਾ ਨੂੰ ਜਨਮ ਦੇ ਰਿਹਾ ਹੈ। ਖਟਮਲ, ਬਿੱਛੂ, ਸੱਪ ਹੋਰ ਅਹਿੰਸਕ ਜੀਵ ਜੰਤੂਆਂ ਦੀ ਅਪੇਕਸ਼ਾ ਹਿੰਸਾ ਪਾਪ ਨਹੀਂ ਹੈ, ਪੁੰਨ ਹੈ। ਹਿੰਸਾ ਦੇ ਦਰਜੇ ਹੋਇਆ ਕਰਦੇ ਹਨ। ਸਾਧਾਰਣ ਜਾਨਵਰਾਂ ਦੇ ਮੁਕਾਬਲੇ ਸਵਾਰੀ ਵਾਲੇ ਪਸ਼ੂ, ਕੰਮ ਆਉਣ ਵਾਲੇ ਪਸ਼ੂਆਂ ਨੂੰ ਮਾਰ ਦੇਣ ਦਾ ਨੁਕਸਾਨ ਜਿਵੇਂ ਜ਼ਿਆਦਾ ਹੈ, ਇਸੇ ਤਰ੍ਹਾਂ ਸਾਧਾਰਣ ਮਨੁੱਖਾਂ ਦੇ ਮੁਕਾਬਲੇ ਕਿਸੇ ਵਿਦਵਾਨ ਪੁਰਸ਼ ਨੂੰ ਮਾਰ ਦੇਣ ਦਾ ਬਹੁਤ ਦੋਸ਼ ਹੁੰਦਾ ਹੈ। ਬ੍ਰਹਮਗਿਆਨੀ ਮਹਾਂਪੁਰਸ਼ਾਂ ਦੀ ਹੱਤਿਆ ਕਰ ਦੇਣੀ ਮਹਾਂ-ਮਹਾਂ ਹੱਤਿਆ ਹੋਇਆ ਕਰਦੀ ਹੈ।

ਇਸੇ ਤਰ੍ਹਾਂ ਸੱਚ ਬੋਲਣ ਅਤੇ ਝੂਠ ਬੋਲਣ ਵਿਚ ਵੀ ਫਰਕ ਹੋਇਆ ਕਰਦਾ ਹੈ। ਬੋਲਣ ਵਿਚ ਦੋਸ਼ ਹੋਇਆ ਕਰਦਾ ਹੈ। ਜਿਵੇਂ ਕਿਸੇ ਕਾਣੇ ਨੂੰ ਕਾਣਾ ਕਹਿਣਾ, ਅੰਨ੍ਹੇ ਨੂੰ ਅੰਨ੍ਹਾ ਕਹਿਣਾ ਸੱਚ ਨਜ਼ਰ ਆਉਂਦਾ ਹੈ ਪਰ ਇਹ ਦ੍ਵੈਸ਼ ਦਾ ਭਰਿਆ ਬਚਨ ਹੁੰਦਾ ਹੈ। ਜਿਵੇਂ ਅੰਨ੍ਹੇ ਨੂੰ ਸੂਰਦਾਸ, ਲੰਗੜੇ ਨੂੰ ਸੁਚਾਲਾ ਆਦਿ ਕਹਿਣਾ ਚਾਹੀਦਾ ਹੈ, ਇਸੇ ਤਰ੍ਹਾਂ ਬੰਦਗੀ ਕਰਨ ਵਾਲੇ ਨੂੰ ਇਨ੍ਹਾਂ ਸਾਰਿਆਂ ਦੀ ਵਿਚਾਰ ਕਰਕੇ ਪਾਲਣਾ ਕਰਨੀ ਚਾਹੀਦੀ ਹੈ।

ਇਕ ਐਸੀ ਕਥਾ ਆਉਂਦੀ ਹੈ ਕਿ ਮਹਾਰਾਜਾ ਯੁਧਿਸ਼ਟਰ ਦਾ ਯੁੱਧ ਕਰਨ ਨਾਲ ਹੋ ਰਿਹਾ ਸੀ। ਸਾਰੇ ਦਿਨ ਦੇ ਯੁੱਧ ਉਪਰੰਤ ਯੁਧਿਸ਼ਟਰ ਤੇ ਤਿੰਨੇ ਦੂਜੇ ਪਾਂਡਵ ਕਰਨ ਦਾ ਕੁਝ ਨਾ ਵਿਗਾੜ ਸਕੇ। ਰਾਤ ਨੂੰ ਯੁਧਿਸ਼ਟਰ ਨੇ ਅਰਜਨ ਦਾ ਬਲ ਵਧਾਉਣ ਲਈ ਬਹੁਤ ਹੀ ਕੌੜੇ ਅਤੇ ਮਾੜੇ ਬਚਨ ਕਹੇ। ਹੇ ਅਰਜਨ! ਤੇਰੇ ਗਾਂਡੀਵ ਧਨੁਸ਼, ਬਾਹੂ ਬਲ, ਕੇਸਰੀ ਝੰਡਾ, ਹਨੂਮਾਨ ਵਰਗਾ ਅਤੇ ਅਗਨੀਦਤ ਰੱਥ ਨੂੰ ਬਾਰ-ਬਾਰ ਧਿਰਕਾਰ ਹੈ। ਤੂੰ ਆਪਣੇ ਗਾਂਡੀਵ ਧਨੁਸ਼ ਨੂੰ, ਜੋ ਤੇਰੇ ਤੋਂ ਬਲਵਾਨ ਹੋਣ ਦਾ ਦਾਵਾ ਕਰੇ, ਉਸ ਮਿੱਤਰ ਰਾਜੇ ਨੂੰ ਸੌਂਪ ਦੇ, ਕਿਉਂਕਿ ਉਹ ਤੇਰੇ ਤੋਂ ਬਹੁਤ ਬਲਵਾਨ ਹੈ, ਉਸਨੂੰ ਉਹ ਮਾਰ ਦੇਵੇਗਾ। ਅਰਜਨ ਨੇ ਪ੍ਰਤਿਗਿਆ ਕੀਤੀ ਸੀ ਕਿ ਜੋ ਕੋਈ ਮੇਰੇ ਧਨੁਸ਼ ਬਾਣ ਨੂੰ ਨਿੰਦੇਗਾ ਤਾਂ ਮੈਂ ਉਸ ਨੂੰ ਮਾਰ ਦੇਵਾਂਗਾ। ਇਸ ਲਈ ਉਸ ਨੇ ਆਪਣੀ ਪ੍ਰਤਿਗਿਆ ਦਾ ਪਾਲਣ ਕਰਦੇ ਹੋਏ ਯੁਧਿਸ਼ਟਰ ਦਾ ਬੱਧ ਕਰਨ ਦੇ ਲਈ ਆਪਣੀ ਤਲਵਾਰ ਖਿੱਚ ਲਈ। ਉਸ ਸਮੇਂ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਅਰਜਨ! ਤੂੰ ਕੇਵਲ ਸ਼ਬਦ ਦੇ ਸਥੂਲ ਰੂਪ ਨੂੰ ਦੇਖ ਰਿਹਾ ਹੈਂ, ਤੂੰ ਉਸ ਦੇ ਸੂਖਸ਼ਮ ਸਰੂਪ ਅਰਥ ਨੂੰ ਨਹੀਂ ਦੇਖ ਰਿਹਾ। ਤੇਰੀ ਪ੍ਰਤਿਗਿਆ ਕੇਵਲ ਗਾਂਡੀਵ ਧਨੁਸ਼ ਨੂੰ ਧਿਰਕਾਰਨ ਵਾਲੇ ਦਾ ਬੱਧ ਕਰਨ ਦੀ ਸੀ ਅਤੇ ਧਿਰਕਾਰਨਾ ਅਪਮਾਨ ਦੇ ਲਈ ਦ੍ਵੈਸ਼ ਭਾਵ ਨਾਲ ਹੁੰਦਾ ਹੈ। ਪਰ ਯੁਧਿਸ਼ਟਰ ਨੇ ਗਾਂਡੀਵ ਧਨੁਸ਼ ਦੀ ਪ੍ਰਸੰਸਾ ਅਤੇ ਮਾਨ ਵਧਾਉਣ ਲਈ ਪ੍ਰੇਮ ਭਾਵ ਨਾਲ ਤੈਨੂੰ ਉਤੇਜਿਤ ਕਰਕੇ ਕਰਣ ਦਾ ਮੁਕਾਬਲਾ ਕਰਨ ਦੇ ਲਈ ਇਹ ਸ਼ਬਦ ਕਹੇ ਹਨ। ਉਸ ਵਕਤ ਯੁਧਿਸ਼ਟਰ ਆਪਣੇ ਸ਼ਬਦਾਂ ਰਾਹੀਂ ਪ੍ਰਤੱਖ ਰੂਪ ਵਿਚ ਅਰਜਨ ਦਾ ਨਿਰਾਦਰ ਕਰ ਰਿਹਾ ਸੀ ਪਰ ਸੂਖਸ਼ਮ ਰੂਪ ਵਿਚ ਅਰਜਨ ਨੂੰ ਉਚਾ ਕਰ ਰਿਹਾ ਸੀ ਕਿਉਂਕਿ ਉਸ ਨੂੰ ਗਾਂਡੀਵ ਧਨੁਸ਼ ਅਰਜਨ ਦੇ ਬਾਹੂਬਲ ਉਤੇ ਪੂਰੀ ਆਸ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਅਰਜਨ! ਯੁਧਿਸ਼ਟਰ ਗਿਆਨੀ ਹੈ, ਸਰੀਰ ਉਸ ਲਈ ਕੱਪੜੇ ਦੇ ਸਮਾਨ ਹੈ, ਉਸ ਸਰੀਰ ਨੂੰ ਜੇ ਤੂੰ ਮਾਰ ਦੇਵੇਂਗਾ ਤਾਂ ਉਹ ਮਰਦਾ ਨਹੀਂ ਕਿਉਂਕਿ ਗਿਆਨਵਾਨ ਪੁਰਸ਼ ਦੀ ਕਦੇ ਮ੍ਰਿਤੂ ਨਹੀਂ ਹੁੰਦੀ। ਸ੍ਰੇਸ਼ਟ ਪੁਰਸ਼ ਨੂੰ ਮਾਰਨ ਲਈ ਸਸ਼ਤਰ ਦੀ ਲੋੜ ਨਹੀਂ ਹੁੰਦੀ, ਕੇਵਲ ਬਾਣੀ ਨਾਲ ਹੀ ਉਸ ਦੀ ਮ੍ਰਿਤੂ ਹੋ ਜਾਂਦੀ ਹੈ।

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਉਸ ਨੇ ਤੇਰੇ ਧਨੁਸ਼ ਦੀ ਪ੍ਰਸੰਸਾ ਕੀਤੀ ਹੈ, ਤੇਰੇ ਬਲ ਦੀ ਪ੍ਰਸੰਸਾ ਕੀਤੀ ਹੈ ਲੇਕਿਨ ਕਹਿਣ ਦਾ ਢੰਗ ਜੋ ਸੀ ਉਹ ਹੋਰ ਤਰ੍ਹਾਂ ਦਾ ਸੀ। ਯੁਧਿਸ਼ਟਰ ਦੇ ਕਹਿਣ ਦਾ ਕਾਰਣ ਇਹ ਸੀ ਕਿ ਉਹ ਕਰਣ ਨਾਲ ਯੁੱਧ ਕਰਦਾ ਪੂਰੀ ਤਰ੍ਹਾਂ ਥਕ ਚੁਕਿਆ ਸੀ, ਅਤਿ ਦੁਖ ਦੇ ਨਾਲ ਯੁਧਿਸ਼ਟਰ ਨੇ ਰੋਸ ਦੇ ਅਧੀਨ ਹੋ ਕੇ ਇਹ ਬਚਨ ਅਰਜਨ ਨੂੰ ਕਹੇ ਸੀ। ਸੋ ਇਹ ਸਤਿ ਤੇ ਅਸਤਿ ਬਚਨਾਂ ਵਿਚ ਵੀ ਭੇਦ ਹੋਇਆ ਕਰਦਾ ਹੈ। ਜਿਹੜੇ ਬਚਨ ਦੂਸਰੇ ਦਾ ਨੁਕਸਾਨ ਕਰਨ, ਉਸ ਦੀ ਬੇਇਜ਼ਤੀ ਦਾ ਕਾਰਨ ਬਣਨ, ਉਹ ਕਹਿਣੇ ਸ੍ਰੇਸ਼ਟ ਨਹੀਂ ਹਨ। ਗੁਰੂ ਘਰ ਦਾ ਨਿਯਮ ਹੈ ਕਿ ਬੇਗਾਨੇ ਔਗੁਣਾਂ ਨੂੰ ਦੇਖ ਕੇ ਵੀ ਅਣਡਿੱਠ ਕਰ ਦੇਵੋ।

ਸੋ ਵਿਚਾਰ ਇਹ ਹੈ ਕਿ ਸੱਚ ਬੋਲਣਾ ਤਾਂ ਚੰਗਾ ਹੈ ਪਰ ਸੱਚ ਬੋਲ ਕੇ ਕਿਸੇ ਦਾ ਹਿਰਦਾ ਦੁਖਿਤ ਕਰ ਦੇਣਾ ਇਹ ਵੀ ਹਿੰਸਾ ਹੋਇਆ ਕਰਦੀ ਹੈ। ਜਿਹੜਾ ਭੁੱਖ ਦਾ ਮਾਰਿਆ ਹੋਇਆ ਕਿਸੇ ਦੀ ਚੀਜ਼ ਚੁੱਕ ਕੇ ਆਪਣਾ ਪੇਟ ਭਰ ਲੈਂਦਾ ਹੈ, ਉਹ ਐਨਾ ਪਾਪੀ ਨਹੀਂ ਹੈ। ਜਿਹੜਾ ਸਮਾਜਿਕ ਨਿਯਮਾਂ ਦੀ ਪਾਲਣਾ ਨਾ ਕਰਦਾ ਹੋਇਆ ਦੂਸਰਿਆਂ ਦੇ ਅਧਿਕਾਰਾਂ ਤੇ ਛਾਪੇ ਮਾਰਦਾ ਹੈ, ਉਹ ਪਾਪੀ ਹੈ।

ਕਈ ਵਾਰੀ ਆਪਣੇ ਆਪ ਨੂੰ ਉਚ ਪੁਰਸ਼ ਕਹਾਉਣ ਵਾਲੇ, ਉਚੀਆਂ ਜਾਤਾਂ ਨਾਲ ਸਬੰਧ ਰੱਖਣ ਵਾਲੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਸਮਝ ਕੇ ਛੋਟੀਆਂ ਜਾਤਾਂ ਵਾਲਿਆਂ ਨਾਲ ਨਫਰਤ ਕਰਦੇ ਹਨ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਖੋਹ ਲੈਂਦੇ ਹਨ, ਇਹ ਉਸ ਚੋਰੀ ਕਰਕੇ ਰੋਟੀ ਖਾਣ ਨਾਲੋਂ ਬੁਰਾ ਕਰਮ ਹੈ।

ਇਸੇ ਤਰ੍ਹਾਂ ਅਤਿਆਚਾਰੀ ਰਾਜਾ ਜੋ ਪ੍ਰਜਾ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਨਾਗਰਿਕ ਅਧਿਕਾਰਾਂ ਦਾ ਹਰਣ ਕਰਦਾ ਹੈ, ਲੋਭੀ ਜ਼ਿੰਮੀਦਾਰ ਜੋ ਗਰੀਬ ਕਿਸਾਨਾਂ ਤੋਂ ਅਤਿਆਚਾਰ ਦੁਆਰਾ ਧਨ ਪ੍ਰਾਪਤ ਕਰਦੇ ਹਨ,


Sri Satguru Jagjit Singh Ji eLibrary NamdhariElibrary@gmail.com

ਫੈਕਟਰੀਆਂ ਦੇ ਲੋਭੀ ਮਾਲਕ ਜੋ ਮਜ਼ਦੂਰਾਂ ਨੂੰ ਉਨ੍ਹਾਂ ਦੀ ਪੂਰੀ ਮਜ਼ਦੂਰੀ ਨਾ ਦੇ ਕੇ ਸਭ ਨਫਾ ਆਪਣੇ ਕੋਲ ਰੱਖ ਲੈਂਦੇ ਹਨ, ਧੋਖੇਬਾਜ਼ ਵਪਾਰੀ ਜੋ ਵਸਤੂਆਂ ਵਿਚ ਮਿਲਾਵਟ ਕਰਕੇ ਧੋਖਾ ਦੇ ਕੇ ਅਧਿਕ ਲਾਭ ਕਮਾਉਣਾ ਚਾਹੁੰਦੇ ਹਨ, ਰਿਸ਼ਵਤ ਖੋਰ ਸਾਸ਼ਕ, ਲੋਭ ਕਰਨ ਵਾਲਾ ਵਕੀਲ, ਲੋਭੀ ਵੈਦ ਇਹ ਆਪਣੇ ਲਾਭ ਵਾਸਤੇ ਦੂਸਰਿਆਂ ਦਾ ਨੁਕਸਾਨ ਕਰ ਦਿੰਦੇ ਹਨ, ਇਨ੍ਹਾਂ ਦਾ ਪਾਪ ਵੀ ਬਹੁਤ ਵੱਡਾ ਹੈ। ਇਸ ਕਰਕੇ ਜੋ ਯਮ ਤੇ ਨਿਯਮ ਹਨ, ਇਨ੍ਹਾਂ ਦੇ ਅੱਖਰ ਮਾਤਰ ਅਰਥ ਸਮਝ ਕੇ ਗਲਤ ਨਤੀਜੇ ਕੱਢ ਲੈਣੇ ਕੋਈ ਠੀਕ ਰਵੱਯਾ ਨਹੀਂ ਹੈ। ਇਨ੍ਹਾਂ ਦੇ ਪੂਰੇ ਭਾਵਾਂ ਨੂੰ ਸਮਝ ਕੇ ਇਨ੍ਹਾਂ ਤੋਂ ਹੋਣ ਵਾਲੇ ਰੂਹਾਨੀ ਲਾਭ ਨੂੰ ਵਿਚਾਰ ਕੇ ਇਕ ਦਮ ਰੱਦ ਨਹੀਂ ਕਰ ਦੇਣਾ ਚਾਹੀਦਾ। ਸਾਰੇ ਮਹਾਂਪੁਰਸ਼ਾਂ ਦਾ ਇਹ ਵਿਚਾਰ ਹੈ ਕਿ ਜਿੰਨੀ ਦੇਰ ਤਕ ਇਕਾਗਰਤਾ ਦੇ ਨਾਲ ਬਹਿਰੰਗ ਤੇ ਅੰਤਰੰਗ ਸਤਿਸੰਗ ਨਹੀਂ ਕਰਦਾ, ਓਨੀਂ ਦੇਰ ਤਕ ਰੂਹਾਨੀ ਮਾਰਗ ਤੇ ਕੋਈ ਤਰੱਕੀ ਨਹੀਂ ਹੁੰਦੀ। ਕਈ ਵਾਰੀ ਅਸੀਂ ਜਦੋਂ ਸਾਧਕ ਦੀ ਸਹਾਇਤਾ ਲਈ ਬ੍ਹਮਚਰੀਆ ਦਾ ਜ਼ਿਕਰ ਕਰਦੇ ਹਾਂ, ਕਈ ਪ੍ਰੇਮੀ ਇਤਰਾਜ਼ ਕਰਦੇ ਹਨ ਕਿ ਗੁਰੂ ਮਹਾਰਾਜ ਨੇ ਤਾਂ ਕਿਹਾ ਨਹੀਂ ਪਰ ਅਸੀਂ ਗੁਰੂ ਮਹਾਰਾਜ ਦੇ ਆਸ਼ੇ ਨੂੰ ਸਮਝ ਨਹੀਂ ਸਕੇ ਕਿ ਉਨ੍ਹਾਂ ਨੇ ਤਾਂ ਬਹੁਤ ਹੀ ਤਾਕੀਦ ਕੀਤੀ ਹੋਈ ਹੈ। ਬ੍ਹਮਚਰੀਆ ਕੋਈ ਕ੍ਰਿਆਕਰਮ ਨਹੀਂ ਹੈ ਇਹ ਸਰੀਰ ਦੀ ਤੰਦਰੁਸਤੀ ਵਾਸਤੇ ਬਹੁਤ ਹੀ ਆਵਸ਼ਕ ਹੈ। ਵੈਦਾਂ ਦਾ ਇਹ ਵਿਚਾਰ ਹੈ ਕਿ ਜੇ ਕੋਈ 25 ਸਾਲ ਤਕ ਅਖੰਡ ਬ੍ਹਮਚਾਰੀ ਰਹਿਣ ਤੋਂ ਬਾਅਦ ਗ੍ਰਿਹਿਸਤ ਆਸ਼ਰਮ ਵਿਚ ਪ੍ਰਵੇਸ਼ ਕਰਕੇ ਸਾਸ਼ਤਰ ਅਨੁਸਾਰ ਕੇਵਲ ਸੰਤਾਨ ਉਤਪਤੀ ਦੇ ਲਈ ਰਿਤੂ ਸਮੇਂ ਤੇ ਇਸਤ੍ਰੀ ਨਾਲ ਸੰਯੋਗ ਕਰਦਾ ਹੈ ਤਾਂ ਉਸ ਦਾ ਬ੍ਹਮਚਰੀਆ ਨਹੀਂ ਟੁਟਦਾ ਅਰਥਾਤ ਗ੍ਰਿਹਿਸਤ ਆਸ਼ਰਮ ਵਿਚ ਰਹਿੰਦੇ ਹੋਏ ਭੀ ਬ੍ਹਮਚਰੀਆ ਦਾ ਪਾਲਨ ਹੋ ਸਕਦਾ ਹੈ। ਉਹ ਸਰੀਰ ਨੂੰ ਬੇਅੰਤ ਬਿਮਾਰੀਆਂ ਤੋਂ ਬਚਾ ਕੇ ਰਖਦਾ ਹੈ।

ਐਸੇ ਮਤ ਹੈ ਕਿ ਇਕ ਸੇਰ ਅਨਾਜ ਆਦਿ ਦੇ ਭੋਜਨ ਖਾਣ ਨਾਲ ਇਕ ਕਤਰਾ ਖੂਨ ਪ੍ਰਾਪਤ ਹੋਇਆ ਕਰਦਾ ਹੈ। 100% ਖੂਨ ਦੇ ਵਿਚੋਂ 1% ਮਿੱਝ ਹੋਇਆ ਕਰਦੀ ਹੈ 100% ਮਿੱਝ ਤੋਂ 10% ਵੀਰਜ ਪ੍ਰਾਪਤ ਹੁੰਦਾ ਹੈ ਅਤੇ 100% ਵੀਰਜ ਤੋਂ 1% ਓਝ ਬਣਦਾ ਹੈ ਜੋ ਸਰੀਰ ਨੂੰ ਅਰੋਗ ਅਤੇ ਦ੍ਰਿੜ੍ਹਤਾ ਪ੍ਰਾਪਤ ਕਰਨ ਵਾਲਾ ਬਣਾਉਂਦਾ ਹੈ। ਇਸ ਤਰ੍ਹਾਂ ਉਸ ਅੰਦਰ ਦਿਬਜ ਪ੍ਰਕਾਸ਼ ਪੈਦਾ ਹੋ ਜਾਂਦਾ ਹੈ। ਗੁਰੂ ਘਰ ਦੇ ਅੰਦਰ ਪਾਗਲ ਹੋ ਕੇ ਭੋਗਾਂ ਵਿਚ ਪ੍ਰਵੇਸ਼ ਹੋਣ ਲਈ ਕੋਈ ਥਾਂ ਨਹੀਂ ਮਿਲਦਾ, ਇਸ ਦੀ ਥਾਂ ਸੰਜਮ ਤੇ ਵਿਚਾਰ ਨਾਲ ਚਲਣਾ ਚਾਹੀਦਾ ਹੈ।

ਪ੍ਰਾਚੀਨ ਇਤਿਹਾਸ ਵਿਚ ਇਕ ਐਸੀ ਮਿਸਾਲ ਆਉਂਦੀ ਹੈ ਕਿ ਯੂਨਾਨ ਦੇ ਬਾਦਸ਼ਾਹ ਨੇ ਸਪਾਰਟਾ ਦੇਸ਼ ਉਤੇ ਹੱਲਾ ਕੀਤਾ। ਥਰਮਪਲੀ ਦੇ ਯੁੱਧ ਵਿਚ ਇਰਾਨੀ ਆਕਰਮਣਕਾਰੀ ਸਮਰਾਟ ਜੈਰਕਸੀਜ਼ ਦੇ ਤਿੰਨ ਲੱਖ ਸੈਨਿਕਾਂ ਨੂੰ ਕੇਵਲ ਤਿੰਨ ਸੌ ਸਪਾਰਟਾ ਦੇ ਵੀਰ ਬ੍ਹਮਚਾਰੀਆਂ, ਜਿਨ੍ਹਾਂ ਨੇ ਸਮੁੱਚੇ ਤੌਰ ਤੇ ਬ੍ਹਮਚਰੀਆ ਵਰਤ ਦਾ ਪਾਲਣ ਕੀਤਾ ਹੋਇਆ ਸੀ, ਨੇ ਹਾਰ ਦਿਤੀ। ਉਨ੍ਹਾਂ ਦੀ ਸ਼ਕਤੀ ਨੂੰ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਸੀ, ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਅੱਗੇ ਵਧਣ ਤੋਂ ਰੋਕ ਕੇ ਸਾਰੇ ਯੂਨਾਨ ਦੀ ਸਵਤੰਤਰਤਾ ਨੂੰ ਸਥਿਰ ਰੱਖਿਆ ਸੀ।

ਇਸੇ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਜੀ ਤੋਂ ਪਿਛੋਂ ਸਿੰਘਾਂ ਉਪਰ ਸੰਕਟ ਦੀ ਘੜੀ ਆਈ ਤਾਂ ਉਨ੍ਹਾਂ ਨੇ ਆਪਣੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖ ਕੇ, ਆਤਮਕ ਬਲ ਅਤੇ ਨਿਰਭੈਤਾ ਦੇ ਨਾਲ ਆਪਣੀ ਹੋਂਦ ਨੂੰ ਮਿਟਣ ਨਾ ਦਿਤਾ। ਭਾਵੇਂ ਉਨ੍ਹਾਂ ਦੇ ਬੱਚਿਆਂ ਨੂੰ ਕੋਹ ਕੋਹ ਕੇ ਮਾਰਿਆ ਜਾ ਰਿਹਾ ਸੀ, ਆਰਿਆਂ ਨਾਲ ਚੀਰਿਆ ਜਾ ਰਿਹਾ ਸੀ, ਅਨੇਕਾਂ ਤਰ੍ਹਾਂ ਤਸੀਹੇ ਦਿਤੇ ਜਾ ਰਹੇ ਸਨ, ਪਰ ਉਨ੍ਹਾਂ ਨੇ ਆਪਣੀ ਆਤਮਕ ਪ੍ਰਾਪਤੀ ਦੇ ਬਲ ਨਾਲ ਆਪਣੀ ਹੋਂਦ ਨੂੰ ਕਾਇਮ ਰੱਖਿਆ। ਉਹ ਪੂਰੇ ਜਪੀ ਤਪੀ ਸਨ।

ਗੁਰੂ ਮਹਾਰਾਜ ਇਥੇ ਇਕ ਰਸਤਾ ਦਸਦੇ ਹਨ – ਪ੍ਰਮੇਸ਼ਵਰ ਨੂੰ ਪ੍ਰਾਪਤ ਕਰਨ ਦਾ। ਗੁਰਮਤਿ ਵਿਚ ਯਮ ਨਿਯਮ ਬਾਰੇ ਬਹੁਤ ਦੱਸਿਆ ਹੈ ਜਿਨ੍ਹਾਂ ਨੂੰ ਧਾਰਨ ਕਰਨਾ ਗੁਰੂ ਦੇ ਸ਼ਬਦ ਨੂੰ ਕਮਾਉਣਾ ਕਿਹਾ ਜਾਂਦਾ ਹੈ। ਉਸ ਦੀ ਕਮਾਈ ਕਰਕੇ ਹੀ ਅਸੀਂ ਅੰਦਰ ਅੰਤਰੰਗ ਸਾਧਨਾ ਰਾਹੀਂ ਆਤਮ ਦੇਸ਼ ਵਿਚ ਪਹੁੰਚ ਸਕਦੇ ਹਾਂ। ਗੁਰੂ ਮਹਾਰਾਜ ਜੀ ਨੇ ਸਮੁੱਚੇ ਤੌਰ ਤੇ ਕਹਿ ਦਿਤਾ –

***ਵਿਣੁ ਗੁਣ ਕੀਤੇ ਭਗਤਿ ਨ ਹੋਇ॥*** ***ਪੰਨਾ – 4***

ਜਿੰਨਾਂ ਚਿਰ ਆਤਮਕ ਗੁਣ ਪੈਦਾ ਨਹੀਂ ਹੁੰਦੇ, ਓਨਾਂ ਚਿਰ ਭਗਤੀ ਨਹੀਂ ਕਰ ਸਕਿਆ ਕਰਦਾ। ਗੁਰੂ ਨਾਨਕ ਪਾਤਸ਼ਾਹ ਜੀ ਨੇ ਰਾਜੇ ਸ਼ਿਵਨਾਭ ਨੂੰ ਦੱਸਿਆ ਕਿ ਰਾਜਨ! ਯੋਗ ਦਾ ਤੀਸਰਾ ਅੰਗ ਆਸਣ ਹੋਇਆ ਕਰਦਾ ਹੈ।

**ਆਸਣ** – ਜਿਸ ਰੀਤ ਨਾਲ ਬਗੈਰ ਹਿੱਲੇ ਜੁਲੇ ਤੋਂ ਦ੍ਰਿੜ੍ਹ ਇਰਾਦੇ ਨਾਲ ਸੁਖ ਨਾਲ ਲੰਮੇ ਸਮੇਂ ਲਈ ਆਪਣੀ ਸੁਰਤ ਰਾਹੀਂ ਅੰਦਰ ਵਿਚਾਰ ਕਰਨ ਵੇਲੇ ਕੋਈ ਵਿਖਸ਼ੇਪਤਾ ਨਾ ਹੋਵੇ, ਉਹ ਆਸਣ ਹੋਇਆ ਕਰਦਾ ਹੈ। ਆਸਣ ਬਹੁਤ ਕਿਸਮ ਦੇ ਹਨ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਨੂੰ ਸਿੱਧਾਂ ਦੇ ਆਸਣ ਵੀ ਗਿਣਿਆ ਹੈ, ਚੌਰਸੀਆ ਵੀ ਗਿਣਿਆ ਹੈ ਪਰ ਇਨ੍ਹਾਂ ਆਸਣਾਂ ਵਿਚੋਂ ਸਿੱਧ ਤੇ ਪਦਮ ਆਸਣ ਭਜਨ ਕਰਨ ਲਈ ਸ੍ਰੇਸ਼ਟ ਹੋਇਆ ਕਰਦੇ ਹਨ। ਇਨ੍ਹਾਂ ਨੂੰ ਜਾਨਣ ਲਈ ਹੱਠ ਯੋਗ ਦੀਆਂ ਪੁਸਤਕਾਂ ਵਿਚੋਂ ਹੱਠ ਯੋਗ ਦੇ ਸਾਧਨ ਕਰਨੇ ਪੈਂਦੇ ਹਨ। ਸਾਧਾਰਣ ਆਸਣ ਇਹ ਹੈ ਕਿ ਕਿਸੇ ਨਰਮ ਥਾਂ ਤੇ ਬੈਠੋ, ਚੌਕੜਾ ਮਾਰ ਕੇ ਗਰਦਨ ਤੇ ਰੀੜ੍ਹ ਦੀ ਹੱਡੀ ਨੂੰ ਇਕ ਲਾਈਨ ਤੇ 90 ਦਰਜੇ ਤੇ ਸਿੱਧਾ ਕਰੋ। ਜਦੋਂ ਬੈਠ ਗਏ ਉਸ ਵੇਲੇ ਸਰੀਰ ਦੇ ਹਰ ਅੰਗ ਨੂੰ ਢਿੱਲਾ ਕਰਦੇ ਜਾਓ। ਸਿਰ ਨੂੰ ਢਿੱਲਾ ਕਰੋ, ਜੋ ਦਿਮਾਗ ਵਿਚ tension ਹੈ, ਖਿੱਚ ਖਿਚਾਵ ਹੈ ਉਸ ਨੂੰ ਬਾਹਰ ਕੱਢੋ। ਉਸ ਤੋਂ ਬਾਅਦ ਗੱਲ੍ਹਾਂ ਨੂੰ ਢਿੱਲਾ ਕਰੋ, ਜਬਾੜਿਆਂ ਨੂੰ, ਗਰਦਨ ਨੂੰ, ਮੋਢਿਆਂ ਨੂੰ, ਬਾਹਵਾਂ ਨੂੰ, ਗੋਡਿਆਂ ਨੂੰ, ਗਿੱਟਿਆਂ ਨੂੰ, ਪੈਰਾਂ ਦੀਆਂ ਆਖਰੀ ਉਂਗਲੀਆਂ ਤਕ ਢਿੱਲਾ ਛੱਡ ਦਿਓ ਪਰ ਧਿਆਨ ਇਹ ਰਖਣਾ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਰੀੜ੍ਹ ਦੀ ਹੱਡੀ ਤੇ ਗਰਦਨ ਵਿਚ ਜੋ ਸਿਧਾਈ ਹੈ ਉਸ ਤੇ ਫਰਕ ਨਾ ਪਵੇ। ਸਾਧਾਰਣ ਤੌਰ ਤੇ ਚੌਂਕੜਾ ਮਾਰ ਕੇ ਜਦੋਂ ਅਸੀਂ ਬੈਠਦੇ ਹਾਂ ਤਾਂ ਸਰੀਰ ਢਿੱਲਾ ਕਰਕੇ ਦੋਹਾਂ ਗੋਡਿਆਂ ਤੇ ਆਪਣੇ ਹੱਥ ਲੈ ਜਾਓ, ਅਗੂੰਠੇ ਨੂੰ ਚੀਚੀ ਨਾਲ ਸੰਪਰਕ ਕਰਕੇ ਆਪਣੇ ਸਾਹ ਵਲ ਧਿਆਨ ਦੇਵੋ ਜਿਸ ਤਰ੍ਹਾਂ ਮਹਾਂਪੁਰਸ਼ਾਂ ਨੇ ਦੱਸਿਆ ਹੋਇਆ ਹੈ, ਉਸੇ ਤਰੀਕੇ ਨਾਲ ਸ਼ਬਦ ਦੀ ਆਰਾਧਨਾ ਕਰੋ ਅਤੇ ਓਨੀਂ ਦੇਰ ਤਕ ਬੈਠੋ, ਜਿੰਨੀ ਦੇਰ ਤਕ ਸਰੀਰ ਕੋਈ ਖੇਦ ਨਹੀਂ ਮੰਨਦਾ।

ਐਸਾ ਗ੍ਰੰਥਾਂ ਵਿਚ ਆਉਂਦਾ ਹੈ ਕਿ –

***ਚੌਥੇ ਅੰਗ ਯੋਗ ਕਾ ਆਸਨ।***
***ਬੇਦ ਜੁਗੀਸ਼ਰ ਕਰਿਹੀਂ ਭਾਸ਼ਨ।***
***ਜੇਤੇ ਜੀਵ ਜਗਤ ਮਹਿੰ ਜਾਨਹੁ।***
***ਆਸਨ ਤੇਤੇ ਹੀ ਪਰਮਾਨਹੁ॥ ੬੦॥***
***ਤਿਨ ਤੇ ਯੁਗਮ ਸ਼ਿਰੋਮਣ ਬੀਨੇ।***
***ਮਹਾਂਪੁਰਖ ਹਿਤ ਕਰਿ ਸੋ ਲੀਨੇ।***
***ਸਿੱਧ ਆਸਨ, ਪਦਮਾਸਨ ਦੋਊ।***
***ਤਿਨਹਿੰ ਜਿ ਲੱਛਨ ਸੁਨਿਯੇ ਸੋਊ॥ ੬੧॥***
***ਛਿਤਿ ਕਛੁ ਖੋਦ ਮ੍ਰਿਦੁਲ ਤ੍ਰਿਣ ਪਾਏ।***
***ਬੈਸਹਿ ਪੁਨ ਪਟ ਬਿਮਲ ਬਿਛਾਏ।***
***ਹ੍ਵੈ ਪਾਵਨ, ਨਹਿੰ ਅੰਗ ਡੁਲਾਏ।***
***ਬਾਮ ਪੈਰ ਸੌਂ ਗੁਦਾ ਦਬਾਏ॥ ੬॥***
***ਦੋਹਰਾ॥ ਇੰਦ੍ਰੀ ਪਰ ਦਹਿਨ ਧਰੈ,***
***ਅੱਗ੍ਰ ਨਾਸਕਾ ਧਯਾਨ॥***
***ਸਿੱਧਿ ਆਸਨ – ਇਹਕੋ ਭਨੈ, ਯੋਗੀ ਕਰਤਿ ਸਜਾਨ॥ ੬੩॥***
***ਚੌਪਈ॥ ਦਾਏਂ ਪਗ ਪਰ ਧਰਿ ਕਰਿ ਬਾਂਵਾਂ।***
***ਬਾਵੇਂ ਪਰ ਕਰ ਦਹਿਨ ਟਿਕਾਵਾ।***
***ਦੋਨੋ ਭੁਜਾ ਕੰਡ ਕਰਿ ਪਾਛੇ।***
***ਗਹੇ ਅੰਗੂਠੇ ਪਗ ਦਿਢ ਆਛੇ॥ ੬੪॥***
***ਭ੍ਰੂ ਕੋ ਕਿਧੌਂ ਨਾਸਕਾ ਧਯਾਨਾ।***
***ਕਰਿ ਬੈਸੇ ਪਦਮਾਸਨ ਜਾਨਾ।***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 534***

**ਪ੍ਰਾਣਾਯਾਮ** – ਇਸ ਮਾਰਗ ਦਾ ਚੌਥਾ ਅੰਗ ਪ੍ਰਾਣਾਯਾਮ ਹੈ, ਜੋ ਸਰੀਰ ਅੰਦਰਲੀਆਂ ਤਿੰਨ ਨਾੜੀਆਂ ਰਾਹੀਂ ਕੀਤਾ ਜਾਂਦਾ ਹੈ – ਇਕ ਦਾ ਨਾਂ ਇੜਾ ਹੈ, ਦੂਜੀ ਦਾ ਨਾਮ ਪਿੰਗਲਾ ਹੈ, ਤੀਸਰੀ ਦਾ ਨਾਮ ਸੁਖਮਨਾ ਹੈ। ਪ੍ਰਾਣਾਯਾਮ ਕਰਨ ਲਈ ਇਕਾਂਤ ਥਾਂ ਦੀ ਜ਼ਰੂਰਤ ਹੈ ਜਿਸ ਥਾਂ ਕੋਈ ਵਿਘਨ ਨਾ ਪਵੇ, ਥਾਂ ਸੁਥਰਾ ਹੋਵੇ, ਕੋਈ ਰੌਲੇ ਗੌਲੇ ਦੀ ਆਵਾਜ਼ ਨਾ ਸੁਣਦੀ ਹੋਵੇ, ਹਵਾਦਾਰ ਥਾਂ ਦੀ ਬਹੁਤ ਜ਼ਰੂਰਤ ਹੈ, ਹਵਾ ਵੀ ਸਹਿਜ ਨਾਲ ਚਲਦੀ ਹੋਵੇ। ਮੱਖੀ, ਮੱਛਰ, ਹੋਰ ਜੀਵ ਜੰਤੂਆਂ ਦੀ ਪਹੁੰਚ ਤੋਂ ਦੂਰ ਹੋਵੇ, ਨਾ ਹੀ ਹਵਾ ਦਾ ਵੇਗ ਬਹੁਤ ਤਿੱਖਾ ਹੋਵੇ, ਨਾ ਹੀ ਬਹੁਤ ਧੀਮਾ ਹੋਵੇ। ਐਸੇ ਥਾਂ ਦੀ ਚੋਣ ਕਰਨ ਲਈ ਘਰ ਵਿਚ ਵੀ ਕੋਈ ਚੰਗਾ ਸੁਥਰਾ ਥਾਂ ਇਸ ਮਤਲਬ ਲਈ ਚੁਣਿਆ ਜਾ ਸਕਦਾ ਹੈ ਅਤੇ ਬਾਹਰ ਵੀ ਕੋਈ ਸੁਥਰੀ ਥਾਂ ਹੋਵੇ, ਕੋਈ ਬਾਗ ਹੋਵੇ, ਕੋਈ ਸੰਘਣਾ ਛਾਂ ਦਾਰ ਥਾਂ ਹੋਵੇ ਜਿਵੇਂ ਕੋਈ ਬੋਹੜ, ਪਿੱਪਲ ਆਦਿ ਦਾ ਦਰੱਖਤ ਹੁੰਦਾ ਹੈ। ਉਸ ਦੇ ਹੇਠਾਂ ਚੌਂਤਰਾ ਬਣਾ ਕੇ ਬੈਠਿਆ ਜਾ ਸਕਦਾ ਹੈ। ਉਨ੍ਹਾਂ ਦਰੱਖਤਾਂ ਦੇ ਹੇਠਾਂ ਨਾ ਬੈਠਿਆ ਜਾਵੇ ਜਿਥੇ ਕੀੜੇ ਮਕੌੜੇ ਗਿਰਦੇ ਹੋਣ, ਜਿਨ੍ਹਾਂ ਦਰਖਤਾਂ ਤੇ ਫਲ ਆਦਿ ਲਗਦੇ ਹੋਣ ਜਿਵੇਂ ਨਿੰਮ ਦੇ ਦਰੱਖਤ ਤੋਂ ਨਿੰਬੋਲੀਆਂ ਆਦਿ ਗਿਰਦੀਆਂ ਰਹਿੰਦੀਆਂ ਹਨ। ਬੇਰੀ ਦੇ ਦਰੱਖਤ ਨੂੰ ਵੀ ਚੰਗਾ ਗਿਣਿਆ ਗਿਆ ਹੈ ਕਿਉਂਕਿ ਕੰਡੇ ਹੋਣ ਕਰਕੇ ਪੰਛੀ ਘੱਟ ਬੈਠਦੇ ਹਨ, ਕਿਰਲੇ ਸੱਪ ਆਦਿ ਵੀ ਨਹੀਂ ਆਉਂਦੇ ਪਰ ਸਭ ਤੋਂ ਚੰਗਾ ਬੋਹੜ, ਪਿੱਪਲ ਆਦਿ ਦੇ ਦਰੱਖਤ ਨੂੰ ਗਿਣਿਆ ਗਿਆ ਹੈ। ਘਰ ਵਿਚ ਹੀ ਜੇ ਕੋਈ ਸੁਥਰੀ ਥਾਂ ਲੱਭ ਜਾਵੇ ਤਾਂ ਬਹੁਤ ਅੱਛਾ ਹੈ। ਪ੍ਰਾਣਾਯਾਮ ਕਰਨ ਲਈ ਬਾਹਰ ਤੋਂ ਸੁਰਤੀ ਨੂੰ ਪੂਰੀ ਤਰ੍ਹਾਂ ਟਿਕਾਵੇ। ਸੁਆਸ ਅੰਦਰ ਖਿੱਚਣ ਲਈ ਸੱਜੇ ਹੱਥ ਸੂਰਜ ਨਾੜੀ ਹੋਇਆ ਕਰਦੀ ਹੈ ਅਤੇ ਖੱਬੇ ਹੱਥ ਚੰਦਰਮਾ ਨਾੜੀ ਹੋਇਆ ਕਰਦੀ ਹੈ। ਸੱਜੇ ਪਾਸੇ ਦੀ ਨਾਸਿਕਾ ਰਾਹੀਂ ਸੁਆਸ ਖਿੱਚਣ ਨਾਲ ਕੁਛ ਗਰਮੀ ਦਾ ਅੰਸ਼ ਅੰਦਰ ਵੱਧ ਜਾਇਆ ਕਰਦਾ ਹੈ। ਇਸ ਕਰਕੇ ਖੱਬੀ ਨਾਸਿਕਾ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਸਾਡੇ ਸਰੀਰ ਵਿਚ ਪ੍ਰਾਣ ਆਪ ਮੁਹਾਰੇ ਚਲਦੇ ਹਨ। ਪ੍ਰਾਣ ਕੇਵਲ ਹਵਾ ਹੀ ਨਹੀਂ ਹੁੰਦੇ, ਇਸ ਵਿਚ ਸ਼ਕਤੀ ਵੀ ਹੋਇਆ ਕਰਦੀ ਹੈ, ਐਨਰਜੀ ਵੀ ਹੋਇਆ ਕਰਦੀ ਹੈ। ਇਸ ਸਰੀਰ ਵਿਚ ਪੰਜ ਪ੍ਰਾਣ ਹਨ – ਪ੍ਰਾਣ, ਅਪਾਨ, ਉਦਿਆਨ, ਬਿਆਨ, ਸਮਾਨ; ਇਨ੍ਹਾਂ ਵਿਚੋਂ 'ਪ੍ਰਾਣ' ਬਾਹਰੋਂ ਸਾਫ ਸੁਥਰੀ ਹਵਾ ਆਕਸੀਜਨ ਸਹਿਤ ਖਿੱਚ ਕੇ ਖੂਨ ਦੀ ਸਫਾਈ ਲਈ ਦਿੰਦਾ ਹੈ ਅਤੇ ਅੰਦਰੋਂ ਕਾਰਬਨ ਡਾਈਆਕਸਾਈਡ ਗੈਸ ਬਾਹਰ ਕੱਢਦਾ ਹੈ ਕਿਉਂਕਿ ਪ੍ਰਾਣ ਆਪ ਮੁਹਾਰੇ ਚਲਦੇ ਹਨ, ਇਨ੍ਹਾਂ ਨੂੰ ਸਹਿਜ ਵਿਚ ਲਿਆਉਣਾ ਪ੍ਰਾਣਾਯਾਮ ਦਾ ਕੰਮ ਹੋਇਆ ਕਰਦਾ ਹੈ। ਪ੍ਰਾਣਾਂ ਦੀ ਗਤੀ ਨੂੰ ਠਹਿਰਾਅ ਦੇਣਾ ਪ੍ਰਾਣਾਯਾਮ ਹੈ। ਵੇਦਾਂ ਨੇ ਸਰੀਰ ਵਿਚ ਬਹੱਤਰ ਕਰੋੜ, ਬਹੱਤਰ ਲੱਖ, ਦਸ ਹਜ਼ਾਰ, ਦੋ ਸੌ ਇਕ (72,72,10,201) ਨਾੜੀਆਂ ਦੱਸੀਆਂ ਹਨ। ਉਨ੍ਹਾਂ ਵਿਚੋਂ ਦਸ ਨਾੜੀਆਂ ਪ੍ਰਾਣਾਯਾਮ ਵਿਚ ਸਹਾਇਕ ਲਿਖੀਆਂ ਹਨ। ਆਮ ਤੌਰ ਤੇ ਤਿੰਨ ਨਾੜੀਆਂ – ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਵਿਸ਼ੇਸ਼ਤਾ ਦਿਤੀ ਜਾਂਦੀ ਹੈ। ਨੱਕ ਦੇ ਖੱਬੇ ਪਾਸੇ ਇੜਾ, ਸੱਜੇ ਪਾਸੇ ਪਿੰਗਲਾ ਨਾੜੀ ਅਤੇ ਦੋਨਾਂ ਦੇ ਵਿਚਾਲੇ ਦੀ ਨਾੜੀ ਨੂੰ ਸੁਖਮਨਾ ਨਾੜੀ ਕਹਿੰਦੇ ਹਨ। ਸੱਜੇ ਨੇਤਰ ਵਿਚ ਗੰਧਾਰੀ ਨਾੜੀ ਅਤੇ ਖੱਬੇ ਵਿਚ ਹਸਤਿ ਜਿਹਵਾ ਨਾੜੀ ਹੈ। ਸੱਜੇ ਕੰਨ ਵਿਚ ਪੂਸ਼ਾ ਨਾੜੀ ਅਤੇ ਖੱਬੇ ਵਿਚ ਪਜਸ੍ਵਿਨੀ ਨਾੜੀ ਹੈ, ਲਿੰਗ ਵਿਚ ਅਲੰਬਸਾ ਨਾੜੀ ਹੈ। ਗੁਦਾ ਵਿਚ ਲਕਵਾ ਨਾੜੀ ਹੈ, ਸੰਖਨੀ ਨਾੜੀ ਨਾਭੀ ਵਿਚ ਹੈ। ਪ੍ਰਾਣਾਯਾਮ ਦੇ ਕਠਿਨ ਪ੍ਰਕਾਰ ਬਹੁਤ ਹਨ ਪਰ ਅਸਲ ਵਿਚ ਚੰਦ੍ਰਾਂਗ ਅਤੇ ਸੂਰਯਾਂਗ ਪ੍ਰਾਣਾਯਾਮ ਭਜਨ ਬੰਦਗੀ ਵਾਸਤੇ ਸਹਾਈ ਹੁੰਦੇ ਹਨ। ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਇੜਾ ਦੇ ਰਸਤੇ ਜੋ ਖੱਬੇ ਪਾਸੇ ਹੁੰਦੀ ਹੈ, 16 ਵਾਰੀ 'ਓਅੰ' (ਵਾਹਿਗੁਰੂ) ਜਪ ਕਰਕੇ ਧੀਰੇ-ਧੀਰੇ ਪ੍ਰਾਣਾਂ ਨੂੰ ਅੰਦਰ ਖਿੱਚਣਾ ਜਿਸ ਨੂੰ ਪੂਰਕ ਕਹਿੰਦੇ ਹਨ। 64 ਵਾਰੀ ਓਅੰ ਜਪ ਕੇ, ਨਾਲ ਸੁਆਸਾਂ ਨੂੰ ਠਹਿਰਾਉਣਾ ਕੁੰਭਕ ਕਰਨਾ ਕਹਿੰਦੇ ਹਨ ਅਤੇ 32 ਵਾਰੀ ਅੰਦਰ ਜਪ

'ਆਤਮ ਮਾਰਗ', ਜਨਵਰੀ, 2001



Sri Satguru Jagjit Singh Ji eLibrary NamdhariElibrary@gmail.com

ਕਰਦੇ ਹੋਏ ਸ੍ਵਾਸ ਹੌਲੀ ਹੌਲੀ ਬਾਹਰ ਨੂੰ ਛੱਡਣੇ ਰੇਚਕ ਕਹਾਉਂਦਾ ਹੈ। ਦੂਸਰਾ ਸੂਰਯਾਂਗ ਪ੍ਰਾਣਾਯਾਮ ਪਿੰਗਲਾ ਦੇ ਰਸਤੇ ਚੰਦਰਾਂਗ ਦੇ ਦੱਸੇ ਅਨੁਸਾਰ ਪੂਰਕ ਪਿਛੋਂ ਕੁੰਭਕ ਕਰਕੇ ਇੜਾ ਦੁਆਰਾ ਛੱਡ ਦੇਣਾ। ਇਨ੍ਹਾਂ ਪ੍ਰਾਣਾਂ ਨੂੰ ਪ੍ਰਾਣ ਅਤੇ ਅਪਾਨ ਵਾਯੂ ਦੀ ਮਦਦ ਨਾਲ ਮੂਲਾਧਾਰ ਤੋਂ ਲੈ ਕੇ ਬ੍ਰਹਮਰੰਧਰ ਤਕ ਲੈ ਜਾਣਾ। ਮੂਲਧਾਰ ਚੱਕਰ ਤੋਂ ਲੈ ਕੇ ਬ੍ਰਹਮਰੰਧਰ ਤਕ ਬਹੁਤ ਹੀ ਚਮਕਦਾਰ ਸੁਖਮਨਾ ਨਾੜੀ ਰਹਿੰਦੀ ਹੈ। ਉਸ ਦੇ ਮੱਧ ਵਿਚ ਕ੍ਰੋੜਾਂ ਪ੍ਰਕਾਸ਼ਾਂ ਦੇ ਸਮਾਨ ਬਿਜਲੀ ਵਾਂਗ ਬਹੁਤ ਅਤਿ ਸੂਖਮ ਕੁੰਡਲਿਨੀ ਨਾਮ ਇਕ ਸ਼ਕਤੀ ਹੈ। ਐਸਾ ਯੋਗ ਕਰਨ ਵਾਲਿਆਂ ਦਾ ਵਿਚਾਰ ਹੈ ਕਿ ਕੁੰਡਲਨੀ ਦੇ ਦਰਸ਼ਨ ਮਾਤਰ ਨਾਲ ਹੀ ਪਾਪ ਅਤੇ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਪ੍ਰਾਣਾਯਾਮ ਦੇ ਬਲ ਕਰਕੇ ਭੁਜੰਗਾ ਨਾੜੀ ਜਿਸ ਵਿਚ ਸੁਖਮਨਾ ਦਾ ਦਰਵਾਜ਼ਾ ਕਿਵਾੜ ਰੂਪ ਹੋ ਕੇ ਬੰਦ ਕੀਤਾ ਹੋਇਆ ਹੈ, ਪਰ੍ਹੇ ਹੱਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਦਸਵੇਂ ਦੁਆਰ ਵਿਚ ਪ੍ਰਾਣਾਂ ਦੀ ਗਤੀ ਹੋ ਜਾਂਦੀ ਹੈ। ਇਸ ਕਸ਼ਟ ਨਾਲੋਂ ਇਕ ਪ੍ਰਾਣਾਯਾਮ ਹੋਰ ਸੁਖਾਲਾ ਹੈ ਜਿਸ ਨੂੰ ਹੰਸ ਪ੍ਰਾਣਾਯਾਮ ਕਹਿੰਦੇ ਹਨ। ਉਹ ਬਹੁਤ ਹੀ ਧੀਮਾ ਹੈ, ਉਸਦੀ ਚਾਲ ਇਹ ਹੈ ਕਿ ਮਨ ਨੂੰ ਪੂਰੀ ਤਰ੍ਹਾਂ ਇਕਾਗਰ ਕਰਕੇ, ਸ੍ਵਾਸ ਬਾਹਰ ਜਾਣ ਤੇ 'ਗੁਰੂ' ਅਤੇ ਅੰਦਰ ਜਾਣ ਤੇ 'ਵਾਹਿ' ਦਾ ਸਿਮਰਨ ਕਰਨਾ। ਇਹ ਵਾਹਿਗੁਰੂ ਮੰਤਰ ਦਾ ਬਹੁਤ ਹੀ ਸਹਿਲ ਤਰੀਕਾ ਜਪ ਕਰਨ ਦਾ ਹੈ। ਆਦਮੀ ਨੂੰ ਇਕ ਦਿਨ ਵਿਚ 21, 600 ਸ੍ਵਾਸ ਆਉਂਦੇ ਹਨ। ਕੰਮ ਕਰਨ ਵੇਲੇ, ਸੌਣ ਵੇਲੇ, ਭੋਗਾਂ ਵਿਚ ਪਏ ਤੇ, ਪੈਦਲ ਚੱਲਣ ਤੇ ਸ੍ਵਾਸਾਂ ਦੀ ਗਤੀ ਤੇਜ਼ ਹੋ ਜਾਇਆ ਕਰਦੀ ਹੈ, ਭਜਨ ਕਰਨ ਵੇਲੇ ਸ੍ਵਾਸਾਂ ਦੀ ਗਤੀ ਧੀਮੀ ਪੈ ਕੇ 8 ਸ੍ਵਾਸ ਪ੍ਰਤੀ ਮਿੰਟ ਤੋਂ ਹੋਰ ਭੀ ਘੱਟ ਹੋ ਕੇ 6 ਅਤੇ 4 ਰਹਿ ਜਾਇਆ ਕਰਦੀ ਹੈ। Average (ਔਸਤਨ) ਹਰ ਬੰਦੇ ਨੂੰ ਦਿਨ ਰਾਤ ਵਿਚ 24000 ਸ੍ਵਾਸ ਆਇਆ ਕਰਦੇ ਹਨ ਜਿਸ ਦਾ ਦਸਵੰਧ 2400 ਸ੍ਵਾਸ 2 ਘੰਟੇ 40 ਮਿੰਟ ਹੋਇਆ ਕਰਦਾ ਹੈ। ਉਹ 21, 600 ਵਾਰੀ ਬਿਨ੍ਹਾਂ ਬੁੱਲ੍ਹ ਹਿਲਾਏ, ਬਿਨਾਂ ਬੋਲੇ, ਬਿਨਾਂ ਮੱਧਮਾ ਦੇ ਜਾਪ ਕਰਦਾ ਹੈ, ਇਸ ਜਾਪ ਨੂੰ ਅਜਪਾ ਜਾਪ ਆਖਦੇ ਹਨ ਜਿਸ ਬਾਰੇ ਫੁਰਮਾਨ ਹੈ –

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***

***ਪੰਨਾ – 1291***

ਇਸ ਨੂੰ ਕ੍ਰਿਆਯੋਗ ਵੀ ਆਖਦੇ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ –

***ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ॥***

***ਪੰਨਾ – 1343***

ਇਸੇ ਤਰ੍ਹਾਂ –

***ਖਟੁ ਸਾਸਤ ਬਿਚਰਤ ਮੁਖਿ ਗਿਆਨਾ॥***
***ਪੂਜਾ ਤਿਲਕੁ ਤੀਰਥ ਇਸਨਾਨਾ॥***
***ਨਿਵਲੀ ਕਰਮ ਆਸਨ ਚਉਰਾਸੀਹ***
***ਇਨ ਮਹਿ ਸਾਂਤਿ ਨ ਆਵੈ ਜੀਉ॥ ਪੰਨਾ – 98***

ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਵਲੀ, ਕਪਾਲਭਾਤੀ ਕਸ਼ਟਦਾਇਕ ਸਾਧਨ ਹਨ, ਜਿਸ ਦੇ ਬਾਰੇ ਵਿਸਥਾਰਪੂਰਵਕ ਪਿਛੇ ਦੱਸਿਆ ਜਾ ਚੁਕਿਆ ਹੈ ਪਰ ਸੰਖੇਪ ਵਿਚ ਫਿਰ ਦੱਸਿਆ ਜਾਂਦਾ ਹੈ –

**1. ਧੋਤੀ –** ਚਾਰ ਉਂਗਲ ਚੌੜੀ 15 ਹੱਥ ਲੰਬੀ ਬਰੀਕ ਕਪੜੇ ਦੀ ਪੱਟੀ ਕੋਸੇ ਪਾਣੀ ਦੇ ਨਾਲ ਭਿਓਂ ਕੇ ਇਕ-ਇਕ ਹੱਥ ਹਰ ਰੋਜ਼ ਨਿਗਲਣ ਦਾ ਅਭਿਆਸ ਕਰਨਾ ਅਤੇ 15 ਦਿਨ ਵਿਚ ਇਹ ਸਾਰਾ ਨਿਗਲ ਜਾਣਾ, ਪਿਛਲਾ ਕਿਨਾਰਾ ਦੰਦਾਂ ਵਿਚ ਮਜ਼ਬੂਤ ਰੱਖਣਾ ਅਤੇ ਪੱਟੀ ਨੂੰ ਧੀਰੇ-ਧੀਰੇ ਬਾਹਰ ਕਢਣਾ। ਇਸ ਪ੍ਰਕਾਰ ਕਰਨ ਨਾਲ ਅੰਤੜੀਆਂ ਦੀ ਸਫਾਈ ਹੁੰਦੀ ਹੈ।

**2. ਨੇਤੀ –** ਇਕ ਗਿੱਠ ਲੰਬਾ ਸੂਤ ਦਾ ਧਾਗਾ ਬਰੀਕ ਅਤੇ ਮੁਲਾਇਮ ਲੈ ਕੇ ਪੂਰਕ ਕਰਕੇ ਨੱਕ ਦੇ ਰਸਤੇ ਵਿਚ ਚੜ੍ਹਾ ਕੇ ਪ੍ਰਾਣਾਂ ਦੇ ਬਲ ਨਾਲ ਉਸ ਨੂੰ ਮੁੱਖ ਦੇ ਰਸਤੇ ਨਿਕਾਸ ਕਰਕੇ ਦੋਨੋਂ ਤਰਫ ਤੋਂ ਪਕੜ ਕੇ ਅੰਦਰ ਸਾਫ ਕਰਨਾ।

**3. ਬਸਤੀ –** ਨਾਭੀ ਤਕ ਪਾਣੀ ਵਿਚ ਬੈਠ ਕੇ ਛੇ ਉਂਗਲ ਲੰਮੀ ਇਕ ਉਂਗਲ ਮੋਟੀ ਬਾਂਸ ਦੀ ਨਲਕੀ ਲੈ ਕੇ ਚਾਰ ਉਂਗਲ ਗੁਦਾ ਵਿਚ ਪ੍ਰਵੇਸ਼ ਕਰਨੀ ਅਤੇ ਪ੍ਰਾਣਾਂ ਦੇ ਬਲ ਨਾਲ ਜਲ ਖਿੱਚ ਕੇ ਅੰਤੜੀ ਸਾਫ ਕਰਨੀ ਜਿਸ ਤਰ੍ਹਾਂ ਡਾਕਟਰ ਅਨੀਮਾ ਕਰਾਉਂਦੇ ਹਨ।

**4. ਤ੍ਰਾਟਕ –** ਨੇਤਰਾਂ ਦੀ ਟਿਕਟਿਕੀ ਕਿਸੀ ਖਾਸ ਚੀਜ਼ ਤੇ ਲਗਾ ਕੇ ਉਦੋਂ ਤਕ ਇਕ ਟਕ ਦੇਖਦੇ ਰਹਿਣਾ ਜਦੋਂ ਤਕ ਨੇਤਰਾਂ ਦੀ ਦ੍ਰਿਸ਼ਟੀ ਥੱਕ ਕੇ ਨੇਤਰਾਂ ਵਿਚੋਂ ਪਾਣੀ ਨਾ ਨਿਕਲ ਆਵੇ। ਇਸ ਨੂੰ ਅਚਾਰੀਆ ਲੋਕ ਤ੍ਰਾਟਕ ਕਹਿੰਦੇ ਹਨ। ਇਹ ਤ੍ਰਾਟਕ ਨੇਤਰਾਂ ਦੇ ਰੋਗਾਂ ਨੂੰ ਨਸ਼ਟ ਕਰਨ ਵਾਲਾ ਹੈ। ਇਸ ਨੂੰ ਬੜੇ ਯਤਨ ਨਾਲ ਰੱਖੋ ਜਿਵੇਂ ਸੋਨੇ ਦੀ ਸੰਦੂਕੜੀ ਸੰਭਾਲ ਕੇ ਰੱਖੀ ਜਾਂਦੀ ਹੈ। ਇਸ ਦੇ ਅਭਿਆਸ ਦਾ ਅਸਥਾਨ ਨਾਸਕਾ ਦੇ ਅਗਰ ਭਾਗ ਜਾਂ ਭਵਾਂ ਦੇ ਮੱਧਯ ਭਾਗ (ਆਗਿਆ ਚੱਕਰ) ਵਿਚ ਹੁੰਦਾ ਹੈ।

**5. ਨਿਵਲੀ –** ਦੋਨੋਂ ਕੰਧੇ ਨੀਚੇ ਕਰਕੇ ਪਿੱਠ ਨੂੰ ਸਿੱਧਾ ਕਰਕੇ ਸਾਵਧਾਨ ਬੈਠਣਾ, ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ ਉਪਰ ਨੀਚੇ ਇਸ ਪ੍ਰਕਾਰ ਚਲਾਉਣਾ ਜਿਵੇਂ ਮਟਕੀ ਵਿਚ ਦਹੀਂ ਰਿੜਕਿਆ ਜਾਂਦਾ ਹੈ।

**6. ਕਪਾਲਭਾਤੀ –** ਲੁਹਾਰ ਦੀ ਧੌਂਕਣੀ ਦੀ ਤਰ੍ਹਾਂ ਰੇਚਕ ਪੂਰਕ ਦੁਆਰਾ ਪ੍ਰਾਣਾਂ ਨੂੰ ਬਾਰ-ਬਾਰ ਚੜ੍ਹਾਉਣਾ ਉਤਾਰਨਾ।

ਭੁਯੰਗਮਾ ਕੁੰਡਲਨੀ ਨਾੜੀ ਨੂੰ ਕਹਿੰਦੇ ਹਨ ਜੋ ਸੁਖਮਨਾ ਦਾ ਦਰਵਾਜ਼ਾ ਬੰਦ ਰਖਦੀ ਹੈ ਜਿਸ ਨੂੰ ਪ੍ਰਾਣਾਂ ਦੇ ਅਭਿਆਸ ਨਾਲ ਯੋਗੀ ਲੋਕ ਪਰ੍ਹੇ ਹਟਾਉਂਦੇ ਹਨ। ਭਾਠੀ – ਮਾਲਿਸ਼ ਕਰਕੇ ਜੀਭ ਨੂੰ ਐਨੀ ਪਤਲੀ ਅਤੇ ਲੰਬੀ ਬਣਾ ਲਵੇ ਕਿ ਜੋ ਅੱਖਾਂ ਦੇ ਭਰਵੱਟਿਆਂ ਨੂੰ ਛੂਹ ਜਾਵੇ, ਫਿਰ ਉਸ ਨੂੰ ਦੁਬਾਰਾ ਕੰਠ ਵਿਚ ਪ੍ਰਵੇਸ਼ ਕਰਨਾ ਜਿਸ ਕਰਕੇ ਜੀਭ ਦੀ ਨੋਕ ਯਾਨਿ ਅਗਲਾ ਹਿੱਸਾ ਤਾਲੂ ਦੇ ਉਪਰ ਜੋ ਛੇਦ ਹੈ ਉਸ ਨੂੰ ਬੰਦ ਕਰ ਦੇਵੇ ਐਸਾ ਕਰਨ ਨਾਲ ਪ੍ਰਾਣਾਯਾਮ ਤੋਂ ਪੈਦਾ ਹੋਈ ਜੋ



Sri Satguru Jagjit Singh Ji eLibrary NamdhariElibrary@gmail.com

ਗਰਮੀ ਹੈ ਉਹ ਦੂਰ ਹੋ ਜਾਂਦੀ ਹੈ। ਤ੍ਰਿਕੁਟੀ ਦੇ ਖੱਬੇ ਪਾਸੇ ਯੋਗੀਆਂ ਦੁਆਰਾ ਲਾਏ ਹੋਏ ਧਿਆਨ ਵਿਚੋਂ ਅੰਮ੍ਰਿਤਮਈ ਰਸ ਟਪਕਦਾ ਹੈ। ਉਸ ਅੰਮ੍ਰਿਤਮਈ ਰਸ ਨੂੰ ਰਸਨਾ ਅਨੁਭਵ ਕਰਦੀ ਹੈ ਅਤੇ ਉਹ ਰਸ ਯੋਗ ਸਾਸ਼ਤਰਾਂ ਵਿਚ ਅਮਰਵਾਰਣੀ ਦੇ ਨਾਮ ਨਾਲ ਪ੍ਰਸਿੱਧ ਹੈ।

**ਰੇਚਕ** – ਪ੍ਰਾਣ ਅੰਦਰੋਂ ਬਾਹਰ ਨੂੰ ਛੱਡਣੇ ਰੇਚਕ ਕਹਿਲਾਉਂਦਾ ਹੈ, ਪੂਰਕ – ਬਾਹਰ ਤੋਂ ਪ੍ਰਾਣਾਂ ਨੂੰ ਅੰਦਰ ਲੈ ਜਾਣ ਨੂੰ ਕਹਿੰਦੇ ਹਨ। ਕੁੰਭਕ ਪ੍ਰਾਣਾਂ ਨੂੰ ਅੰਦਰ ਠਹਿਰਾਅ ਲੈਣਾ ਹੁੰਦਾ ਹੈ। ਇਹ ਬਹੁਤ ਪ੍ਰਕਾਰ ਦਾ ਹੋਇਆ ਕਰਦਾ ਹੈ। ਇਹ ਪ੍ਰਾਣ ਮੂਲਾਧਾਰ ਚੱਕਰ ਵਿਚੋਂ ਹੁੰਦੇ ਹੋਏ ਦਸਮ ਦੁਆਰ ਤਕ ਲੈ ਜਾਂਦੇ ਹਨ। ਮੂਲਧਾਰ ਰੀੜ੍ਹ ਦੀ ਹੱਡੀ ਦੇ ਆਖਰੀ ਸਿਰੇ ਤੇ ਸਥਿਤ ਹੈ। ਇਸ ਵਿਚ ਮੂਲਧਾਰ ਚੱਕਰ ਚਾਰ ਪੰਖੜੀਆਂ ਦੇ ਨਾਮ ਵ, ਸ਼, ਖ, ਸ ਹਨ। ਇਸ ਦਾ ਰੰਗ ਪੀਲਾ ਹੈ। ਤਿੰਨ ਕੋਨੇ ਹਨ ਉਸ ਦੇ ਨਾਮ ਹਨ ਗਿਆਨ, ਇੱਛਾ ਅਤੇ ਕ੍ਰਿਆ। ਜਿਥੇ ਕੁੰਡਲਨੀ ਨਾੜੀ ਹੈ ਉਥੇ ਕਾਮ ਰੂਪ ਤਖਤ ਹੈ ਜਿਥੇ ਨਾਦ, ਹੰਸ, ਮਨ ਪੈਦਾ ਹੁੰਦੇ ਹਨ। ਇਸ ਥਾਂ ਯੋਗੀ ਗਣੇਸ਼ ਜੀ ਦਾ ਧਿਆਨ ਕਰਦੇ ਹਨ।

ਸਵਾਧਿਸ਼ਠਾਨ ਚੱਕਰ – ਇਹ ਲਾਲ ਰੰਗ ਦਾ, ਹੇਠਾਂ ਨੂੰ ਮੂੰਹ ਵਾਲਾ ਛੇ ਪੰਖੜੀਆਂ ਵਾਲਾ ਕਮਲ ਹੈ। ਇਥੇ ਸ਼ਕਤੀ ਹੋਣ ਕਰਕੇ ਯੋਗੀ ਬ੍ਰਹਮਾ ਜੀ ਦਾ ਧਿਆਨ ਧਰਦੇ ਹਨ।

ਤੀਸਰਾ ਮਣੀਪੂਰਕ ਚੱਕਰ ਹੈ ਜੋ ਨਾਭੀ ਵਿਚ ਅਸਥਿਤ ਹੈ। ਇਹ ਨੀਲੇ ਰੰਗ ਦਾ ਉਰਧ ਮੁਖ ਦਸ ਪੰਖੜੀਆਂ ਵਾਲਾ ਕਮਲ ਹੈ। ਇਥੇ ਯੋਗੀ ਜਨ ਵਿਸ਼ਨੂੰ ਜੀ ਦਾ ਧਿਆਨ ਧਰਦੇ ਹਨ।

ਚੌਥਾ ਅਨਾਹਤ ਚੱਕਰ ਬਾਰਾਂ ਪੱਤੀਆਂ ਵਾਲਾ, ਸੁਨਿਹਰੀ ਰੰਗ ਦਾ ਕਮਲ ਹਿਰਦੇ ਵਿਚ ਅਸਥਿਤ ਹੈ। ਇਥੇ ਸ਼ਿਵ ਜੀ ਦਾ ਧਿਆਨ ਕੀਤਾ ਜਾਂਦਾ ਹੈ। ਪੰਜਵਾਂ ਵਿਸ਼ੁੱਧ ਚੱਕਰ ਹੈ ਇਹ ਧੂਮਰ ਵਰਣ ਦਾ ਊਰਧ ਮੁੱਖ 16 ਪੰਖੜੀਆਂ ਵਾਲਾ ਕਮਲ ਕੰਠ ਵਿਚ ਅਸਥਿਤ ਹੈ। ਇਥੇ ਜੀਵ ਆਤਮਾ ਦਾ ਧਿਆਨ ਕੀਤਾ ਜਾਂਦਾ ਹੈ।

ਛੇਵਾਂ ਆਗਿਆ ਚੱਕਰ ਹੈ, ਦੋਹਾਂ ਭਰਵੱਟਿਆਂ ਦੇ ਵਿਚ ਦੋ ਪੰਖੜੀਆਂ ਦਾ ਪੁੱਠੇ ਮੁਖ ਵਾਲਾ ਚੰਦਰਮਾ ਵਰਗਾ ਸਫੇਦ ਕਮਲ ਹੈ। ਇਥੇ ਨਿਰਵਾਣ ਪ੍ਰਮਾਤਮਾ ਦਾ ਧਿਆਨ ਕੀਤਾ ਜਾਂਦਾ ਹੈ। ਇਨ੍ਹਾਂ ਛੇ ਚੱਕਰਾਂ ਤੋਂ ਉਪਰ ਸੱਤਵਾਂ ਦਸਮ ਦੁਆਰ ਹੈ ਇਸ ਵਿਚ ਇਕ ਹਜ਼ਾਰ ਦਲ ਦਾ ਸਫੇਦ ਕਮਲ ਹੈ, ਉਸ ਵਿਚ ਵਿਦਿਆ ਸ਼ਕਤੀ ਸਹਿਤ ਗੁਰੂ ਦਾ ਧਿਆਨ ਕੀਤਾ ਜਾਂਦਾ ਹੈ।

ਸੋ ਯੋਗ ਦੇ ਅੱਠ ਅੰਗ ਹਨ ਜਿਨ੍ਹਾਂ ਵਿਚੋਂ ਯਮ ਤੇ ਨੇਮ ਦਾ ਵਿਸਥਾਰਪੂਰਵਕ ਵਰਣਨ ਪਹਿਲਾਂ ਕੀਤਾ ਗਿਆ ਹੈ, ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਵਰਣਨ ਹੈ–

***ਅੰਗ ਪੰਚਮੋ (ਚੌਥਾ) ਪ੍ਰਾਣਾਯਾਮ।***
***ਪੂਰਕ, ਕੁੰਭਕ, ਰੇਚਕ, ਨਾਮ॥ ੬੫॥***
***ਬਾਹਰ ਤੇ ਮਨ ਸੁਰਤਿ ਟਿਕਾਵੇ।***
***ਦਹਿਨੇ ਸੁਰ ਤੇ ਪ੍ਰਾਣ ਚਢਾਵੈ।***
***ਖੈਂਚਤਿ ਦ੍ਵਾਦਸ਼ ਮਾਤ੍ਰਹਿ ਜੋਇ।***
***ਓਅੰਕਾਰ ਜਪੈ ਤਬ ਸੋਇ। ੬੬॥***
***ਜਿਤੇ ਪ੍ਰਾਣ ਅੰਤਰ ਠਹਿਰਾਵੈ।***
***'ਕੁੰਭਕ' ਤੇਤੋ ਨਾਮ ਕਹਾਵੈ।***
***ਚੌਬਿਸ ਮਾਤ੍ਰਾ ਓਅੰਕਾਰਾ।***
***ਜਾਪ ਕਰੈ ਤਿਂਹ ਸਮੈਂ ਉਚਾਰਾ॥ ੬੭॥***
***ਬਾਵੈਂ ਸੁਰ ਸੋਂ ਕਰਹਿ ਉਤਾਰਾ।***
***ਦ੍ਵਾਦਸ਼ ਮਾਤ੍ਰਾ ਜਪ ਓਅੰਕਾਰਾ।***
***'ਰੇਚਕ' ਯਾਂਕੋ ਨਾਮ ਕਹੀਜੈ।***
***ਸਨੈ ਸਨੈ ਜੋ ਛੋਡਨ ਕੀਜੈ॥ ੬੮॥***
***ਤੈਸੇ ਹੀ ਬਾਏਂ ਤੇ ਦਾਏਂ।***
***ਦਾਏਂ ਤੇ ਬਾਏਂ ਸੁ ਚਢਾਏ।***
***ਖੁਲ੍ਹੈ ਰਾਹਿ ਤ੍ਰਿਕੁਟੀ ਇਸ ਢਾਰਾ।***
***ਠਹਿਰਹਿਂ ਪ੍ਰਾਣ ਜਿ ਦਸਵੇਂ ਦ੍ਵਾਰਾ॥੬੯॥***
***ਤਬੈ ਅਨਾਹਦ ਕੀ ਧੁਨਿ ਖੁਲਿ ਹੈ।***
***ਦਰਸ਼ਨ ਪਰਮਜੋਤਿ ਕੋ ਮਿਲਿਹੈ।***
***ਝਿਲਮਿਲਕਾਰ ਮਹਾਨ ਪ੍ਰਕਾਸ਼ਾ।***
***ਜਿਹਂ ਪਿਖ ਹ੍ਵੈ ਵਿਸ਼ੇਖ ਸੁਖਰਾਸਾ॥੭੦॥***
***ਦੋਹਰਾ॥ ਜਿਉਂ ਜਿਉਂ ਧਰਿਹੀ ਧਯਾਨ ਕੋ***
***ਤਿਉਂ ਤਿਉਂ ਧੁਨਿ ਵਧਿ ਜਾਇ॥***
***ਖਸ਼ਟ ਅੰਗ ਹੈ ਯੋਗ ਕਾ***
***'ਧਯਾਨ' ਧਰਤਿ ਸੁਖ ਪਾਇ॥ ੭੧॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 535***

ਛੇਵਾਂ ਅੰਗ **ਪ੍ਰਤਿਹਾਰ ਹੋਇਆ** ਕਰਦਾ ਹੈ – ਕਿਸੇ ਚੀਜ਼ ਨਾਲ ਕੋਈ ਲਗਾਓ ਨਾ ਰੱਖਣਾ, ਸਭ ਕੁਛ ਗੁਰੂ ਅਰਪਣ ਕਰਨਾ, ਆਪਣੀਆਂ ਇੰਦ੍ਰੀਆਂ ਨੂੰ ਵਸ ਕਰਕੇ ਅੰਤਰਮੁਖ ਹੋ ਕੇ ਨਾਮ ਦਾ ਜਾਪ ਕਰਨਾ। ਜੇ ਮਨ ਏਧਰ ਉਧਰ ਜਾਂਦਾ ਹੈ ਤਾਂ ਉਸ ਨੂੰ ਬਾਰ-ਬਾਰ ਰੋਕ ਕੇ ਇਕਾਗਰ ਕਰਨਾ। ਸੰਤ ਮਹਾਰਾਜ ਰਾੜੇ ਸਾਹਿਬ ਵਾਲੇ ਦੱਸਿਆ ਕਰਦੇ ਸਨ ਕਿ ਜੇ ਸੁਰਤ ਢਾਈ ਮਿੰਟ ਟਿਕ ਜਾਵੇ ਤਾਂ ਉਸ ਨੂੰ ਧਾਰਨਾ ਕਹਿੰਦੇ ਹਨ। ਜੇ ਸੁਰਤ ਅੱਧਾ ਘੰਟਾ ਟਿਕ ਜਾਵੇ ਤਾਂ ਉਸ ਨੂੰ ਧਿਆਨ ਆਖਿਆ ਜਾਂਦਾ ਹੈ। ਜੇ ਅੱਧੇ ਘੰਟੇ ਤੋਂ ਤਿੰਨ ਘੰਟੇ ਤਕ ਸੁਰਤ ਟਿਕ ਜਾਵੇ ਤਾਂ ਉਸ ਨੂੰ ਸਮਾਧੀ ਕਹਿੰਦੇ ਹਨ।

ਇਸ ਸਾਰੀ ਕ੍ਰਿਆ ਨੂੰ ਰਾਜ ਯੋਗ ਕਿਹਾ ਜਾਂਦਾ ਹੈ ਪਰ ਗੁਰਮਤਿ ਅਨੁਸਾਰ ਰਸਤਾ ਬਹੁਤ ਹੀ ਸਹਿਲ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਰਸਨਾ ਦੇ ਨਾਲ ਨਾਮ ਜਪਿਆ ਜਾਵੇ, ਉਸ ਨਾਲ ਇਥੇ ਵੀ ਸੁਖ ਹੁੰਦਾ ਹੈ ਅਤੇ ਦਰਗਾਹ ਵਿਚ ਵੀ ਥਾਂ ਮਿਲਦਾ ਹੈ। ਜਦੋਂ ਨਾਮ ਰਸਨਾ ਤੋਂ ਹੋ ਕੇ ਅਜਪਾ ਜਾਪ ਰਾਹੀਂ ਵਿਸਰਦਾ ਨਹੀਂ, ਉਸ ਵੇਲੇ ਹਉਮੈ ਦਾ ਰੋਗ ਕੱਟ ਹੋ ਜਾਂਦਾ ਹੈ। ਅੰਦਰੋਂ ਹਰੀ ਦਾ ਰਸ ਪ੍ਰਾਪਤ ਹੋ ਕੇ ਤ੍ਰਿਸ਼ਨਾ ਮਰ ਜਾਂਦੀ ਹੈ –

***ਰਸਨਾ ਜਪੀਐ ਏਕੁ ਨਾਮ॥***
***ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥***



Sri Satguru Jagjit Singh Ji eLibrary NamdhariElibrary@gmail.com

***ਕਟੀਐ ਤੇਰਾ ਅਹੰ ਰੋਗੁ॥***
***ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥***
***ਹਰਿ ਰਸੁ ਜਿਨਿ ਜਨਿ ਚਾਖਿਆ॥***
***ਤਾ ਕੀ ਤ੍ਰਿਸਨਾ ਲਾਥੀਆ॥ ਪੰਨਾ - 211***

ਗੁਰਬਾਣੀ ਅਨੁਸਾਰ ਉਥੇ ਬਹੁਤ ਕਿਸਮ ਦੀਆਂ ਜੋਤੀਆਂ ਦੇ ਦਰਸ਼ਨ ਹੁੰਦੇ ਹਨ। ਉਨ੍ਹਾਂ ਦੇ ਵੇਰਵੇ ਵਿਚ ਜਾਣ ਦੀ ਲੋੜ ਨਹੀਂ। ਅਨਹਦ ਸ਼ਬਦਾਂ ਦੇ ਬਹੁਤ ਸਾਰੇ ਭੇਦ ਮਹਾਂਪੁਰਸ਼ਾਂ ਨੇ ਦੱਸੇ ਹਨ ਜਿਵੇਂ ਕਿ ਪਹਿਲਾਂ ਚਟਕਾ ਦਾ ਸ਼ਬਦ ਹੈ ਜਿਸ ਦੇ ਸੁਣਨ ਨਾਲ ਰੋਮਾਂਚ ਹੋ ਜਾਂਦਾ ਹੈ। ਦੂਸਰਾ ਚਨ ਚਨ ਦਾ ਸ਼ਬਦ ਹੁੰਦਾ ਹੈ ਜਿਸ ਦੇ ਸੁਣਨ ਨਾਲ ਸਰੀਰ ਦੇ ਸਾਰੇ ਅੰਗ ਪ੍ਰਫੁਲਤ ਹੋ ਜਾਂਦੇ ਹਨ। ਤੀਸਰਾ ਘੰਟੇ ਦਾ ਸ਼ਬਦ ਹੈ ਜਿਸ ਦੇ ਸੁਣਨ ਨਾਲ ਮਨ ਆਦਿ ਅੰਗਾਂ ਵਿਚ ਪ੍ਰੇਮ ਪ੍ਰਗਟ ਹੁੰਦਾ ਹੈ। ਚੌਥਾ ਸੰਖ ਦਾ ਸ਼ਬਦ ਹੈ ਜਿਸ ਦੇ ਸੁਣਨ ਨਾਲ ਮਤਵਾਲੇ ਪੁਰਸ਼ ਦੀ ਤਰ੍ਹਾਂ ਸਿਰ ਦਾ ਭ੍ਰਮਣ ਹੁੰਦਾ ਹੈ। ਪੰਜਵਾਂ ਵੀਣਾ ਦਾ ਸ਼ਬਦ ਹੈ ਜਿਸ ਨੂੰ ਸੁਣਨ ਨਾਲ ਬ੍ਰਹਮਰੰਧਰ (ਦਸਮ ਦੁਆਰ) ਵਿਚ ਅੰਮ੍ਰਿਤ ਝਰਦਾ ਹੈ। ਛੇਵਾਂ ਨ੍ਰਿਤਕਾਰੀ ਸ਼ਬਦ ਹੈ ਜਿਸ ਨੂੰ ਸੁਣਨ ਨਾਲ ਕੰਠਗਤ ਅੰਮ੍ਰਿਤ ਦਾ ਪਾਨ ਹੁੰਦਾ ਹੈ। ਸਤਵਾਂ ਬਾਂਸੁਰੀ ਦਾ ਸ਼ਬਦ ਹੈ ਜਿਸ ਦੇ ਸੁਣਨ ਨਾਲ ਸ਼ਕਤੀਮਾਨ ਹੁੰਦਾ ਹੈ ਅਰਥਾਤ ਅੰਤਰਯਾਮਤਾ ਯਾਨੀ ਦੂਰ ਦੇ ਸ਼ਬਦਾਂ ਦਾ ਸੁਣਨਾ ਅਤੇ ਦੂਰ ਦੀ ਵਸਤੂ ਦਾ ਦੇਖਣਾ ਹੁੰਦਾ ਹੈ। ਅੱਠਵਾਂ ਪਖਾਵਜ ਦਾ ਸ਼ਬਦ ਹੈ, ਜਿਸ ਦੇ ਸੁਣਨ ਨਾਲ ਹਰੇਕ ਸਰੀਰ ਦੇ ਅੰਦਰ ਜੋ ਨਾਦ ਹੈ ਉਸ ਦਾ ਸੁਣਨਾ ਅਤੇ ਸਮਝਣਾ ਹੁੰਦਾ ਹੈ। ਨੌਵਾਂ ਛੋਟੀ ਨਫੀਰੀ ਦਾ ਸ਼ਬਦ ਹੈ ਜਿਸ ਨੂੰ ਸੁਣਨ ਨਾਲ ਸੂਖਮ ਅਤੇ ਅਸਥੂਲ ਹੋ ਜਾਣਾ ਅਤੇ ਜਿਥੇ ਵੀ ਇੱਛਾ ਹੋਵੇ ਉਥੇ ਜਾਣ ਦੀ ਸਮਰੱਥਾ ਆ ਜਾਂਦੀ ਹੈ। ਦਸਵਾਂ ਮੇਘ ਦਾ ਸ਼ਬਦ ਹੈ ਜਿਸ ਨੂੰ ਸੁਣਨ ਨਾਲ ਬ੍ਰਹਮਆਤਮਾ ਦੇ, ਪ੍ਰਮਾਤਮਾ ਦੇ ਸਾਖਸ਼ਾਤਕਾਰ ਹੋਣ ਨਾਲ ਬ੍ਰਹਮ ਰੂਪ ਹੋ ਜਾਂਦਾ ਹੈ। ਬਹੁਤ ਸਾਰੇ ਗ੍ਰੰਥਕਾਰ ਅਨਹਤ ਪੰਜ ਪ੍ਰਕਾਰ ਦਾ ਲਿਖਦੇ ਹਨ। ਪਹਿਲਾ ਤੰਤਰੀ ਆਦਿ ਦਾ ਸ਼ਬਦ ਹੈ। ਦੂਸਰਾ ਮ੍ਰਿਦੰਗ ਆਦਿ ਦਾ, ਤੀਸਰਾ ਘੰਟੇ ਦਾ, ਚੌਥਾ ਘਟਾ (ਘੜੇ) ਦਾ, ਪੰਜਵਾਂ ਨਫੀਰੀ ਆਦਿਕ ਦਾ ਸ਼ਬਦ ਹੈ-

***ਪੰਚ ਸਬਦ ਧੁਨਿਕਾਰ ਧੁਨਿ ਤਹਿ ਬਾਜੈ ਸਬਦੁ ਨੀਸਾਣ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਪੰਨਾ - 1291***

ਗੁਰੂ ਸਾਹਿਬ ਨੇ ਪੰਜ ਸ਼ਬਦ ਹੀ ਦੱਸੇ ਹਨ। ਇਸ ਕਰਕੇ ਇਸ ਤਰ੍ਹਾਂ ਸਾਰੇ ਸਰੀਰਾਂ ਅੰਦਰ ਇਹ ਸ਼ਬਦ ਉਤਪੰਨ ਹੁੰਦੇ ਹਨ। **ਅੰਦਰ ਚਾਰ ਬਾਣੀਆਂ ਹਨ ਜਿਨ੍ਹਾਂ ਦੇ ਨਾਮ ਪਰਾ ਬਾਣੀ, ਪਸੰਤੀ ਬਾਣੀ, ਮਧਮਾ ਬਾਣੀ ਅਤੇ ਬੈਖਰੀ ਬਾਣੀ ਹਨ। ਪਰਾ ਬਾਣੀ ਨਾਭੀ ਵਿਚ ਨਿਵਾਸ ਰਖਦੀ ਹੈ। ਪਸੰਤੀ ਬਾਣੀ ਸੰਕਲਪ ਬਣ ਕੇ ਹਿਰਦੇ ਵਿਚ ਰਹਿੰਦੀ ਹੈ। ਤੀਸਰੀ ਮਧਮਾ ਬਾਣੀ ਕੰਠ ਵਿਚ ਨਿਵਾਸ ਰਖਦੀ ਹੈ ਅਤੇ ਬੈਖਰੀ ਮੂੰਹ ਵਿਚ ਨਿਵਾਸ ਰਖਦੀ ਹੈ।**

ਅਨਹਦ ਸ਼ਬਦ - ਐਸਾ ਗ੍ਰੰਥਾਂ ਦਾ ਮਤ ਹੈ ਕਿ ਸਿੱਧ ਆਸਨ ਵਿਚ ਬੈਠ ਕੇ ਭਵਾਂ ਦੇ ਵਿਚਾਲੇ ਧਿਆਨ ਰਖਦਾ ਹੋਇਆ ਚਿੱਤ ਨੂੰ ਇਕਾਗਰ ਕਰਦਾ ਹੋਇਆ, ਸੱਜੇ ਕੰਨ ਵਿਚ ਹੋਣ ਵਾਲਾ ਅੰਤਰ ਨਾਦ ਜਿਸ ਨੂੰ ਹਰ ਵਕਤ ਯੋਗੀ ਸੁਣਦਾ ਹੈ। ਜਦੋਂ ਅਨਹਦ ਸ਼ਬਦ ਦਾ ਅਭਿਆਸ ਕੀਤਾ ਜਾਂਦਾ ਹੈ ਤਾਂ ਉਹ ਬਾਹਰਲੇ ਸ਼ਬਦਾਂ ਨੂੰ ਰੋਕ ਲੈਂਦਾ ਹੈ। ਪਹਿਲਾਂ ਅਭਿਆਸ ਵਿਚ ਨਾਨਾ ਪ੍ਰਕਾਰ ਦੇ ਸ਼ਬਦ ਸ੍ਰਵਣ ਕਰਦਾ ਹੈ, ਅਭਿਆਸ ਦੇ ਵਧ ਜਾਣ ਨਾਲ ਸੂਖਮ ਤੋਂ ਸੂਖਮ ਨੂੰ ਵੀ ਸੁਣ ਲੈਂਦਾ ਹੈ। ਪਹਿਲਾਂ ਸਮੁੰਦਰ ਦੀ ਨਿਆਈ ਬੜੀ ਗੁੰਜਾਰ ਸੁਣਾਈ ਦਿੰਦੀ ਹੈ ਫੇਰ ਬੱਦਲਾਂ ਦੀ ਨਿਆਈ, ਫੇਰ ਨਗਾਰਾ, ਛੈਣੇ ਆਦਿ ਦਾ ਸ਼ਬਦ ਸੁਣਾਈ ਦਿੰਦਾ ਹੈ ਅਤੇ ਵਿਚ-ਵਿਚ ਕੋਮਲ ਸ਼ਬਦ ਪ੍ਰਤੀਤ ਹੁੰਦੇ ਹਨ ਜਿਵੇਂ ਘੰਟੇ ਆਦਿ ਜਿਸਨੂੰ ਘੜਿਆਲ ਦੀ ਧੁਨ ਕਹਿੰਦੇ ਹਨ। ਅੰਤ ਵਿਚ ਸੂਖਮ ਸ਼ਬਦ ਕਈ ਪ੍ਰਕਾਰ ਦੇ ਸੁਣਾਈ ਦਿੰਦੇ ਹਨ ਅਤੇ ਵੀਣਾ, ਬੰਸਰੀ ਅਤੇ ਭੇਰੀ ਆਦਿ ਦੇ ਸ਼ਬਦ ਸੁਣਦਾ ਹੈ। ਕਦੇ ਬੱਦਲਾਂ ਦੀ ਗਰਜਣਾਂ ਦੇ ਸ਼ਬਦ ਸੁਣਦਾ ਹੈ। ਇਸ ਸ਼ਬਦ ਵਿਚ ਲਗਾਏ ਹੋਏ ਮਨ ਨੂੰ ਦੂਜੇ ਪਾਸੇ ਚਲਾਏਮਾਨ ਨਾ ਕਰੇ। ਜਿਥੇ-ਜਿਥੇ ਵੀ ਨਾਦ ਵਿਚ ਪਹਿਲਾਂ ਮਨ ਲਗ ਜਾਵੇ ਉਥੇ ਉਥੇ ਅਸਥਿਤ ਹੋਇਆ ਮਨ ਉਸ ਦੇ ਨਾਲ ਲੈਅ ਹੋ ਜਾਂਦਾ ਹੈ। ਬਾਹਰੀ ਪਦਾਰਥਾਂ ਦਾ ਵਿਸਿਮਰਣ ਕਰਦਾ ਹੋਇਆ ਮਨ ਨਾਦ ਨਾਲ ਇਸ ਤਰ੍ਹਾਂ ਮਿਲ ਜਾਂਦਾ ਹੈ ਜਿਵੇਂ ਦੁੱਧ ਦੇ ਨਾਲ ਪਾਣੀ। ਐਸੇ ਨਾਦ ਨਾਲ ਮਿਲ ਕੇ ਜਲਦੀ ਚੇਤਨ ਅਕਾਸ਼ ਵਿਚ ਲੀਨ ਹੋ ਜਾਂਦਾ ਹੈ।

ਇਸ ਤਰ੍ਹਾਂ ਦੇ ਨਾਲ ਵਿਸਥਾਰ ਨਾਲ ਅਨਹਦ ਨਾਦ ਬਾਰੇ ਲਿਖਿਆ ਹੋਇਆ ਹੈ ਪਰ ਆਤਮ ਵਸਤੂ ਨਾਦ ਤੋਂ ਬਹੁਤ ਦੂਰ ਹੈ। ਜਦੋਂ ਮਨ ਅਤਿ ਸੂਖਮ ਹੋ ਜਾਂਦਾ ਹੈ, ਉਸ ਵੇਲੇ ਆਤਮ ਰੂਪ, ਬ੍ਰਹਮ ਵਿਚ ਸਥਿਤ ਹੋ ਜਾਇਆ ਕਰਦਾ ਹੈ। ਆਤਮ ਗਿਆਨ ਪ੍ਰਾਪਤ ਹੋਣ ਨਾਲ ਸ਼ਕਤੀ ਮਿਲਦੀ ਹੈ ਇਹ ਆਤਮ ਗਿਆਨ (ਅਪ੍ਰੱਤਖਸ਼) ਯੋਗ ਤੋਂ ਬਿਨਾਂ ਨਹੀਂ ਹੁੰਦਾ। ਯੋਗ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ ਅਤੇ ਗਿਆਨ ਪ੍ਰਾਪਤ ਹੋ ਕੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਸੂਰਜ ਪ੍ਰਕਾਸ਼ ਅਨੁਸਾਰ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ ਕਿ ਰੇਚਕ, ਪੂਰਕ, ਕੁੰਭਕ ਕਰਦਿਆਂ ਤ੍ਰਿਕੁਟੀ ਦਾ ਰਾਹ ਖੁਲ੍ਹ ਜਾਂਦਾ ਹੈ, ਜਿਸ ਵਿਚ ਪ੍ਰਾਣ ਪ੍ਰਵੇਸ਼ ਕਰ ਜਾਂਦੇ ਹਨ, ਪਰਮ ਜੋਤ ਦੇ ਦਰਸ਼ਨ ਹੁੰਦੇ ਹਨ ਜਿਥੇ ਝਿਲਮਿਲਕਾਰ ਮਹਾਨ ਪ੍ਰਕਾਸ਼ ਹੁੰਦਾ ਹੈ ਜਿਸ ਨੂੰ ਦੇਖ ਕੇ ਬਹੁਤ ਹੀ ਅਨੰਦ ਆਉਂਦਾ ਹੈ।

***ਤਬੈ ਅਨਾਹਦ ਕੀ ਧੁਨਿ ਖੁਲਿ ਹੈ।***
***ਦਰਸ਼ਨ ਪਰਮਜੋਤਿ ਕੋ ਮਿਲਿ ਹੈ।***
***ਝਿਲਮਿਲਕਾਰ ਮਹਾਨ ਪ੍ਰਕਾਸ਼ਾ।***
***ਜਿਹਂ ਪਿਖ ਹ੍ਵੈ ਵਿਸ਼ੇਖ ਸੁਖਰਾਸਾ॥੭੦॥***
***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 535***

ਛੇਵਾਂ ਅੰਗ **ਯੋਗ ਦਾ ਧਿਆਨ** ਹੋਇਆ ਕਰਦਾ ਹੈ। ਜਿਉਂ ਜਿਉਂ ਧਿਆਨ ਦੇ ਵਿਚ ਗਹਿਰਾ ਜਾਂਦਾ ਹੈ, ਧੁਨ ਵਧਦੀ ਜਾਂਦੀ ਹੈ। ਦੋ ਪ੍ਰਕਾਰ ਦਾ ਧਿਆਨ ਹੁੰਦਾ ਹੈ - ਇਕ ਬਾਹਰਲਾ, ਇਕ ਅੰਦਰਲਾ। ਸਾਕਾਰ ਧਿਆਨ ਕਰਨਾ,


Sri Satguru Jagjit Singh Ji eLibrary NamdhariElibrary@gmail.com

ਬਾਹਰਲਾ ਧਿਆਨ ਕਹਾਉਂਦਾ ਹੈ। ਜੋ ਸ਼ਬਦ ਵਿਚ ਮਨ ਨੂੰ ਜੋੜਨਾ ਹੈ ਉਹ ਅੰਤਰੀਵ ਧਿਆਨ ਹੋਇਆ ਕਰਦਾ ਹੈ। ਇਸ ਬਾਰੇ ਲਿਖਿਆ ਹੈ –

*ਦੋਹਰਾ। ਜਿਉਂ ਜਿਉਂ ਧਰਿਹੀ ਧਯਾਨ ਕੋ*
*ਤਿਉਂ ਤਿਉਂ ਧੁਨਿ ਵਧਿ ਜਾਇ।*
*ਖਸ਼ਟ ਅੰਗ ਹੈ ਯੋਗ ਕਾ*
*'ਧਯਾਨ' ਧਰਤਿ ਸੁਖ ਪਾਇ॥ ੭੧॥*
*ਚੌਪਈ। ਦ੍ਵੈ ਪ੍ਰਕਾਰ ਕੋ ਲਖਹੁ ਸੁ ਧਯਾਨਾ।*
*ਬਾਹਯ ਕਾ, ਅੰਤ੍ਰੀਕ ਬਖਾਨਾ।*
*ਬਿਸ਼ਨ ਚਤੁਰਭੁਜ ਕੋ ਜੋ ਧਯਾਨਾ।*
*ਸੋ ਬਾਹਰ ਕਾ ਜਾਨ, ਸੁਜਾਨਾ॥ ੭੨॥*
*ਗੁਰ ਕੇ ਸਬਦ ਵਿਖੈ ਜੋ ਜੋਰਾ।*
*ਨਾਭੀ, ਰਿਦੈ ਕਿ ਨਾਸਾ ਓਰਾ।*
*ਕੈ ਭ੍ਰੂ ਕੇ ਕੈ ਦਸਵੈਂ ਦ੍ਵਾਰਾ।*
*ਧਰੈ ਅਨਾਹਦ ਧੁਨਿ ਕੈ ਧਾਰਾ॥ ੭੩॥*
*ਜਬਹਿ ਅਨਾਹਦ ਧੁਨਿ ਖੁਲਿ ਜਾਵਹਿ।*
*ਕਿਧੌਂ ਜੋਤਿ ਕੋ ਧਯਾਨ ਲਗਾਵਹਿ।*
*ਇਹ ਅੰਤ੍ਰਿਕ ਮਨ ਮਹਿੰ ਪਹਿਚਾਨਹਿੰ।*
*ਸਪਤਮ ਅੰਗ ਧਾਰਨਾ ਮਾਨਹਿ॥ ੭੪॥*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 535***

ਸੱਤਵਾਂ ਅੰਗ **ਧਾਰਨਾ** ਮੰਨੀ ਹੈ। ਪਰ ਯੋਗ ਦਰਸ਼ਨ ਅਨੁਸਾਰ ਧਾਰਨਾ ਧਿਆਨ ਤੋਂ ਪਹਿਲਾਂ ਆਉਂਦੀ ਹੈ। ਜਿਸ ਵਕਤ ਆਦਮੀ ਧਿਆਨ ਕਰਦਾ ਹੈ ਤਾਂ ਮਨ ਬਾਰ-ਬਾਰ ਬਾਹਰ ਨੱਠਦਾ ਹੈ। ਇਸ ਨੂੰ ਬਾਰ-ਬਾਰ ਰੋਕ ਕੇ ਗੁਰੂ ਦੇ ਸ਼ਬਦ ਨਾਲ ਲਾਉਣਾ, ਧਾਰਨਾ ਦੀ ਕ੍ਰਿਆ ਹੁੰਦੀ ਹੈ।

ਸੰਤ ਮਹਾਰਾਜ ਜੀ ਦੱਸਿਆ ਕਰਦੇ ਸਨ ਕਿ ਜੇ ਮਨ ਢਾਈ ਮਿੰਟ ਟਿਕ ਜਾਵੇ ਤਾਂ ਸੁਰਤ ਧਿਆਨ ਵਿਚ ਦਾਖਲ ਹੋ ਜਾਂਦੀ ਹੈ। ਜਿਸ ਵਕਤ ਧਿਆਨ ਅੱਧੇ ਘੰਟੇ ਦਾ ਲਗ ਜਾਵੇ ਤਾਂ ਸਮਾਧੀ ਲਗ ਜਾਇਆ ਕਰਦੀ ਹੈ। ਗੁਰੂ ਦੇ ਸ਼ਬਦ ਵਿਚ ਜਦੋਂ ਮਨ ਨੂੰ ਰੋਕਿਆ ਹੈ, ਉਸ ਦਾ ਧਿਆਨ ਭਾਵੇਂ ਨਾਭੀ ਉਤੇ ਹੈ, ਚਾਹੇ ਨਾਸਕਾ ਦੇ ਅਗਰ ਭਾਗ ਤੇ ਹੈ, ਭਾਵੇਂ ਭਰਵੱਟਿਆਂ ਦੇ ਵਿਚਾਲੇ, ਭਾਵੇਂ ਦਸਵੇਂ ਦੁਆਰ ਵਿਚ ਹੈ, ਚਾਹੇ ਅਨਾਹਦ ਧੁਨ ਵਿਚ ਜੋੜਿਆ ਹੈ; ਜਦੋਂ ਅਨਹਦ ਧੁਨ ਖੁਲ੍ਹ ਜਾਂਦੀ ਹੈ ਫੇਰ ਜੋਤ ਦਾ ਧਿਆਨ ਲਗਾਵੇ।

ਜਦੋਂ ਮਨ ਅਡੋਲ ਹੋ ਕੇ ਠਹਿਰ ਜਾਵੇ, ਉਸ ਨੂੰ ਸਮਾਧੀ ਆਖਿਆ ਜਾਂਦਾ ਹੈ। **ਸਮਾਧੀ ਦੋ ਤਰ੍ਹਾਂ ਦੀ ਹੁੰਦੀ ਹੈ – ਇਕ ਨਿਰਵਿਕਲਪ ਸਮਾਧੀ, ਦੂਜੀ ਨੂੰ ਸਾਵਿਕਲਪ ਸਮਾਧੀ ਆਖਿਆ ਜਾਂਦਾ ਹੈ। ਜਦੋਂ ਧਿਆਤਾ ਧਿਆਨ ਅਤੇ ਧੇਅ ਇਕ ਹੋ ਜਾਣ, ਉਸ ਨੂੰ ਨਿਰ-ਵਿਕਲਪ ਸਮਾਧੀ ਕਹਿੰਦੇ ਹਨ। ਜਦੋਂ ਤੀਕਰ ਧਿਆਤਾ, ਧਿਆਨ ਅਤੇ ਧੇਅ ਵਖਰੇ ਵਖਰੇ ਪ੍ਰਤੀਤ ਦਿੰਦੇ ਹਨ ਇਹ ਸਾ-ਵਿਕਲਪ ਸਮਾਧੀ ਕਹਾਉਂਦੀ ਹੈ** ਜਿਸ ਦੇ ਚਾਰ ਭੇਦ ਹਨ। ਐਸਾ ਫੁਰਮਾਨ ਹੈ –

*ਜਬ ਮਨ ਠਹਿਰਹਿ ਹੋਇ ਅਡੋਲਾ।*
*ਤਿੰਹ ਕੋ ਨਾਮ ਸਮਾਧਿ ਅਡੋਲਾ।*
*ਸੋ ਸਮਾਧਿ ਹੈ ਉਭੈ ਪ੍ਰਕਾਰੀ।*
*ਨਿਰਵਿਕਲਪ ਸਾਕਲਪ ਉਚਾਰੀ॥ ੭੬॥*
*ਦੋਹਰਾ॥ ਧਯਾਤਾ, ਧਯਾਨ, ਸੁ ਧੇਯ,*
*ਜੋ ਪ੍ਰਿਥਕ-ਪ੍ਰਿਥਕ ਇਕ ਜਾਨ।*
*ਸੋ 'ਸਾ ਵਿਕਲਪ' ਕਹਤਿ ਹੈਂ ਜੋਗੀ ਪੁਰਖ ਸੁਜਾਨ॥੭੭॥*
*ਚੌਪਈ॥ ਆਪ ਭਿੰਨ ਨਹਿੰ ਭਿੰਨ ਧਿਆਨਾ।*
*ਧੇ ਸਭਿ ਬ੍ਰਹਮ ਰੂਪ ਕਰਿ ਜਾਨਾ।*
*'ਨਿਰਵਕਲਪ' ਸੋ ਲਖੌਂ ਸਮਾਧਿ।*
*ਐਸੇ ਅਸ਼ਟ ਅੰਗ ਤਨ ਸਾਧਿ॥ ੭੮॥*
*ਬ੍ਰਿੱਤਿ ਅਰੂਢ ਯੋਗ ਮਹਿੰ ਜੌਂ ਲੌਂ।*
*ਲੇਯ ਤਾਂਹਿ ਕੋ ਰਸ ਸ਼ੁਭ ਤੌਂ ਲੌਂ।*
*ਉਤਰਹਿ ਬ੍ਰਿੱਤਿ ਯੋਗ ਤੇ ਜਬਹੀ।*
*ਗੁਰੂ ਬਾਣੀ ਸੋਂ ਪਰਚਹਿ ਤਬਹੀ॥ ੭੯॥*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 535***

ਇਸ ਤਰ੍ਹਾਂ ਵੀ ਬਹੁਤ ਸਾਰਿਆਂ ਦਾ ਕਲਿਆਣ ਹੋ ਜਾਂਦਾ ਹੈ, ਜਗਤ ਦੇ ਬੰਧਨਾਂ ਦੀ ਹਾਨ ਹੋ ਜਾਂਦੀ ਹੈ।

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਰਾਜਨ! ਇਹ ਰਾਜ ਯੋਗ ਲੰਮਾ ਰਸਤਾ ਹੈ, ਇਸ ਵਿਚ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਨੂੰ ਕੋਈ ਕਾਮਲ ਉਸਤਾਦ ਹੀ ਕਰਾ ਸਕਦਾ ਹੈ ਪਰ ਜੇ ਇਸ ਵਿਚ ਕੋਈ ਵਿਕਾਰ ਪੈਦਾ ਹੋ ਜਾਵੇ ਤਾਂ ਸਰੀਰ ਦਾ ਸਵੱਸਥ ਵਿਗੜ ਜਾਂਦਾ ਹੈ ਅਤੇ ਸਾਰੇ ਸਾਧਨ ਅਧੂਰੇ ਰਹਿਣ ਕਰਕੇ ਕਿਸੇ ਮੰਜ਼ਲ ਤੇ ਨਹੀਂ ਪਹੁੰਚਿਆ ਕਰਦਾ। ਸੋ ਇਸ ਕਰਕੇ ਇਸ ਨੂੰ ਕੀਟੀ ਮਾਰਗ ਕਿਹਾ ਗਿਆ ਹੈ।

ਦੂਸਰਾ ਭਗਤ ਯੋਗ ਦਾ ਰਸਤਾ ਹੈ, ਉਸ ਦੇ ਵੀ ਅੱਠ ਅੰਗ ਹੋਇਆ ਕਰਦੇ ਹਨ। ਪਹਿਲਾ **ਯਮ** ਹੋਇਆ ਕਰਦਾ ਹੈ। ਆਪਣੇ ਆਪ ਵਿਚ ਅਹੰਭਾਵ ਨਾ ਆਉਣ ਦੇਣਾ ਅਤੇ ਮਨ ਨੂੰ ਨੀਵਾਂ ਰੱਖਣਾ, ਆਪਣੇ ਕਿਸੇ ਵੀ ਗੁਣ ਦਾ ਅਭਿਮਾਨ ਨਾ ਕਰਨਾ; ਜੇ ਉਸ ਦੀ ਸੰਸਾਰ ਵਿਚ ਉਪਮਾ ਵੀ ਹੋ ਰਹੀ ਹੈ ਤਾਂ ਵੀ ਅੰਦਰੋਂ ਇਹ ਸਮਝੇ ਕਿ ਮੈਂ ਕੁਝ ਨਹੀਂ ਕਰ ਰਿਹਾ, ਮੇਰੇ ਅੰਦਰ ਕੋਈ ਵੀ ਗੁਣ ਨਹੀਂ ਹੈ –

*ਪ੍ਰਿਥਮੈ 'ਯਮ' ਮਨ ਰਾਖਨ ਨੀਵਾ।*
*ਨਿਜ ਗੁਨ ਤੇ ਨਿਰਮਾਨ ਸਦੀਵਾ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 534***

ਦੂਸਰਾ **ਨੇਮ** ਇਹ ਹੈ ਕਿ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾਵੇ ਅਤੇ ਕਥਾ ਕੀਰਤਨ ਸੰਗਤ ਵਿਚ ਬੈਠ ਕੇ ਸੁਣੇ। ਜੇ ਪੜ੍ਹਨ ਦੀ ਸ਼ਕਤੀ ਪ੍ਰਮੇਸ਼ਰ ਨੇ ਦਿਤੀ ਹੋਈ ਹੈ ਤਾਂ ਨਿਤਨੇਮ ਸਮੇਂ ਅਨੁਸਾਰ ਕਰੇ। ਸੁਣਨ ਸ਼ਕਤੀ ਨੂੰ ਵਰਤ ਕੇ ਗੁਰਬਾਣੀ ਇਕ ਮਨ ਹੋ ਕੇ ਸੁਣੇ –

*ਦੂਜੋ 'ਨੇਮ' ਜਾਇ ਸਤਿਸੰਗਤਿ।*
*ਕਥਾ ਕੀਰਤਨ ਸੁਨਿ ਮਿਲ ਪੰਗਤਿ॥ ੮੧॥*



Sri Satguru Jagjit Singh Ji eLibrary NamdhariElibrary@gmail.com

***ਦੋਹਰਾ॥ ਪਵਨ ਸ਼ਕਤਿ ਜੇ ਹੋਵਈ***
***ਪਢੈ ਨੇਮ ਕਰਿ ਸੋਇ।***
***ਸੁਨਨਿ ਸ਼ਕਤਿ ਜੇ ਹੋਵਈ***
***ਸੁਨੈ ਸੁ ਇਕ ਮਨ ਹੋਇ॥ ੮੨॥***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 534***

ਤੀਸਰਾ ਅੰਗ **ਦੇਸ਼ ਇਕੰਤ** ਦਾ ਹੈ ਉਹ ਇਸ ਤਰ੍ਹਾਂ ਹੈ ਕਿ ਜੋ ਮਹਾਂਪੁਰਸ਼ਾਂ ਦੇ ਬਚਨ ਹਨ ***'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥', (ਪੰਨਾ - 485) 'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ॥ (ਪੰਨਾ - 988)*** ਤੇ ਇਨ੍ਹਾਂ ਬਚਨਾਂ ਨੂੰ ਮਨ ਵਿਚ ਧਾਰਨ ਕਰੇ। ਵਾਹਿਗੁਰੂ ਨੂੰ ਹਰ ਘਟ ਵਿਚ ਵਿਆਪਕ ਜਾਣੇ, ਹਰ ਵਕਤ ਉਸ ਦਾ ਧਿਆਨ ਹਿਰਦੇ ਵਿਚ ਧਾਰਨ ਕਰੇ। ਸੋ ਇਹ ਯੋਗ ਦਾ ਤੀਸਰਾ ਅੰਗ ਹੈ। ਜਿਵੇਂ ਕਿ -

***ਚੌਪਈ॥ ਤੀਜੋ 'ਦੇਸ਼ ਇਕੰਤ' ਬਖਾਨੈ।***
***ਸਰਬ ਵਿਖੈ ਇਕ ਗੋਬਿੰਦ ਜਾਨੈ।***
***ਔਰ ਦੂਸਰਾ ਲਖਈ ਨਾਂਹਿ।***
***ਏਕੋ ਬਯਾਪਕ ਸਭਿ ਘਟ ਮਾਂਹਿ॥ ੮੩।।***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 535***

ਚੌਥਾ ਅੰਗ **ਆਸਣ** ਹੋਇਆ ਕਰਦਾ ਹੈ। ਆਸਣ ਚਿੱਤ ਦੀ ਇਕਾਗਰਤਾ ਨੂੰ ਆਖਿਆ ਜਾਂਦਾ ਹੈ। ਚਿਤ ਨੂੰ ਵਾਹਿਗੁਰੂ ਵਿਚ ਟਿਕਾਵੇ, ਵੱਧ ਤੋਂ ਵੱਧ ਸਮਾਂ ਚਿੱਤ ਦੇ ਆਸਣ ਤੇ ਬੈਠ ਕੇ ਵਾਹਿਗੁਰੂ ਜੀ ਨੂੰ ਹਰ ਘਟ ਵਿਚ ਵਿਆਪਕ ਸਮਝੇ।

ਪੰਜਵਾਂ ਅੰਗ **ਪ੍ਰਾਣਾਯਾਮ** ਹੈ ਜਿਸਦੇ ਤਿੰਨ ਭੇਦ ਰੇਚਕ, ਪੂਰਕ ਅਤੇ ਕੁੰਭਕ ਹਨ। ਗੁਰੂ ਦੇ ਬਚਨ ਸੁਣ ਕੇ ਸਾਰੇ ਬਚਨ ਅੰਦਰ ਲੈ ਜਾਵੇ, ਇਸ ਨੂੰ ਪੂਰਕ ਆਖਿਆ ਜਾਂਦਾ ਹੈ। ਜਿਹੜੇ ਬਚਨ ਸੁਣੇ ਹਨ ਉਨ੍ਹਾਂ ਦੇ ਅੰਤਰੀਵ ਭਾਵ ਹਿਰਦੇ ਵਿਚ ਟਿਕਾਵੇ, ਇਹ ਕੁੰਭਕ ਹੋਇਆ ਕਰਦਾ ਹੈ। ਜੋ ਗੁਰੂ ਮਹਾਰਾਜ ਦਸਦੇ ਹਨ ਕਿ ਅਵਗੁਣਾਂ ਦਾ ਪ੍ਰਤਿਆਗ ਕਰੇ, ਉਨ੍ਹਾਂ ਨੂੰ ਆਪਣੇ ਅੰਦਰ ਨਾ ਟਿਕਣ ਦੇਵੇ। ਜੋ ਬਚਨ ਸੁਣੇ ਹਨ ਉਨ੍ਹਾਂ ਨੂੰ ਹਿਰਦੇ ਵਿਚ ਪੂਰੀ ਸ਼ਰਧਾ ਤੇ ਵਿਸ਼ਵਾਸ਼ ਨਾਲ ਧਾਰਨ ਕਰ ਲਵੇ। ਸਤਿਗੁਰੂ ਦੇ ਜੋ ਬਚਨ ਆਉਂਦੇ ਹਨ, ਜੋ ਵਿਕਾਰਾਂ ਨੂੰ ਛੱਡਣ ਵਾਸਤੇ ਕਹਿੰਦੇ ਹਨ ਉਨ੍ਹਾਂ ਵਿਕਾਰਾਂ ਨੂੰ ਛੱਡ ਦੇਵੇ। ਇਸ ਨੂੰ **ਰੇਚਕ** ਕਹਿੰਦੇ ਹਨ। ਇਸ ਤਰ੍ਹਾਂ ਇਹ ਰੇਚਕ, ਪੂਰਕ, ਕੁੰਭਕ ਦੀ ਕ੍ਰਿਆ ਸਹਿਜ ਨਾਲ ਹੀ ਹੁੰਦੀ ਰਹਿੰਦੀ ਹੈ। ਇਸ ਬਾਰੇ ਐਸਾ ਆਇਆ ਹੈ ਕਿ -

***ਚੌਥੋ 'ਆਸਨ' ਸਮਝਹੁ ਚਿੱਤ।***
***ਕਰਹਿ ਗੁਬਿੰਦ ਵਿਖੈ ਥਿਤਿ ਬ੍ਰਿੱਤਿ।***
***ਪੰਚਮ 'ਪ੍ਰਾਣਾਯਾਮੰ' ਚੀਨਿ।***
***ਪੂਰਕ, ਕੁੰਭਕ, ਰੇਚਕ ਤੀਨ॥ ੮੪॥***
***ਦੋਹਰਾ॥ 'ਪੂਰਕ' ਗੁਰੁ ਕੇ ਬਚਨ ਸੁਨਿ***
***ਸਭੈ ਕਰਖ ਕਰਿ ਲੇਯ।***
***ਬਚ ਸੁਨਿ ਸਮਝੀ ਵਸਤੁ***
***ਜੋ ਰਿਦੇ ਸਦਾ ਥਿਰ ਕੇਯ॥੮੫॥***
***ਚੌਪਈ॥ ਕਰ ਅਭਿਆਸ ਨ ਤਿਹਂ ਪਰਿਹਰੈ॥***
***ਸਦ ਠਹਿਰਾਵਨ ਮਨ ਮੈਂ ਕਰੈ।***
***'ਕੁੰਭਕ' ਦੂਜੋ ਇਸੀ ਪ੍ਰਕਾਰਾ।***
***ਤੀਜੋ ਰੇਚਕ ਕਰੌਂ ਉਚਾਰਾ॥ ੮੬॥***
***ਸਤਿਗੁਰੁ ਬਚਨ ਜੁ ਤਜਿਨਾ ਕਹਾ।***
***ਤਿਹਂ ਤਜਿ ਦੇਯ, ਹੋਤਿ ਸੁਖ ਮਹਾਂ।***
***ਖਸ਼ਟਮ 'ਧਯਾਨ' ਅੰਗ ਸੁਨਿ ਜੈਸੈ।***
***ਪਵਨ ਸੁਨਨ ਗੁਰੁ ਬਚ ਜਬ ਬੈਸੈ॥ ੮੭॥***
***ਸਬਦ ਅਰਥ ਮਹਿਂ ਰਾਖਹਿ ਧਯਾਨਾ।***
***ਫੁਰਨ ਦੇਯ ਸੰਕਲਪ ਨ ਆਨਾ।***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 536***

ਗੁਰੂ ਦੇ ਬਚਨਾਂ ਨੂੰ ਪੂਰੇ ਧਿਆਨ ਨਾਲ ਪੜ੍ਹੇ ਅਤੇ ਜੋ ਸਿਧਾਂਤ ਗੁਰੂ ਮਹਾਰਾਜ ਦਸਦੇ ਹਨ ਹਿਰਦੇ ਵਿਚ ਧਾਰਨ ਕਰੇ। ਸ਼ਬਦ ਦੇ ਅਰਥਾਂ ਵਿਚ ਧਿਆਨ ਦੇਵੇ, ਮਨ ਵਿਚ ਕੋਈ ਫੁਰਨਾ ਫੁਰਨ ਨਾ ਦੇਵੇ। ਇਸ ਤੋਂ ਬਾਅਦ **ਧਾਰਨਾ** ਦਸਦੇ ਹਨ; ਜੇ ਕੋਈ ਫੁਰਨਾ ਆਵੇ, ਸੰਕਲਪ ਆਵੇ ਫੇਰ ਮਨ ਨੂੰ ਬਾਰ-ਬਾਰ ਰੋਕ ਕੇ ਲਾਵੇ।

***ਸਪਤਮ ਅਹੈ 'ਧਾਰਨਾ' ਅੰਗਾ।***
***ਤਿਸ ਸਰੂਪ ਸੁਨਿਯੇ ਰੁਚਿ ਸੰਗਾ॥ ੮੮॥***
***ਮਨ ਸੰਕਲਪ ਵਿਖੈ ਜੇ ਜਾਵਹਿ।***
***ਪੁਨ ਮਨ ਰੋਕਿ ਸ਼ਬਦ ਮਹਿਂ ਲਾਵਹਿ।***
***ਜਬ ਮਨ ਟਿਕਯੋ ਘਟੀ ਦੋ ਚਾਰਾ।***
***ਤਿੰਹਕੋ ਨਾਮ 'ਸਮਾਧਿ' ਉਚਾਰਾ॥***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 536***

ਅੱਠਵਾਂ ਅੰਗ **ਸਮਾਧ** ਹੋਇਆ ਕਰਦਾ ਹੈ। ਸ਼ਬਦ ਵਿਚ ਜਦੋਂ ਲੀਨ ਹੋ ਜਾਵੇ, ਫੁਰਨਾ ਰੁਕ ਜਾਵੇ ਉਸ ਨੂੰ ਸਮਾਧੀ ਆਖਿਆ ਜਾਂਦਾ ਹੈ। ਸਮਾਧੀ ਨੂੰ ਤਨ ਮਨ ਸਾਧ ਕੇ ਜੋੜੇ, ਇਥੋਂ ਤਕ ਵਧਾ ਲਵੇ ਕਿ ਅੱਠੋ ਪਹਿਰ ਅੰਦਰ ਸ਼ਬਦ ਚਲਦਾ ਰਹੇ। ਉਸ ਵੇਲੇ ਸਮਾਧੀ ਪੂਰਨ ਹੋਇਆ ਕਰਦੀ ਹੈ। ਇਸ ਬਾਰੇ ਫੁਰਮਾਨ ਹੈ -

***ਅਸ਼ਟ ਜਾਮ ਮਨ ਸ਼ਬਦ ਵਿਖੈ ਜਬ।***
***ਪੂਰਨ ਹੋਤਿ ਸਮਾਧਿ ਭਲੇ ਤਬ॥ ੯੦॥***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 536***

ਸੋ ਗੁਰੂ ਮਹਾਰਾਜ ਕਹਿਣ ਲੱਗੇ, ਰਾਜਨ! ਕਸ਼ਟ ਯੋਗ ਜਿਸਨੂੰ ਰਾਜ ਯੋਗ ਕਹਿੰਦੇ ਹਨ ਉਹ ਤੂੰ ਵਿਸਥਾਰ ਨਾਲ ਸੁਣ ਲਿਆ ਹੈ, ਭਗਤ ਯੋਗ ਵੀ ਸੁਣ ਲਿਆ ਹੈ ਇਸ ਨੂੰ ਸਾਧਣ ਲਈ ਬਹੁਤ ਸਮੇਂ ਦੀ ਲੋੜ ਹੈ। ਕਲਜੁਗ ਵਿਚ ਇਹ ਸਾਧਨ ਕਰਨੇ ਬਹੁਤ ਔਖੇ ਹਨ, ਹਰ ਕੋਈ ਇਹ ਸਾਧਨ ਨਹੀਂ ਕਰ ਸਕਦਾ ਪਰ ਭਗਤਿ ਯੋਗ ਹਰ ਬੰਦਾ ਕਰ ਸਕਦਾ ਹੈ ਭਾਵੇਂ ਉਹ ਪੜ੍ਹਿਆ ਹੈ, ਚਾਹੇ ਅਨਪੜ੍ਹ ਹੈ ਕਿਉਂਕਿ ਇਹ ਬਹੁਤ ਹੀ ਸੁਖੈਨ ਹੈ।



Sri Satguru Jagjit Singh Ji eLibrary NamdhariElibrary@gmail.com

*ਭਗਤਿ ਜੋਗ ਇਹ ਜਾਨਿਯੇ ਕਲਿ ਮਹਿਂ ਪੰਥ ਸੁਖੇਨ।*
*ਕਸ਼ਟ ਜੋਗ ਦੁਸ਼ਤਰ ਅਹੈ ਹੋਇ ਨ ਜੇਨੰਕੇਨ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 536***

ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਇਸ ਨੂੰ ਸਮਝਾਇਆ। ਰਾਜਾ ਸ਼ਿਵਨਾਭ ਹੱਥ ਜੋੜ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਮਸਤਕ ਨਿਵਾ ਰਿਹਾ ਹੈ। ਸ਼ਿਵਨਾਭ ਨੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਦੋਵੇਂ ਰਸਤਿਆਂ ਦਾ ਅਭਿਆਸ ਕਰਨਾ ਚਾਹੁੰਦਾ ਹਾਂ ਕਿਉਂਕਿ ਮਨ ਨੂੰ ਨਿਰਮਲ ਕਰਨ ਦੇ ਇਹੀ ਦੋਵੇਂ ਰਸਤੇ ਹਨ। ਆਪ ਮੇਰੇ ਉਪਰ ਕ੍ਰਿਪਾ ਕਰੋ ਅਤੇ ਮੇਰੇ ਤੋਂ ਰਾਜ ਯੋਗ ਤੇ ਭਗਤ ਯੋਗ ਦੋਵੇਂ ਕਰਾ ਲਓ। ਰਾਜੇ ਸ਼ਿਵਨਾਭ ਨੇ ਬੇਨਤੀ ਕੀਤੀ ਕਿ ਮੈਂ ਆਪ ਦੀ ਦੇਖ ਰੇਖ ਵਿਚ ਇਹ ਸਾਧਨ ਕਰਨੇ ਚਾਹੁੰਦਾ ਹਾਂ। ਲਿਖਿਆ ਮਿਲਦਾ ਹੈ -

*ਸੁਨਿ ਕਰਿ ਸ਼੍ਰੀ ਗੁਰ ਕੋ ਉਪਦੇਸ਼ਾ।*
*ਹਾਥ ਬੰਦਿ ਦ੍ਵੈ ਕਹਿਤਿ ਨਰੇਸ਼ਾ।*
*ਮਨ ਨਿਰਮਲ ਕੇ ਮਾਰਗ ਦੋਊ।*
*ਕਰੁਨਾਕਰਿ ਬਖ਼ਸ਼ਹੁ, ਦੁਖ ਖੋਊ!॥੨॥*
*ਕਰਹੁ ਸਰਬ ਮਮ ਦੇਸ਼ ਨਿਹਾਲਾ।*
*ਤੁਮ ਸਮਾਨ ਨਹਿਂ ਆਨ ਕ੍ਰਿਪਾਲਾ॥*
*ਕਰਹੁ ਸਦੀਵ ਬਾਸ ਮੁਝ ਸਦਨਾ।*
*ਹਰਖੋਂ ਹੇਰਿ ਕਮਲ ਸਮ ਬਦਨਾ॥੩॥*
*ਜਿਸ ਪ੍ਰਕਾਰ ਤੁਮ ਕਿਤਨੇ ਕੋਸਾ।*
*ਚਲਿ ਆਏ ਨਿਜ ਦੇਨਿ ਭਰੋਸਾ।*
*ਤਿਸੀ ਪ੍ਰਕਾਰ ਰਹਿਨ ਅਬ ਕੀਜੈ।*
*ਸਰਬ ਦੇਸ਼ ਉਪਦੇਸ਼ਹਿ ਦੀਜੈ॥੪॥*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 537***

ਉਸ ਦੀ ਪ੍ਰੇਮ ਨਾਲ ਕੀਤੀ ਹੋਈ ਬੇਨਤੀ ਨੂੰ ਸੁਣ ਕੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਚਰਨ ਪਾਹੁਲ ਦੇ ਕੇ ਸਿੱਖੀ ਬਖਸ਼ੀ। ਰਾਜੇ ਨੇ ਬੇਨਤੀ ਕੀਤੀ ਕਿ ਮਹਾਰਾਜ! ਧਰਮਸਾਲ ਵਿਚ ਆਪ ਬਿਰਾਜਮਾਨ ਹੋਵੋ ਅਤੇ ਸਭ ਨੂੰ ਤਾਰੋ। ਧਰਮ ਗ੍ਰੰਥਾਂ ਵਿਚ ਐਸਾ ਆਉਂਦਾ ਹੈ ਕਿ ਪ੍ਰਾਣ ਸੰਗਲੀ ਦਾ ਉਚਾਰਨ ਕੀਤਾ, 113 ਅਧਿਆਇ ਰਚੇ ਹਨ। ਇਹ ਵੀ ਕਿਹਾ ਕਿ ਜਦੋਂ ਕੋਈ ਸਾਡਾ ਸਿੱਖ ਇਸ ਦੇਸ਼ ਵਿਚ ਆਵੇਗਾ, ਤੁਸੀਂ ਉਸ ਨੂੰ ਇਹ ਪੋਥੀ ਦੇ ਦੇਣਾ। ਗੁਰੂ ਮਹਾਰਾਜ ਨੇ ਉਥੇ ਠਹਿਰ ਕੇ ਰਾਜਾ ਸ਼ਿਵਨਾਭ ਨੂੰ ਹੱਠ ਯੋਗ ਤੇ ਭਗਤ ਯੋਗ ਦੋਵੇਂ ਪਰਪੱਕ ਕਰਾ ਦਿਤੇ। ਉਸ ਦੇਸ਼ ਵਿਚ ਸਿੱਖੀ ਫੈਲ ਗਈ ਅਤੇ ਸਾਰੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲੱਗੇ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਅਤੇ ਗੁਰ ਸਤੋਤਰ ਵਿਚ ਬੋਲੋ।

***'ਚਲਦਾ'***

**LLLLLLL**

## ਸੋਧ

ਆਤਮ ਮਾਰਗ ਮਹੀਨਾ ਨਵੰਬਰ, ਪੰਨਾ 11 ਉਪਰ 'ਭਾਈ ਲਾਲੋ ਖੱਤਰੀ' ਦੀ ਥਾਂ 'ਭਾਈ ਲਾਲੋ ਕਿਰਤੀ' ਪੜ੍ਹਿਆ ਜਾਵੇ ਜੀ।

***ਚੀਫ ਐਡੀਟਰ***

(ਪੰਨਾ 2 ਦੀ ਬਾਕੀ)

ਸਿਮਰਨ ਵਿਚ ਜੁੜਨ ਨੂੰ ਜੀਅ ਕਰਦਾ ਹੈ। ਮਹਾਂਪੁਰਸ਼ਾਂ ਦੀ ਕਮਾਈ ਸਦਕਾ ਇਹ ਮਾਨ ਸਰੋਵਰ ਹੋਂਦ ਵਿਚ ਆਇਆ ਜਿਥੇ ਸਿੱਖ ਹੰਸ ਜੁੜ ਕੇ ਪ੍ਰਭੂ ਪਿਆਰ ਦੇ ਮਾਣਕ ਮੋਤੀ ਚੁਗਦੇ ਜੀਵਨ ਸਫਲਾ ਕਰ ਰਹੇ ਹਨ। ਇਹ ਅਦਭੁਤ ਰਚਨਾ ਗੁਰੂ ਦੇ ਹੁਕਮ ਵਿਚ ਹੋਈ ਹੈ -

*ਸਿਖ ਹੰਸ ਸਰਵਰਿ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ॥*
*ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ*
*ਖਾਇ ਖਰਚਿ ਰਹੇ ਤੋਟਿ ਨ ਆਵੈ॥*
*ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ॥*

***ਪੰਨਾ - 960***

ਪਰ ਗੁਰੂ ਘਰ ਵਿਚ ਆਉਂਦੇ ਓਹੀ ਹਨ ਜਿਨ੍ਹਾਂ ਦੇ ਉਚੇ ਭਾਗ ਹੁੰਦੇ ਹਨ। ਉਹ ਆਪ ਵੀ ਤਰ ਜਾਂਦੇ ਹਨ, ਸਾਰਾ ਪਰਿਵਾਰ ਵੀ ਤਾਰ ਲੈਂਦੇ ਹਨ ਸਗੋਂ ਸਾਰੀ ਸ੍ਰਿਸ਼ਟੀ ਨੂੰ ਤਾਰਨ ਯੋਗ ਹੋ ਜਾਂਦੇ ਹਨ -

*ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ॥*
*ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟਿ ਛਡਾਵੈ॥*

***ਪੰਨਾ - 960***

ਤੁਸੀਂ ਅਸੀਂ ਸਾਰੇ ਗੁਰੂ ਘਰ ਨਾਲ ਜੁੜੇ, ਨਾਮ ਬਾਣੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ, ਮਹਾਂਪੁਰਸ਼ਾਂ ਦੀਆਂ ਅਸੀਸਾਂ ਲੈਂਦੇ ਸਚਮੁੱਚ ਵਡਭਾਗੀ ਹਾਂ। ਸਤਿਗੁਰੂ ਨਵੇਂ ਸਾਲ ਵਿਚ ਆਪ ਨੂੰ ਨਾਮ ਰੰਗ ਵਿਚ ਰੰਗ ਕੇ ਦੂਜਿਆਂ ਨੂੰ ਪ੍ਰੇਰਿਤ ਕਰਨ ਯੋਗ ਬਣਾਏ। ਆਤਮ ਮਾਰਗ ਦੇ ਪਰਿਵਾਰ ਵਿਚ ਵਾਧਾ ਕਰਨ ਦੀ ਸਮਰੱਥਾ ਬਖਸ਼ੇ।

***ਡਾ. ਜਗਜੀਤ ਸਿੰਘ***

**LLLLLLL**

**For more information**
**please visit us on internet at:-**
**hppt://www.atammarg.org**
**&**
**hppt://www.atammarg.com**



Sri Satguru Jagjit Singh Ji eLibrary NamdhariElibrary@gmail.com

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 33)*

## ਟਿਕਟ ਲੈਣ ਦੀ ਅਚਰਜ ਖੇਡ -

ਓਦੋਂ ਹੀ ਪਤਾ ਲਗਾ ਕਿ ਕਿਲ੍ਹਾ ਰਾਇਪੁਰ ਰੇਲਵੇ ਸਟੇਸ਼ਨ ਤੇ ਆ ਪੁਜੇ। ਓਥੋਂ ਦਾ ਸਟੇਸ਼ਨ-ਮਾਸਟਰ ਇਕ ਬੜਾ ਸਿਖ ਪ੍ਰੇਮੀ ਸਜਣ ਸੀ, ਜਿਸ ਨੇ ਸਾਨੂੰ ਬਾਹਰਵਾਰ ਪਲੇਟ-ਫਾਰਮ ਤੇ ਕੁਰਸੀਆਂ ਵਿਛਾ ਦਿਤੀਆਂ। ਦੋਹਾਂ ਪਾਸਿਆਂ ਤੋਂ ਗੱਡੀਆਂ ਦਾ ਕ੍ਰਾਸ ਓਥੇ ਹੀ ਹੋਣਾ ਸੀ। ਜਦੋਂ ਗੱਡੀਆਂ ਆਉਣ ਦਾ ਸਮਾਂ ਹੋਇਆ, ਸਾਨੂੰ ਸਟੇਸ਼ਨ-ਮਾਸਟਰ ਨੇ ਆ ਹਲੂਣਿਆ ਤੇ ਬੜੇ ਅਦਬ ਤੇ ਪ੍ਰੇਮ ਨਾਲ ਪੁਛਣ ਲਗਾ, "ਭਾਈ ਸਾਹਿਬ, ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ?" ਅਸਾਂ ਕਿਹਾ ਕਿ ਭਾਈ ਸਾਨੂੰ ਤਾਂ ਪਤਾ ਨਹੀਂ, ਅਸਾਂ ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ ਤੇ ਕਿਥੇ ਜਾਣਾ ਹੈ। ਉਹ ਸਟੇਸ਼ਨ-ਮਾਸਟਰ ਪਹਿਲਾਂ ਹੀ ਇਸ ਪ੍ਰੇਮ-ਵੈਰਾਗੀ ਦੀ ਸ਼ਕਲ ਕੁਛ ਵਾਕਫਕਾਰ ਸੀ, ਨਿਮੋਝੂਣਾ ਹੋ ਕੇ ਪੁਛਣ ਲਗਾ, "ਹੁਕਮ ਕਰੋ, ਮੈਂ ਕਿਵੇਂ ਕਰਾਂ?" ਅਸਾਂ ਕਿਹਾ, "ਪਿਆਰਿਆ, ਸਾਨੂੰ ਤਾਂ ਪਤਾ ਨਹੀਂ ਕਿਥੇ ਜਾਣਾ ਹੈ ਤੇ ਕਿਸ ਸਟੇਸ਼ਨ ਤੇ ਜਾਣਾ ਹੈ, ਇਹ ਜ਼ਰੂਰ ਪ੍ਰਤੀਤ ਹੁੰਦਾ ਹੈ ਕਿ ਜਿਸ ਨੇ ਇਥੇ ਸਟੇਸ਼ਨ ਤੇ ਲਿਆਂਦਾ ਹੈ, ਜ਼ਰੂਰ ਕਿਸੇ ਪਾਸੇ ਟਿਕਟ ਲੈ ਕੇ ਜਾਣ ਲਈ ਹੀ ਲਿਆਂਦਾ ਹੈ। ਸਾਡੇ ਪਾਸ ਤਾਂ ਟਿਕਟ ਲੈਣ ਲਈ ਰੋਕੜ ਮਾਇਆ ਵੀ ਨਹੀਂ। ਉਸ ਸਟੇਸ਼ਨ-ਮਾਸਟਰ ਨੇ ਬੜੀ ਅਧੀਨਗੀ ਨਾਲ ਆਖਿਆ, "ਮਾਇਆ ਦਾ ਫਿਕਰ ਨਾ ਕਰੋ, ਸਾਰੀ ਗੁਰੂ ਦੀ ਮਾਇਆ ਹੈ, ਹੁਕਮ ਕਰੋ ਕਿਥੋਂ ਦਾ ਟਿਕਟ ਲਿਆਵਾਂ? ਅਸਾਂ ਕਿਹਾ, "ਸਾਨੂੰ ਪਤਾ ਨਹੀਂ ਕਿਥੋਂ ਦਾ ਟਿਕਟ ਲੈਣਾ ਹੈ, ਤੂੰ ਇਸ ਤਰ੍ਹਾਂ ਕਰ, ਟਿਕਟਾਂ ਵਾਲੇ ਅਲਮਾਰੇ ਅੱਗੇ ਖਲੋ ਕੇ ਅੱਖਾਂ ਮੀਟ ਕੇ ਮੂਲਮੰਤਰ ਸਤਿਨਾਮ ਦਾ ਪਉੜਾ ਪੜ੍ਹ ਕੇ ਜਿਸ ਖਾਨੇ ਵਿਚ ਹੱਥ ਪਾਵੇਂਗਾ, ਸਾਡੇ ਲਈ ਪੰਜ ਟਿਕਟਾਂ ਲੈ ਆਵੀਂ। ਇਸ ਤਰ੍ਹਾਂ ਅੰਬਾਲੇ ਛਾਉਣੀ ਦੇ ਟਿਕਟ ਨਿਕਲੇ। ਭਾਈ ਸਰਵਣ ਸਿੰਘ ਜੀ ਫੌਰਨ ਤਾੜ ਗਏ ਕਿ ਛਾਉਣੀ ਅੰਦਰ ਬਾਬੂ ਮੱਲ ਸਿੰਘ ਤੇ ਭਾਈ ਪਿਆਰਾ ਸਿੰਘ ਦੀਆਂ ਰੂਹਾਂ ਖਿੱਚ ਰਹੀਆਂ ਹਨ, ਬੱਸ ਅੱਸਾਂ ਉਥੇ ਪੁੱਜਣਾ ਹੈ। ਇੰਨੇ ਵਿਚ ਭਾਈ ਵਰਿਆਮ ਸਿੰਘ ਸਾਡੇ ਨਾਲ ਦੇ ਸਤਿਸੰਗੀ ਦੀ ਜੇਬ ਵਿਚ ਇਕ ਬਟੂਏ ਵਿਚੋਂ ਮਾਇਆ ਨਿਕਲੀ, ਟਿਕਟਾਂ ਦੀ ਮਾਇਆ ਸਭ ਉਤਾਰ ਦਿਤੀ।

ਲੁਧਿਆਣੇ ਜਾਣ ਵਾਲੀ ਗੱਡੀ ਪਲੇਟ ਫਾਰਮ ਤੇ ਆ ਖੜੋਤੀ। ਗੱਡੀ ਅਜੇ ਚੱਲਣ ਹੀ ਲੱਗੀ ਸੀ ਕਿ ਰਾਏਪੁਰ ਤੋਂ ਦੋ ਸੱਜਣ ਗੁਰਮੁਖ ਤਿਆਰ-ਬਰ-ਤਿਆਰ ਡੱਬੇ ਅੱਗੇ ਆਇ ਖਲੋਤੇ। ਸ਼ਰਬਤ ਜਲ ਦੇ ਬਾਟੇ ਭਰੇ ਹੋਏ ਸਾਡੇ ਪੇਸ਼ ਕੀਤੇ ਤੇ ਐਸੇ ਪ੍ਰੇਮ-ਬੇਧਨਾ ਸਹਿਤ ਬੇਨਤੀ ਕੀਤੀ ਕਿ ਜ਼ਰੂਰ ਛਕਣੇ ਹੋਣਗੇ। ਸਾਨੂੰ ਕਈ ਡੰਗ ਹੋ ਗਏ ਸੀ ਕਿ ਕੁਛ ਖਾਨ ਪਾਨ ਨਹੀਂ ਕੀਤਾ ਸੀ। ਉਸ ਪ੍ਰੇਮ ਬੇਨਤੀ ਨਾਲ ਐਸੇ ਬੇਧੇ ਗਏ ਕਿ ਅਸੀਂ ਇਕ ਇਕ ਬਾਟਾ ਜਲ ਦਾ ਚਾੜ੍ਹ ਗਏ। ਉਹ ਪ੍ਰੇਮ-ਸ਼ਰਬਤ ਦੇ ਬਾਟੇ ਅੰਦਰ ਚੜ੍ਹਨ ਦੀ ਦੇਰ ਸੀ ਕਿ ਪ੍ਰੇਮ-ਫਰਾਟੇ ਨਾਮ ਦੇ ਹੋਰ ਭੀ ਜ਼ੋਰੋ ਜ਼ੋਰ ਵਜਣ ਲੱਗੇ। ਵੀਰ ਗੁਰਬਖ਼ਸ਼ ਸਿੰਘ ਜੀ ਨੇ ਪ੍ਰੇਮ-ਲਟਕੋਰ ਵਿਚ ਆ ਕੇ 'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ' ਵਾਲਾ ਸ਼ਬਦ ਹਿਰਦੇ-ਬੇਧਨਾ ਅਲਾਪਣਾ ਅਰੰਭ ਕੀਤਾ। ਅਲਾਪੀ ਜਾਣ ਤੇ ਆਤਮ ਰੰਗ ਵਿਚ ਰੰਗਾਪੀ ਜਾਣ। ਨੈਣਾਂ ਵਿਚੋਂ ਨੀਰ ਝਰਨ ਝਰਨ ਜਾਰੀ ਹੈ। ਬੈਰਾਗ-ਬੇਧਨੀ-ਧੁਨੀ ਸਾਰੇ ਸਰੋਤੇ ਜਨਾਂ ਦੇ ਹਿਰਦੇ ਨੂੰ ਚੀਰ ਚੀਰ ਕੇ ਵਲੂੰਦਰੀ ਜਾਂਦੀ ਹੈ। ਬੱਸ, ਉਸੇ ਲੰਬੇ ਚੌੜੇ ਡੱਬੇ ਵਿਚ ਬੈਠੇ ਜਿਤਨੇ ਭੀ ਮੁਸਾਫਰ ਸਨ, ਕੀ ਹਿੰਦੂ, ਕੀ ਮੁਸਲਮਾਨ, ਕੀ ਸਿੱਖ ਸਾਰਿਆਂ ਦੇ ਨੇਤਰਾਂ ਵਿਚੋਂ ਨੀਰ ਵਹਿ ਤੁਰਿਆ।

## ਮੁਸਲਮਾਨ ਫਕੀਰ ਦੀ ਬਿਹਬਲਤਾ -

ਅਗਲੇ ਸਟੇਸ਼ਨ ਤੇ ਗੱਡੀ ਜਦ ਠਹਿਰੀ, ਇਕ ਮੁਸਲਮਾਨ ਫਕੀਰ ਦੁਹਾਈਆਂ ਦੇ ਕੇ ਇਸ ਬਿਧ ਪੁਕਾਰਨ ਲੱਗਾ, "ਹੇ ਰੱਬਾ, ਇਸ ਬਾਲੜੇ ਨੌਜਵਾਨ ਨੇ ਸਾਨੂੰ ਕੋਹ ਛੱਡਿਆ ਹੈ। ਪਤਾ ਨਹੀਂ ਇਸ ਨੂੰ ਕੀ ਜੀਵਨ-ਬੂਟੀ ਮਿਲੀ ਹੈ, ਸਾਨੂੰ ਭੀ ਇਹ ਜੀਵਨ-ਬੂਟੀ ਪ੍ਰਾਪਤ ਹੋਵੇ ਤਾਂ ਬਚਦੇ ਹਾਂ, ਨਹੀਂ ਤਾਂ ਜੀਵਨਾ ਧ੍ਰਿਗ ਹੈ। ਕਈ ਅਨਭੋਲ ਸਾਨੂੰ ਪੁੱਛਣ, "ਇਸ ਬਚੜੇ ਦਾ ਕੋਈ ਸਬੰਧੀ ਗੁਜ਼ਰ ਗਿਆ ਹੈ, ਜਿਸ ਦੇ ਵਿਜੋਗ ਵਿਚ ਇਹ ਰੋਂਦਾ ਹੈ?" ਮੁਸਲਮਾਨ ਫਕੀਰ ਆਖੇ, 'ਓ ਭੈੜਿਓ! ਇਸ ਦੇ ਚਿਹਰੇ ਵਲ ਤਾਂ ਵੇਖੋ, ਕੈਸਾ ਜਲਾਲ ਹੈ, ਸੰਸਾਰ ਤੋਂ ਮਰ-ਲੱਥਿਆਂ ਦੇ ਇਹ ਹਾਲ ਹੁੰਦੇ ਹਨ?" ਲੁਧਿਆਣੇ ਤਾਈਂ ਇਕ-ਤਾਰ ਇਹੀ ਦਸ਼ਾ ਬਣੀ ਰਹੀ। ਕਈਆਂ ਮੁਸਾਫਰਾਂ ਨੂੰ ਵਿਚਕਾਰਲੇ ਸਟੇਸ਼ਨਾਂ ਤੇ ਉਤਰਨਾ ਹੀ ਭੁੱਲ ਗਿਆ। ਲੁਧਿਆਣੇ ਆ ਗੱਡੀ ਬਦਲਣੀ ਸੀ, ਅਸੀਂ ਉਥੇ ਪਲੇਟ-ਫਾਰਮ ਤੇ ਉਤਰ ਖੜੋਏ। ਕਈ ਮੁਸਾਫਰ ਤਾਂ ਪਲੇਟ ਫਾਰਮ ਤੇ ਲੰਬੇ ਪੈ ਗਏ ਕਿ ਸਾਨੂੰ ਭੀ ਨਾਲ ਲੈ ਚੱਲੋ। ਆਪਣੇ ਰੰਗਾਂ ਵਿਚ ਉਨ੍ਹਾਂ ਦੀ ਪ੍ਰਵਾਹ ਨਾ ਕਰਦੇ ਹੋਏ ਅੰਬਾਲੇ ਵਾਲੀ ਗੱਡੀ ਵਿਚ ਜਾ ਚੜ੍ਹੇ, ਬਸ ਸਾਰੇ ਰਾਹ ਉਸ ਡੱਬੇ ਵਿਚ ਭੀ ਕੀਰਤਨ ਹੁੰਦਾ ਗਿਆ। ਅਨੇਕਾਂ ਰੂਹਾਂ ਕੁੱਠੀਆਂ ਮੁੱਠੀਆਂ ਗਈਆਂ, ਵਿਰਲਾਪ ਹੀ ਵਿਰਲਾਪ ਉਨ੍ਹਾਂ ਦੇ ਪੱਲੇ ਰਹਿ ਗਿਆ। ਆਪੋ ਆਪਣੇ ਧੰਧ-ਬੰਧਾਂ ਦੇ ਗ੍ਰਸੇ ਹੋਏ ਪਿਛਾਂਹ ਹੀ ਰਹਿ ਗਏ। ਰਾਜਪੁਰੇ ਜਾ ਕੇ ਫੇਰ ਗੱਡੀ ਬਦਲਣੀ ਸੀ, ਜੋ ਬੜੀ ਪਛੜ ਕੇ ਆਈ ਤੇ ਰਾਤ ਨੂੰ ਪਛੜ ਕੇ ਹੀ ਅਸੀਂ ਅੰਬਾਲੇ ਸਟੇਸ਼ਨ ਤੇ ਪੁੱਜੇ। ਅੰਬਾਲੇ ਛਾਉਣੀ ਸਹੀ ਸਲਾਮਤ ਆ ਪੁੱਜੇ। ਪਤਾ ਨਹੀਂ ਕੌਣ ਅਗਵਾਈ ਕਰਦਾ ਸੀ, ਕੌਣ ਮਾਰਗ ਦਸਦਾ ਸੀ। ਰਾਤ ਦੇ 11 ਵਜੇ ਭਾਈ ਪਿਆਰਾ ਸਿੰਘ ਦਾ ਬੂਹਾ ਆ ਖੜਕਾਇਆ, ਜੋ ਅਜਕਲ੍ਹ ਕਰਨੈਲ ਪਿਆਰਾ ਸਿੰਘ ਜੈਪੁਰ ਵਾਲੇ ਹਨ।

## ਅੰਬਾਲਾ ਛਾਉਣੀ ਦੇ ਕੌਤਕ -

ਭਾਈ ਪਿਆਰਾ ਸਿੰਘ ਪਹਿਲਾਂ ਹੀ ਸਰਬਲੋਹ ਦੇ ਲੰਗਰ ਦਾ ਤਿਆਰਾ ਕਰੀ ਬੈਠੇ ਸਨ, ਜਿਵੇਂ ਉਨ੍ਹਾਂ ਨੂੰ ਪਹਿਲਾਂ ਹੀ ਵਾਇਰਲੈੱਸ ਪਹੁੰਚ ਗਈ ਹੁੰਦੀ ਹੈ। 18 ਨੰਬਰ ਦੇ ਕੁਆਟਰ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਇਕ-ਦਮ ਬਾਬੂ ਮੱਲ ਸਿੰਘ ਜੀ ਨੂੰ ਬੁਲਾ ਲਿਆਏ। ਉਨ੍ਹਾਂ ਆਉਂਦਿਆਂ ਹੀ ਕਿਹਾ, ਛਾਉਣੀ ਸਟੇਸ਼ਨ ਤੋਂ ਟੁਰ ਕੇ ਕੀਕੂੰ ਆਏ? ਸਾਨੂੰ ਹੁਕਮ ਕਰ ਭੇਜਣਾ ਸੀ, ਸਵਾਰੀ ਭੇਜਦੇ ਜਾਂ ਆਪ ਹਾਜ਼ਰ ਹੁੰਦੇ। ਰਮਜ਼-ਸ਼ਨਾਸੀ ਭਾਈ ਪਿਆਰਾ ਸਿੰਘ ਜੀ ਬੋਲੇ ਕਿ ਇਨ੍ਹਾਂ ਨੂੰ ਕੋਈ ਸੁਧ ਬੁਧ ਰਹੀ ਹੈ? ਵਿਚੋਂ ਹੀ ਗੱਲ ਕੱਟ ਕੇ ਸਾਡੇ ਸਾਥੀਅੜੇ ਜੀਵਨ-ਮੁਕਤ ਭਾਈ ਸਰਵਣ ਸਿੰਘ ਜੀ ਪੁਕਾਰ ਉਠੇ ਅਤੇ ਮਰਜੀਵੜੇ ਵੀਰ ਭਾਈ ਗੁਰਬਖਸ਼ ਸਿੰਘ ਵਲ ਇਸ਼ਾਰਾ ਕਰਕੇ ਕਹਿਣ ਲੱਗੇ, "ਅਸੀਂ ਤਾਂ ਇਹ ਸੱਚੜੀ ਸੁਗਾਤ ਲੈ ਕੇ ਪੁੱਜੇ ਹਾਂ। ਪੁਚਾਉਣਹਾਰੇ ਨੇ ਹੀ ਸਾਨੂੰ ਇਥੇ ਪੁਚਾਇਆ ਹੈ। ਇੰਨੀ ਗੱਲ ਕਹਿਣ ਦੀ ਦੇਰ ਹੀ ਸੀ, ਵੀਰ ਗੁਰਬਖਸ਼ ਸਿੰਘ ਦੇ ਅੰਦਰੋਂ ਬਿਰਹਾ-ਬੇਧਨੀ ਕੀਰਤਨ ਧੁਨੀ ਫੇਰ ਉਮਗ ਖਲੋਤੀ ਤੇ ਸਾਰੇ ਸੱਜਣ ਕੀਰਤਨ ਵਿਚ ਹੀ ਜੁਟ ਗਏ। ਜੁਟੇ ਜੁਟਾਇਆਂ ਨੂੰ ਹੀ ਤਿਆਰ ਹੋਏ ਗਫੇ ਲਾਉਣ ਲਈ ਪ੍ਰੇਰਿਆ ਗਿਆ। ਭਾਈ ਪਿਆਰਾ ਸਿੰਘ ਜੀ ਕਹਿਣ ਲੱਗੇ, ਹੁਣ ਤਾਂ ਕਈ ਦਿਵਸ ਰਾਤਾਂ ਬਤੀਤ ਹੋ ਗਏ, ਹੁਣ ਤਾਂ ਜ਼ਰੂਰ ਕੜਾਕਾ ਖੋਲ੍ਹਣਾ ਹੋਵੇਗਾ। ਹੁਕਮ ਨੂੰ ਕੌਣ ਮੋੜੇ? ਗੱਫੇ ਲੱਗਣ ਲਗ ਗਏ। ਲਾਂਦਿਆਂ ਦੀਆਂ ਸਮਾਧੀਆਂ ਜੁੜ ਗਈਆਂ। ਦਿਨ-ਚੜ੍ਹਦੇ ਨੂੰ ਰਸਾਲੇ ਦੇ ਵੀਰਾਂ ਨੇ ਤਾਂ ਆਪੋ ਆਪਣੀ ਫੌਜੀ ਡਿਊਟੀ ਤੇ ਜਾਣਾ ਸੀ, ਜੋ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਜਾਣਾ ਹੀ ਪਿਆ, ਸ਼ਾਇਦ ਪਛੜ ਕੇ ਹੀ ਗਏ ਹੋਣਗੇ। ਅਸੀਂ ਉਸ ਕੁਆਟਰ 'ਚੋਂ ਬਾਹਰ ਨਿਕਲ ਕੇ ਇਕ ਨਵੇਕਲੇ ਖੂਹ ਦੇ ਕਿਨਾਰੇ ਤੇ ਹੀ ਰੇਤ ਤੇ ਜਾ ਲੇਟੇ ਅਤੇ ਕਿੰਨਾ ਚਿਰ ਲੇਟੇ ਹੀ ਰਹੇ। ਧੁੱਪਾਂ ਤਕੜੀਆਂ ਚੜ੍ਹ ਗਈਆਂ, ਫੌਜੀ ਸੱਜਣਾਂ ਵਿਚੋਂ ਕੋਈ ਨਾ ਬਾਹੁੜਿਆ। ਅਸੀਂ ਆਪਣੀ ਮੌਜ ਵਿਚ ਹੀ ਅਜਿਹੇ ਪ੍ਰੇਰੇ ਗਏ ਕਿ ਪਿਛਾਂਹ ਨੂੰ ਪਰਤਣ ਦੀਆਂ ਦਲੀਲਾਂ ਬੱਝ ਗਈਆਂ। ਉਥੇ ਅਟਕਣ ਨੂੰ ਜੀਅ ਨਾ ਕਰੇ। ਮਨੋ ਮਨੀ ਸਭ ਦੀ ਸਲਾਹ ਪਿਛਾਂਹ ਨੂੰ ਮੁੜਨ ਦੀ ਹੋ ਗਈ ਸੀ। ਉਠ ਕੇ ਤੁਰਨ ਹੀ ਲੱਗੇ ਸੀ ਕਿ ਇਤਨੇ ਨੂੰ ਬਾਬੂ ਮੱਲ ਸਿੰਘ ਜੀ ਆ ਗਏ, ਲੱਜ ਤੇ ਡੋਲ ਹੱਥ ਵਿਚ ਫੜਿਆ ਹੋਇਆ। ਡੋਲ ਖੂਹ ਵਿਚ ਲਮਕਾਇਆ ਸੀ, ਲੱਜ ਉਨ੍ਹਾਂ ਦੇ ਹੱਥ ਵਿਚ ਫੜੀ ਸੀ, ਇਹ ਨਜ਼ਾਰਾ ਅੱਜ ਤਕ ਚੇਤੇ ਹੈ, ਕਦੇ ਨਹੀਂ ਭੁੱਲਿਆ। ਬਾਬੂ ਮੱਲ ਸਿੰਘ ਜੀ ਨੇ ਅੰਤਰਗਤੀ ਅਸਾਡੀ ਪਿਛਾਂਹ ਮੁੜਨ ਵਾਲੀ ਰੁਚੀ ਨੂੰ ਪਛਾਣ ਲਿਆ। ਖੂਬ ਜਾਂਚ ਕੇ ਜਾਣ ਲਿਆ। ਪਰਮ ਬੈਰਾਗ ਵਿਚ ਬੇਧੀ ਹੋਈ ਇਹ ਧੁਨੀ ਉਨ੍ਹਾਂ ਦੇ ਮੁੱਖ ਵਿਚੋਂ ਨਿਕਲੀ, ਮੇਰੀ ਖਲਹੁੰ ਮੌਜੜੇ ਗੁਰਸਿੱਖ ਹੰਢਾਂਦੇ। ਧੁਨੀ ਕੀ ਸੀ, ਕੋਈ ਕਟਕ ਸੀ। ਗਗਨ ਵਲ ਨੂੰ ਮੁਖਾਰਬਿੰਦ, ਡੋਲ ਖੂਹੇ ਅੰਦਰ ਲਮਕਿਆ ਹੋਇਆ ਤੇ ਲੱਜ ਹੱਥ ਵਿਚ ਫੜੀ ਹੋਈ, ਅਨੂਪਮ ਲਟਕਾਂ ਵਿਚ ਸਾਰਾ ਸ਼ਬਦ ਅਲਾਪਨ ਕੀਤਾ। ਸਾਡੀਆਂ ਪਿਛਾਂਹ ਪਰਤਣ ਵਾਲੀਆਂ ਸਲਾਹਾਂ ਸਭ ਪਿਛੇ ਹੀ ਰਹਿ ਗਈਆਂ। ਆਪਣੀ ਖਲਹੁੰ ਮੌਜੜੇ ਬਣਾ ਕੇ ਹੰਢਾਉਣ ਵਾਲਿਆਂ ਨੇ ਨਿਜ ਚਰਨਾਂ ਵਿਚ ਹੀ ਬਿਰਤੀਆਂ ਜਾ ਟਿਕੀਆਂ। ਅਸੀਂ, ਹਾਂ ਉਸ ਵੀਰਨੇ ਬਾਬੂ ਮੱਲ ਸਿੰਘ ਜੀ ਦੇ ਮੁੱਲ-ਖਰੀਦੀ ਲਾਲੇ ਗੋਲੇ ਹੋ ਗਏ। ਇਧਰ ਸਾਰੀਆਂ ਸੰਗਤਾਂ ਆ ਜੁੜੀਆਂ, ਅਖੰਡ ਪਾਠ ਕਰਨ ਦੇ ਤਿਆਰੇ ਹੋ ਗਏ। ਪ੍ਰੇਮ-ਜੂੜ ਦੇ ਜਕੜੇ ਹੋਏ ਅਸੀਂ ਸੰਗਤਾਂ ਦੀ ਧੂੜ ਹੀ ਬਣ ਰਹੇ।

ਨਿਯਮਾਂ ਅਨੁਸਾਰ ਸ੍ਰੀ ਅਖੰਡ ਪਾਠ ਸਮਾਗਮ ਖੂਬ ਲਹਿਰਾਂ ਤੇ ਲਟਕਾਂ ਸਹਿਤ ਅਰੰਭ ਹੋ ਗਿਆ। ਛਾਉਣੀ ਨਿਵਾਸੀ ਰਸਾਲਿਆਂ ਅਤੇ ਪਲਟਨਾਂ ਦੀਆਂ ਸਤਿਸੰਗੀ ਸੰਗਤਾਂ ਹੁਮ ਹੁਮਾ ਕੇ ਆ ਜੁੜੀਆਂ। ਤੋਪਖਾਨੇ ਦੇ ਸਿੱਖ ਵੀਰੜੇ ਭੀ ਜੋਕ-ਦਰ-ਜੋਕ ਇਸੇ ਸਮਾਗਮ ਵਿਚ ਆਣ ਇਕੱਠੇ ਹੋਏ। ਇਸ ਸਮਾਗਮ ਵਿਖੇ ਇਹ ਪਹਿਲੀ ਹੀ ਗੁਰਮਤਿ ਅਲੌਕਿਕਤਾ ਵਾਲੀ ਅਰੰਭਣੀ ਸੀ ਕਿ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗਭੱਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲਾਂ ਸ੍ਰੀ ਆਸਾ ਜੀ ਦੀ ਵਾਰ ਦਾ ਲਟਕ ਲਹਿਰ ਕੀਰਤਨ ਅਰੰਭ ਹੋਇਆ। ਉਹ ਅਗੰਮੀ ਧੁਨੀਆਂ ਉਠੀਆਂ, ਦੂਰ ਦੂਰ ਤਾਈਂ ਜਾ ਧੁਮੀਆਂ। ਲਾਊਡ ਸਪੀਕਰ ਤਾਂ ਉਨ੍ਹੀਂ ਦਿਨੀਂ ਹੈ ਹੀ ਨਹੀਂ ਸਨ, ਜੇ ਹੁੰਦੇ ਤਾਂ ਵੀ ਉਨ੍ਹਾਂ ਦੇ ਲਾਵਣ ਦੀ ਲੋੜ ਨਹੀਂ ਸੀ। ਗਗਨੰਤ੍ਰੀ ਗੰਮਤਾ ਵਾਲੀਆਂ ਕੀਰਤਨ-ਗੂੰਜਾਂ ਕੀਰਤਨੀ ਜਨ ਕੇਵਲ ਨਿਜ ਅਨੰਦ ਪ੍ਰਾਇਣ ਹੋ ਕੇ ਹੀ ਗੂੰਜਾਂਵਦੇ ਸਨ। ਕਿਸੇ ਨੂੰ ਸੁਣਾਵਣ ਖਾਤਰ ਕੀਰਤਨ ਨਹੀਂ ਹੋਇਆ ਕਰਦਾ ਸੀ, ਇਕ ਤਿਲ ਮਾਤ੍ਰ ਤਮਾਏ ਭੀ ਨਹੀਂ ਹੁੰਦੀ ਸੀ ਕਿ ਸੰਗਤਾਂ ਇਕੱਠੀਆਂ ਹੋਣ ਤਾਂ ਕੀਰਤਨ ਅਰੰਭੀਏ। ਕੀਰਤਨ-ਰਸ-ਰਤੰਨੜੇ ਭੌਰੇ, ਕੀਰਤਨੀ ਸਰੋਤੇ ਮੁਸ਼ਕ ਮੌਜੀ ਰੂੜ੍ਹਿਆਂ ਨੂੰ ਅਗੰਮੀ ਵਾਇਰਲੈਸ ਦੀ ਖਿੱਚ ਦੁਆਰਾ ਆਪੇ ਹੀ ਖਿੱਚ ਲੈਂਦੇ ਸਨ। ਇਥੇ ਤਾਂ ਛਾਉਣੀ ਦੀਆਂ ਸਾਰੀਆਂ ਸੰਗਤਾਂ ਵਿਚ ਪਹਿਲਾਂ ਹੀ ਧੁੰਮ ਮਚ ਗਈ ਸੀ, ਹਰੀ ਨਾਮ ਦੀ ਜੁੜਤਾ ਵਿਚ ਜੁੜਨਹਾਰੇ ਅੰਮ੍ਰਿਤ ਵੇਲੇ ਉਠਣ ਦੇ ਆਸ਼ਕ ਜਨ ਦੋ ਵਜੇ ਤੋਂ ਹੀ ਸੌਚ ਇਸ਼ਨਾਨ ਕਰ ਕੇ ਤੇ ਨਿਤਨੇਮ ਬਾਣੀ ਨਾਮ ਦੇ ਰੰਗ ਚਾੜ੍ਹ ਕੇ ਜਿਉਂ ਜਿਉਂ ਆ ਕੇ ਸਮਾਗਮ ਵਿਚ ਜੁੜਦੇ ਜਾਣ, ਤਿਉਂ ਤਿਉਂ ਕੀਰਤਨ-ਆਤਮ ਰੰਗਾਂ ਦੀ ਖੇਡ ਦੂਣ ਸਵਾਈ ਖੇਡੀ ਜਾਵਣ ਲੱਗੀ। ਪਤਾ ਨਹੀਂ ਕਦੋਂ ਪਹੁ ਫੁਟੀ, ਕਦੋਂ ਦਿਨ ਚੜ੍ਹਿਆ ਅਤੇ ਕਿੱਡੇ ਦਿਨ ਚੜ੍ਹੇ ਕੀਰਤਨ ਦਾ ਭੋਗ ਪਿਆ। ਇਸ ਸਾਰੇ ਸਮੇਂ ਵਿਚ ਅੰਮ੍ਰਿਤ ਵੇਲਾ ਹੀ ਪ੍ਰਤੀਤ ਹੋਵੇ, ਨਾ ਧੁੱਪਾਂ ਚੜ੍ਹੀਆਂ ਦੀ ਸੂਝ, ਨਾ ਵਕਤ ਘੜੀਆਂ ਦੇਖਣ ਦੀ ਸੂਝ ਕਿਸੇ ਨੂੰ ਰਹੀ। ਗੱਲ ਕੀ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਣ ਸਾਰ ਹੀ ਅਰਦਾਸਾ ਹੁੰਦੇ ਸਾਰ ਸ੍ਰੀ ਅਖੰਡਪਾਠ ਦਾ ਅਰੰਭ ਹੋ ਗਿਆ। ਇਸੇ ਅਖੰਡਪਾਠ ਸਮਾਗਮ ਦਾ ਸਾਰਾ ਵਿਸਥਾਰ ਸਹਿਤ ਸਮਾਚਾਰ ਸ੍ਰੀ ਭਾਈ ਹਰਿਬਚਨ ਸਿੰਘ ਵਾਲੇ ਬ੍ਰਿਤਾਂਤ ਵਿਚ ਅੰਕਿਤ ਹੋ ਚੁਕਾ ਹੈ। ਉਸੇ ਲੜੀ ਤੋਂ ਹੀ ਸਾਰਾ ਆਨੰਦ ਮਾਣਿਆ ਜਾ ਸਕਦਾ ਹੈ। ਇਥੇ ਤਾਂ ਇਤਨਾ ਜ਼ਿਕਰ ਕਰਨਾ ਹੀ ਬਹੁਤੇਰਾ ਹੈ ਕਿ ਸ੍ਰੀ ਅਖੰਡਪਾਠ ਦੇ ਭੋਗ ਪੈਣ ਸਾਰ ਹੀ (ਜੋ ਦੂਜੀ ਰਾਤ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗਭੱਗ ਪਿਆ) ਫੇਰ ਅਖੰਡਪਾਠ ਆਰੰਭ ਹੋ ਗਿਆ। ਅਖੰਡਪਾਠ ਦੇ ਭੋਗ ਪਿਛੋਂ ਜੋ ਪਤਾ ਨਹੀਂ ਕਿਸ ਵਕਤ ਪਿਆ, ਨਾਲ ਲਗਦੇ ਉਸੇ ਮੰਡਲ ਵਿਚ ਹੀ ਅੰਮ੍ਰਿਤ-ਸੰਚਾਰ ਆਰੰਭ ਹੋ ਗਿਆ। ਹੋਰ ਸਾਰੀਆਂ ਸੰਗਤਾਂ ਸਰੋਤੇ ਜਨ, ਭੋਗ ਪ੍ਰਸ਼ਾਦਾ ਲੈ ਲੈ ਕੇ ਮੰਡਲ ਤੋਂ ਬਾਹਰ ਵਿਚਰ ਗਏ, ਮੰਡਲ ਦੇ ਅੰਦਰਵਾਰ ਅੰਮ੍ਰਿਤ ਛਕਣ ਛਕਾਉਣਹਾਰੇ ਪ੍ਰੇਮੀ ਜਨ ਹੀ ਰਹਿ ਗਏ। ਅਰੂੜ੍ਹ ਰੰਗਾਂ ਵਿਚ ਅਰੂੜ੍ਹ ਹੋਏ ਪੰਜੇ ਅਖੰਡ ਪਾਠੀਆਂ ਨੂੰ ਹੀ ਪੰਜਾਂ ਪਿਆਰਿਆਂ ਵਿਚ ਲਿਆ ਗਿਆ, ਜਿਨ੍ਹਾਂ ਵਿਚ ਇਕ ਇਹ ਹੰਸਲੇ ਵੀਰ ਸ੍ਰੀ ਭਾਈ ਗੁਰਬਖਸ਼ ਸਿੰਘ ਜੀ ਵੀ ਸਨ। ਜੋ ਜੋ ਕਲਾ ਵਰਤੀ, ਜੋ ਜੋ ਕੌਤਕ ਹੋਏ, ਉਹ ਪਹਿਲਾਂ



Sri Satguru Jagjit Singh Ji eLibrary NamdhariElibrary@gmail.com

ਵਰਨਣ ਹੋ ਚੁੱਕੇ ਹਨ। (ਦੇਖੋ ਬ੍ਰਿਤਾਂਤ ਸ੍ਰੀ ਭਾਈ ਹਰਿਬਚਨ ਸਿੰਘ ਜੀ)

## ਪਟਿਆਲੇ ਦਾ ਸਮਾਗਮ –

ਸਮਾਗਮ ਦੀ ਲਹਿਰ ਬਹਿਰ ਪਿਛੋਂ ਹੋਰ ਸਭ ਸੱਜਣ ਤਾਂ ਆਪੋ ਆਪਣੇ ਸੰਸਾਰ ਵਿਹਾਰੀ ਰੰਗਾਂ ਵਿਚ ਲਗ ਗਏ, ਪ੍ਰਮਾਰਥੀ ਰੰਗਾਂ ਵਿਚ ਜੁਟੇ ਹੋਏ ਇਧਰੇ ਹੀ ਜੁਟੇ ਰਹੇ। ਸਿਰੀ ਵੀਰ ਸਰਵਣ ਸਿੰਘ ਜੀ, ਵੀਰ ਵਰਿਆਮ ਸਿੰਘ ਜੀ, ਗੁਰਮੁਖ ਪਿਆਰੇ ਵੀਰ ਸਿਰੀ ਭਾਈ ਗੁਰਬਖਸ਼ ਸਿੰਘ ਜੀ ਅਤੇ ਭਾਈ ਲਾਲ ਸਿੰਘ ਜੀ, ਚਹੁੰਆਂ ਸੱਜਣਾਂ ਦਿਆਂ ਹਿਰਦਿਆਂ ਅੰਦਰ ਇਕ-ਲਖਤ ਹੀ ਇਕੋ ਵਾਰ ਇਹ ਲਹਿਰ ਉਠੀ, ਅੰਦਰੋ ਅੰਦਰ ਹੀ ਇਹ ਪ੍ਰੇਰਨਾ ਸਫੁਰਨ ਹੋਈ ਕਿ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਇਕ ਦਮ ਪਧਾਰਿਆ ਜਾਵੇ। ਐਸੀ ਅਸਚਰਜ ਖੇਡ ਵਰਤੀ ਕਿ ਐਨ ਉਸੇ ਸਮੇਂ ਹੀ ਬਿਨਾਂ ਕਿਸੇ ਦੇ ਪੁਛੇ ਗਿੱਛੇ ਸਿਰੀ ਵੀਰ ਪਿਆਰਾ ਸਿੰਘ ਜੀ (ਅੱਜਕਲ੍ਹ ਦੇ ਕਰਨੈਲ ਪਿਆਰਾ ਸਿੰਘ ਜੀ) ਅਤੇ ਸਿਰੀ ਬਾਬੂ ਮੱਲ ਸਿੰਘ ਜੀ ਨੇ ਸਾਡੇ ਸਾਰਿਆਂ ਲਈ ਅੰਤਰਗਤੀ ਹੀ ਵਾਚਨਾ ਵਾਚ ਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਮਾਇਆ ਆਣ ਹਾਜ਼ਰ ਕੀਤੀ। ਐਨ ਉਸੇ ਸਮੇਂ ਹੀ ਅਸਾਨੂੰ ਪਟਿਆਲੇ ਵਲੋਂ ਇਹ ਆਤਮ-ਵਾਇਰਲੈਸ ਵਸੂਲ ਹੋਈ ਕਿ ਸਾਰਾ ਜੁੜਿਆ ਜੁੜਾਇਆ ਜਥਾ ਪਟਿਆਲੇ ਆਵੇ ਅਤੇ ਆ ਕੇ ਸ੍ਰੀ ਅਖੰਡਪਾਠ ਆਰੰਭ ਕਰੇ। ਮੋਗਾ ਨਿਵਾਸੀ ਸਿਰੀ ਭਾਈ ਆਤਮਾ ਸਿੰਘ ਜੀ (ਜਿਨ੍ਹਾਂ ਦਾ ਨਾਮ ਹਰਦਮ ਆਤਮ-ਰੰਗਾਂ ਵਿਚ ਮਸਤ-ਅਲਮਸਤ ਰਹਿਣ ਕਰਕੇ ਅਵਧੂਤ ਆਤਮਾ ਸਿੰਘ ਪੈ ਗਿਆ ਸੀ) ਪਹਿਲਾਂ ਹੀ ਪਟਿਆਲੇ ਤੋਂ ਇਸ ਨਮਿਤ ਆ ਹਾਜ਼ਰ ਹੋਏ ਸਨ, ਛਾਉਣੀ ਅੰਬਾਲਾ ਦੇ ਸਾਰੇ ਅਨੰਦੀ ਸਮਾਗਮ ਵਿਚ ਜੁੜੰਦੇ ਰਹੇ ਸਨ। ਚਾਹੇ ਸਾਰਿਆਂ ਦੀ ਖਿੱਚ ਪਟਿਆਲੇ ਸਮਾਗਮ ਜਾਣ ਖਾਤਰ ਪ੍ਰਗਟ ਹੋ ਚੁੱਕੀ ਸੀ, ਪਰ ਫੇਰ ਵੀ ਹੱਠ ਧਰਮੀ ਸਿਰੀ ਭਾਈ ਸਰਵਣ ਸਿੰਘ ਜੀ ਦਾ ਇਹੀ ਹੱਠ ਕਾਇਮ ਰਿਹਾ ਕਿ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਸੰਕਲਪ ਹੋ ਚੁਕਾ ਹੈ, ਉਹ ਪੂਰਾ ਕਰਕੇ ਆਵਣਾ ਹੈ। ਉਨ੍ਹਾਂ ਦੇ ਨਾਲ ਹੀ ਹਾਂ ਦੇ ਵਿਚ ਹਾਂ ਮਿਲਾਵਣ ਵਾਲੇ ਭਾਈ ਵਰਿਆਮ ਸਿੰਘ ਜੀ ਵੀ ਸ੍ਰੀ ਹਜ਼ੂਰ ਸਾਹਿਬ ਜਾਣ ਵਾਲੇ ਗੁਰਮਤੇ ਵਿਚ ਸਹਿਮਤ ਹੋ ਗਏ। ਭਾਈ ਗੁਰਬਖਸ਼ ਸਿੰਘ ਤੇ ਲਾਲ ਸਿੰਘ ਵੀ ਨਾਲੇ ਤਿਆਰ ਹੋ ਪਏ। ਸਾਡੀਆਂ ਤਨਾਵਾਂ ਪਟਿਆਲੇ ਸਮਾਗਮ ਵਲ ਪ੍ਰਬਲ ਖਿਚੀਦੀਆਂ ਜਾ ਚੁਕੀਆਂ ਸਨ। ਅਸੀਂ ਪਟਿਆਲੇ ਵਲ ਨੂੰ ਤੁਰ ਪਏ ਅਤੇ ਬੜੀ ਖੁਸ਼ੀ ਨਾਲ ਸ੍ਰੀ ਹਜ਼ੂਰ ਸਾਹਿਬ ਯਾਤਰਾ ਦੀ ਖਿੱਚ ਵਾਲੇ ਚਹੁੰਆਂ ਗੁਰਮਖ ਜਨਾਂ ਨੂੰ ਇਜਾਜ਼ਤ ਦੇ ਦਿਤੀ ਕਿ ਤੁਸੀਂ ਆਪਣੀ ਧੁਨੀ ਪੂਰੀ ਕਰ ਆਵੋ। ਪਰ ਅਖੰਡ ਪਾਠ ਦੇ ਭੋਗ ਤੋਂ ਪਹਿਲਾਂ ਤੁਸੀਂ ਖੁਦ ਹੀ ਪਟਿਆਲੇ ਦੌੜ ਆਵੋਗੇ। ਭਾਈ ਗੁਰਬਖਸ਼ ਸਿੰਘ ਬਧੇ ਰੁਧੇ ਚਹੁੰਆਂ ਯਾਤਰੂਆਂ ਦੇ ਨਾਲ ਟੁਰ ਪਏ, ਪਰ ਉਨ੍ਹਾਂ ਦੀ ਅੰਤ੍ਰੀਵੀ ਰੁਚੀ ਏਧਰ ਅਸਾਡੇ ਨਾਲ ਹੀ ਸੀ।

ਅੰਬਾਲੇ ਛਾਉਣੀ ਤੋਂ ਅਸੀਂ ਵਿਦਾ ਹੋਏ। ਪਟਿਆਲੇ ਪਹੁੰਚਣ ਸਾਰ ਹੀ ਅਖੰਡ ਕੀਰਤਨ ਦੀਆਂ ਜਾ ਝੜੀਆਂ ਲਾਈਆਂ। ਸਿਰੀ ਭਾਈ ਜੋਗਿੰਦਰ ਸਿੰਘ ਜੀ, ਸਿਰੀ ਬੀਬੀ ਹਰਬੰਸ ਕੌਰ ਸਮੇਤ ਗਦ ਗਦ ਤੇ ਨਿਹਾਲ ਨਿਹਾਲ ਹੋ ਗਏ। ਪਟਿਆਲੇ ਨਿਵਾਸੀ ਅਗੰਮੀ ਖਿੱਚ ਪਾਣ ਵਾਲੀਆਂ ਹੋਰ ਵੀ ਨਿੱਕੀਆਂ ਵੱਡੀਆਂ ਅਰੂੜ੍ਹੀਆਂ ਜਿੰਦਾਂ ਤੁਰਤ ਫੁਰਤ ਆ ਜੁੜੀਆਂ। ਨਿਕੜੀਆਂ ਜਿੰਦੜੀਆਂ ਤੇ ਵੱਡਿਆਂ ਸਾਕਿਆਂ ਵਾਲੇ ਗੁਪਤ ਭੌਰੜੇ (ਜੋ ਇਸ ਸਮਾਗਮ ਦੇ ਰੂਹੇ-ਰੂਹਾਨ ਸਨ, ਜਿਨ੍ਹਾਂ ਦੀ ਖਿੱਚ ਨਾਲ ਇਹ ਪ੍ਰਬਲਤਾ ਵਰਤੀ ਸੀ) ਵੀ ਆ ਨਮੂਦਾਰ ਹੋਏ। ਆਤਮ-ਵਿਗਾਸੀ, ਅਨੰਦ-ਕੇਲ-ਕੀਰਤਨੀ ਖੂਬ ਮੌਜਾਂ ਬੱਝੀਆਂ। ਉਧਰੇ ਚਹੁੰਆਂ ਹਜ਼ੂਰ ਸਾਹਿਬ ਦੇ ਯਾਤਰੂਆਂ ਨਾਲ ਇਹ ਖੇਲ੍ਹ ਵਰਤੀ ਕਿ ਉਹ ਹਜ਼ੂਰ ਸਾਹਿਬ ਪੁੱਜ ਤਾਂ ਗਏ ਪਰ ਪੁੱਜਣ ਸਾਰ ਹੀ ਉਨ੍ਹਾਂ ਨੇ ਪਿਛੇ ਮੋੜੇ ਘਤ ਲਏ। ਉਨ੍ਹਾਂ ਦਾ ਇਕ ਨਿਮਖ ਮਾਤਰ ਵੀ ਉਥੇ ਰਹਿਣ ਨੂੰ ਜੀਅ ਨਾ ਕੀਤਾ, ਗੁਰੂ ਕਰਤਾਰ ਜਾਣੇ ਇਹ ਖੇਡ ਕਿਵੇਂ ਵਰਤੀ। ਪਰ ਸਾਨੂੰ ਤਾਂ ਓਦੋਂ ਹੀ ਪਤਾ ਲੱਗਾ, ਪਤਾ ਲੱਗਣ ਸਾਰ ਅਸੀਂ ਦੰਗ ਰਹਿ ਗਏ, ਜਦੋਂ ਪਟਿਆਲੇ ਵਾਲੇ ਭੋਗ ਤੇ ਅਖੰਡ ਕੀਰਤਨ ਵਿਚਕਾਰ ਉਹ ਚਾਰੇ ਯਾਤਰੂ ਮਰਜੀਵੜੇ ਵੀ ਆ ਜੁੜੇ। ਭਾਈ ਗੁਰਬਖਸ਼ ਸਿੰਘ ਜੀ ਤਾਂ ਬੜੀ ਬਿਹਬਲਤਾ ਸਹਿਤ ਆਣ ਤੁਠੇ। ਜਦੋਂ ਦੇ ਅੰਬਾਲੇ ਤੋਂ ਵਿਛੜੇ ਸਨ, ਵੀਰ ਗੁਰਬਖਸ਼ ਸਿੰਘ ਜੀ ਨੇ ਬਿਰਹੋਂ-ਵਿਛੋੜੇ ਵਿਚ ਕੁੱਠੇ ਹੋਏ ਕੁਛ ਵੀ ਖਾਣ ਪੀਣ ਨਹੀਂ ਕੀਤਾ ਸੀ। ਵੀਰ ਗੁਰਬਖਸ਼ ਸਿੰਘ ਜੀ ਦੇ ਮੁਖਾਰਬਿੰਦ ਉਤੇ ਹੋਰ ਵੀ ਦਸ ਗੁਣਾਂ ਆਤਮ-ਚਲੂਲੇ-ਰੰਗ ਚੜ੍ਹੇ ਹੋਏ, ਜਿਨ੍ਹਾਂ ਨੂੰ ਦੇਖਣਹਾਰੇ, ਵੇਖਣਸਾਰ ਹੀ ਮੌਲ ਉਠਦੇ ਸਨ। ਇਸ ਕੀਰਤਨ ਸਮਾਗਮ ਵਿਚ ਆ ਕੇ ਮੌਜ-ਮਸਤੀਜੜੇ ਸਿਰੀ ਭਾਈ ਗੁਰਬਖਸ਼ ਸਿੰਘ ਜੀ ਦੀ ਜੁੜਨ ਦੀ ਢਿੱਲ ਹੀ ਸੀ, ਕੀਰਤਨ-ਰੰਗ-ਵਲਵਲਾ ਅਕੱਥਨੀਯ ਮੌਜ-ਧੁਨੀਆਂ ਵਿਚ ਗੂੰਜ ਉਠਿਆ, ਸਰੋਤੇ ਜਨਾਂ ਦੀ ਸਾਰੀ ਸੰਗਤ ਗੜੂੰਦ ਹੋ ਗਈ। ਪਤਾ ਨਹੀਂ ਕਦੋਂ ਅਤੇ ਕਿਹੜੇ ਸਮੇਂ ਭੋਗ ਪਿਆ। ਇਤਨਾ ਯਾਦ ਹੈ ਕਿ ਲੁਧਿਆਣੇ ਤੋਂ ਆਏ ਆਤਮ-ਰੰਗੀ ਪ੍ਰਤੱਖ ਸੁਨੇਹੜੇ ਭਰੀ ਸੰਗਤ ਵਿਚ ਦਿਤੇ ਜਾਣੇ ਆਰੰਭ ਹੋਏ, ਜਿਸ ਦਾ ਸੰਖੇਪ ਮਾਤ੍ਰ ਇਉਂ ਵਰਨਣ ਹੈ –

ਲੁਧਿਆਣੇ ਮਾਲਵਾ ਖਾਲਸਾ ਹਾਈ ਸਕੂਲ ਦੇ ਸਾਰੇ ਵਾਯੂ-ਮੰਡਲ ਵਿਚ ਇਕ ਸਨਾਟਾ ਜਿਹਾ ਛਾਇਆ ਹੋਇਆ ਹੈ ਕਿ ਭਾਈ ਗੁਰਬਖਸ਼ ਸਿੰਘ, ਲਾਲ ਸਿੰਘ ਜੀ ਆਦਿਕ ਪੰਖੜੂ ਖਬਰ ਨਹੀਂ ਕਿਤ ਵਲ ਉਡਾਰੀ ਮਾਰ ਗਏ ਸਨ। ਭਾਈ ਗੁਰਬਖਸ਼ ਸਿੰਘ ਜੀ ਦੇ ਪਿਤਾ ਜੀ (ਬੜੇ ਹੀ ਗੁਰਮੁਖ ਜਨ ਸਨ ਅਤੇ ਜੋ ਬੰਨੂ ਨਿਵਾਸੀ ਇਕ ਸਰਹੱਦੀ ਸਿੱਖ ਫੌਜ ਵਿਚ ਉਘੇ ਗ੍ਰੰਥੀ ਪ੍ਰਸਿੱਧ ਸਨ) ਬੰਨੂ ਤੋਂ ਚੱਲ ਕੇ ਲੁਧਿਆਣਾ ਹਾਈ ਸਕੂਲ ਦੇ ਪ੍ਰਬੰਧਕਾਂ ਪਾਸ ਆਇ ਪਹੁੰਚੇ ਸਨ ਕਿ ਭੁਝੰਗੀ ਨੂੰ ਛੇਤੀ ਹੀ ਮਿਲਾ ਦਿਓ। ਪਤਾ ਨਹੀਂ ਉਨ੍ਹਾਂ ਨੂੰ ਕਿਵੇਂ ਖਬਰ ਮਿਲੀ, ਲੁਧਿਆਣਾ ਹਾਈ ਸਕੂਲ ਵਿਚੋਂ ਭਾਈ ਗੁਰਬਖਸ਼ ਸਿੰਘ ਜੀ ਦੇ ਗੁੰਮ ਹੋਣ ਦੀ। ਇਧਰ ਫਲੇਵਾਲ ਦੇ ਅਖੰਡਪਾਠ ਦੇ ਸਮਾਗਮ ਤੋਂ ਗੁਪਤੋ ਗੁਪਤੀ ਗੁੰਮ ਹੋ ਜਾਣ ਦੀ ਸਰੋਤ ਨੇ ਚਾਰ-ਚੁਫੇਰੇ ਸਾਰੇ ਸਿੱਖ ਤਬਕੇ ਵਿਚ ਇਹ ਗੱਲ ਧੁਮਾ ਦਿਤੀ ਹੋਈ ਸੀ ਕਿ ਕਿਸੇ ਅਜ਼ਗੈਬੀ ਕੋਨੇ ਵਿਚ ਫਲੇਵਾਲ ਤੋਂ ਉਡ ਕੇ ਉਡਣਹਾਰੇ ਉਡਾਰੀ ਮਾਰ ਗਏ ਹਨ। ਇਹ ਸੁਧ ਬੁਧ ਕਿਸੇ ਨੂੰ ਭੀ ਨਹੀਂ ਮਿਲੀ ਕਿ ਕਿਧਰ ਨੂੰ ਗਏ ਹਨ। ਮਨੋ ਮਨੀ ਅਤੇ ਆਤਮੋ ਆਤਮੀ ਜਥੇ ਦੇ ਇਕ ਦੋ ਮਹਿਰਮ-ਰਾਜ਼-ਅਰੂੜ੍ਹੇ ਇਹ

(ਬਾਕੀ ਪੰਨਾ 52 ਤੇ)



Sri Satguru Jagjit Singh Ji eLibrary NamdhariElibrary@gmail.com

# ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ ਪੰਨਾ - 64)*

ਇਕ ਵਾਰੀ ਇਕ ਸੰਤ ਹੋਏ ਹਨ ਜਿਹਨਾਂ ਦਾ ਨਾਮ ਸੁਚੇਤ ਸਿੰਘ ਸੀ। ਸੁਖਮਨੀ ਸਾਹਿਬ ਦੇ ਬਹੁਤ ਪਾਠ ਕਰਦੇ ਸਨ। ਜਦੋਂ ਪਾਠ ਕਰਦੇ ਸਨ, ਮੌਨ ਰਖਿਆ ਕਰਦੇ ਸਨ ਕਿਉਂਕਿ ਪਾਠ ਕਰਨ ਦੀ ਵਿਧੀ ਹੋਇਆ ਕਰਦੀ ਹੈ, ਜੇ ਵਿਚੇ ਗੱਲਾਂ ਕਰੀ ਜਾਓ, ਬੱਚਿਆਂ ਨੂੰ ਘੂਰੀ ਜਾਓ, ਗਾਲਾਂ ਕੱਢੀ ਜਾਓ ਫੇਰ ਜਪੁਜੀ ਸਾਹਿਬ ਸ਼ੁਰੂ ਕਰ ਲਓ ਉਸਦਾ ਇਤਨਾ ਫਲ ਨਹੀਂ ਹੁੰਦਾ ਜਿੰਨਾਂ ਕਿ ਮੌਨ ਧਾਰ ਕੇ ਪਾਠ ਕਰਨ ਦਾ ਹੁੰਦਾ ਹੈ। ਜਦੋਂ ਪਾਠ ਕਰਨ ਲੱਗੋ ਤਾਂ ਉਦੋਂ ਕਹਿ ਦਿਓ ਕਿ ਹੁਣ ਨਾ ਮੈਨੂੰ ਬੁਲਾਇਓ ਕਿਉਂਕਿ ਹੁਣ ਮੈਂ ਪਰਮੇਸ਼ਰ ਦੀ ਹਾਜ਼ਰੀ ਵਿਚ ਚੱਲਿਆ ਹਾਂ। ਉਸ ਵੇਲੇ ਆਪਣੇ ਮਨ ਨਾਲ ਵੀ ਗੱਲ ਕਰ ਲਓ ਕਿ ਭਾਈ ਤੂੰ 23 ਘੰਟੇ ਆਪਣਾ ਕੰਮ ਕਰਦਾ ਹੈਂ ਹੁਣ ਤੂੰ ਮੈਨੂੰ ਨਾ ਛੇੜੀਂ, ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਹੁਣ ਤੂੰ ਮੈਨੂੰ ਮਾਫ ਕਰ, ਮੈਂ ਪ੍ਰਭੂ ਦੀ ਯਾਦ ਵਿਚ ਬੈਠਾ ਹਾਂ। ਹੁਣ ਕਿਧਰੇ ਨੱਠੀ ਨਾ। ਸੋ ਉਹ ਸੰਤ ਮੌਨ ਬਿਰਤੀ ਧਾਰ ਕੇ ਇਕਾਗਰ ਚਿਤ ਹੋ ਕੇ ਪਾਠ ਕਰਿਆ ਕਰਦੇ ਸਨ, ਵਿਚ ਬੋਲਿਆ ਨਹੀਂ ਸੀ ਕਰਦੇ। ਉਹ ਸੇਵਾ ਵੀ ਬਹੁਤ ਕਰਦੇ ਹੁੰਦੇ ਸਨ। ਉਹਨਾਂ ਕੋਲ ਇਕ ਪੰਡਤ ਆ ਗਿਆ, ਉਸ ਨੂੰ ਅਤੀਸਾਰ ਲੱਗੇ ਹੋਏ ਸਨ। ਸੰਤਾਂ ਨੇ ਉਸ ਨੂੰ ਖਾਣ ਨੂੰ ਦੇ ਦਿਤਾ ਅਤੇ ਦਵਾਈ ਭੀ ਦੇ ਦਿਤੀ। ਸੰਤ ਉਸ ਨੂੰ ਕਹਿਣ ਲੱਗੇ ਪੰਡਤ ਜੀ ਹੁਣ ਮੈਂ ਪਾਠ ਕਰਨਾ ਹੈ, ਜੇ ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸ ਦਿਓ, ਮੈਨੂੰ ਵਿਚਾਲੇ ਨਾ ਬੁਲਾਇਓ, ਪੰਡਤ ਜੀ ਨੇ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਤੁਸੀਂ ਪਾਠ ਕਰੋ ਸਗੋਂ ਮੈਂ ਵੀ ਸੁਣਾਂਗਾ। ਸੰਤ ਜੀ ਆਪਣੇ ਆਸਣ ਤੇ ਬੈਠ ਗਏ ਤੇ ਪੰਡਤ ਜੀ ਨਾਲ ਹੀ ਮੰਜੇ ਤੇ ਪਏ ਸਨ। ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ, ਬਹੁਤ ਹੀ ਮਿੱਠੀ ਆਵਾਜ਼ ਵਿਚ ਲੈਅ ਨਾਲ ਪਾਠ ਕਰ ਰਹੇ ਹਨ। ਅਰਥ ਆਪਣੇ ਆਪ ਹੀ ਸਮਝ ਵਿਚ ਆਈ ਜਾਂਦੇ ਹਨ। ਜਦੋਂ ਪਾਠ ਖਤਮ ਹੋਇਆ, ਸੰਤਾਂ ਨੇ ਨੇਤਰ ਖੋਲ੍ਹੇ ਤਾਂ ਕੀ ਦੇਖਿਆ ਕਿ ਪੰਡਤ ਜੀ ਚੁਪ ਪਏ ਹਨ। ਦੋ ਚਾਰ ਆਵਾਜ਼ਾਂ ਦਿੱਤੀਆਂ, ਕੋਈ ਜਵਾਬ ਨਹੀਂ ਆਇਆ, ਜਦੋਂ ਹੱਥ ਲਗਾ ਕੇ ਦੇਖਿਆ ਤਾਂ ਪੰਡਤ ਜੀ ਠੰਢੇ ਠਾਰ ਪਏ ਹਨ। ਉਹ ਤਾਂ ਚੜ੍ਹਾਈ ਕਰ ਚੁਕਾ ਸੀ। ਸੰਤਾਂ ਦੇ ਮਨ ਵਿਚ ਫੁਰਨਾ ਆ ਗਿਆ ਕਿ ਜਿਹੜਾ ਮੰਜੇ ਤੇ ਹੀ ਸੁਆਸ ਛੱਡ ਦੇਵੇ ਤਾਂ ਉਸਦੀ ਗਤੀ ਵਿਚ ਕੁਝ ਫਰਕ ਪੈ ਜਾਇਆ ਕਰਦਾ ਹੈ ਕਿਉਂਕਿ ਪਹਿਲੇ ਤਿੰਨਾਂ ਜੁਗਾਂ ਵਿਚ ਐਸੀਆਂ ਗੱਲਾਂ ਹੋਇਆ ਕਰਦੀਆਂ ਸਨ। ਹੁਣ ਵੀ ਹੈ। ਗਤੀ ਤਾਂ ਕਰਮਾਂ ਨੇ ਕਰਾਉਣੀ ਹੈ, ਮੰਜਿਆਂ ਵਗੈਰਾ ਨੇ ਨਹੀਂ ਕਰਾਉਣੀ। ਦੀਵਿਆਂ ਨੇ ਚਾਨਣਾ ਨਹੀਂ ਕਰਨਾ ਨਾਮ ਨੇ ਚਾਨਣਾ ਕਰਨਾ ਹੈ। ਬੜੀ ਚਿੰਤਾ ਵਿਚ ਆ ਗਏ, ਬਾਰ-ਬਾਰ ਚਿੰਤਾ ਕਰਦੇ ਹਨ। ਪੰਡਤ ਦਾ ਇਸ਼ਨਾਨ ਕਰਾਇਆ, ਬਹੁਤ ਸਾਰੇ ਬੰਦੇ ਇਕੱਠੇ ਹੋ ਗਏ, ਇਸ਼ਨਾਨ ਕਰਵਾ ਕੇ ਅਰਥੀ ਤੇ ਪਾ ਲਿਆ, ਸਾਰੇ ਬੈਠੇ ਸਨ। ਜਦੋਂ ਅਰਥੀ ਚੁੱਕਣ ਲੱਗੇ ਤਾਂ ਪੰਡਤ ਦਾ ਪੈਰ ਹਿੱਲਣ ਲਗ ਪਿਆ, ਸਾਰੇ ਕਹਿਣ ਲੱਗੇ ਕਿ ਪੰਡਤ ਜੀ ਤੇ ਪੱਖਾ ਝੱਲੋ, ਪਾਣੀ ਲਿਆਓ। ਕੁਝ ਦੇਰ ਬਾਅਦ ਪੰਡਤ ਨੇ ਨੇਤਰ ਖੋਲ੍ਹ ਲਏ, ਉਠ ਕੇ ਬੈਠ ਗਿਆ ਪਰ ਅਰਥੀ ਤੋਂ ਨਾ ਉਠਿਆ। ਸੰਤ ਕਹਿਣ ਲੱਗੇ ਮੈਨੂੰ ਤਾਂ ਬੜਾ ਵਹਿਮ ਪੈ ਗਿਆ ਸੀ। ਉਸਨੇ ਕਿਹਾ ਮੈਂ ਤੁਹਾਡਾ ਵਹਿਮ ਹੀ ਦੂਰ ਕਰਨ ਆਇਆ ਹਾਂ। ਮੈਨੂੰ ਵਿਸ਼ਨੂੰ ਜੀ ਨੇ ਭੇਜਿਆ ਹੈ। ਮੈਨੂੰ ਉਤਮ ਗਤੀ ਪ੍ਰਾਪਤ ਹੋ ਗਈ ਕਿਉਂਕਿ ਤੁਸੀਂ ਇਕ ਚਿਤ ਹੋ ਕੇ ਪਾਠ ਕਰ ਰਹੇ ਸੀ। ਉਥੇ ਜਮਦੂਤ ਨਹੀਂ ਆ ਸਕਿਆ।

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***
***ਪੰਨਾ - 256***

ਜਿਥੇ ਕੋਈ ਪਰਮੇਸ਼ਰ ਦਾ ਪਿਆਰਾ ਨਾਮ ਜਪਦਾ ਹੋਵੇ ਭਗਤੀ ਕਰਦਾ ਹੋਵੇ, ਜੇ ਕਿਸੇ ਦਾ ਕਾਲ ਵੀ ਆ ਜਾਵੇ ਤਾਂ ਉਸ ਮੰਡਲ ਵਿਚ ਜਮਦੂਤ ਨਹੀਂ ਆਇਆ ਕਰਦੇ। ਸਗੋਂ ਉਸਦੇ ਪਾਪ ਮਾਫ ਹੋ ਜਾਂਦੇ ਹਨ।

***ਅੰਤ ਮਤੇ ਸੋ ਗਤੇ।***

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***
***ਪੰਨਾ - 526***

ਪੰਡਤ ਕਹਿਣ ਲੱਗਾ, ਸੰਤ ਜੀ! ਮੈਂ ਬਹੁਤ ਧਿਆਨ ਨਾਲ ਸੁਖਮਨੀ ਸਾਹਿਬ ਦਾ ਪਾਠ ਸੁਣ ਰਿਹਾ ਸੀ। ਉਸੇ ਵੇਲੇ ਮੇਰਾ ਕਾਲ ਆ ਗਿਆ ਪਰ ਮੈਨੂੰ ਲੈਣ ਵਾਸਤੇ ਬਬਾਣ ਆ ਗਏ ਤੇ ਮੈਂ ਬੈਕੁੰਠ ਧਾਮ ਵਿਚ ਚਲਾ ਗਿਆ। ਪਰ ਵਿਸ਼ਨੂੰ ਜੀ ਨੇ ਇਹ ਗੱਲ ਕਹੀ ਕਿ ਇਸ ਜੀਵ ਨੂੰ ਦੁਬਾਰਾ ਵਾਪਸ ਕਰੋ। ਉਹ ਸੰਤ ਜਿਹੜੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸੀ ਉਹ ਚਿੰਤਾ ਕਰ ਰਹੇ ਹਨ ਕਿ ਇਹ ਜੀਵ ਮੰਜੇ ਉਤੇ ਹੀ ਮਰ ਗਿਆ ਹੈ ਪਤਾ ਨਹੀਂ ਇਸ ਦੀ ਗਤੀ ਕਿਹੋ ਜਿਹੀ ਹੋਵੇਗੀ। ਉਨ੍ਹਾਂ ਨੂੰ ਇਹ ਜੀਵ ਦੱਸੇ ਕਿ ਗੁਰੂ ਨਾਨਕ ਸਾਹਿਬ ਦੀ ਮਹਿਮਾ ਆਗਾਧ ਬੋਧ ਹੈ, ਵੇਦ ਤੇ ਸਾਸ਼ਤਰ ਭੀ ਕਥਨ ਨਹੀਂ ਕਰ ਸਕਦੇ।

***ਸਾਧ ਕੀ ਮਹਿਮਾ ਬੇਦ ਨਾ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥ ਪੰਨਾ - 272***

ਇਹ ਜੀਵ ਮਹਾਂ ਕਲਿਆਣਕਾਰੀ ਬਾਣੀ ਸੁਖਮਨੀ ਸਾਹਿਬ ਸੁਣ ਰਿਹਾ ਸੀ। ਸੁਣਨ ਦਾ ਫਲ ਮਹਾਨ ਹੈ। ਜੋ ਪ੍ਰਭੂ ਦਾ ਨਾਮ ਸੁਣਦਾ ਸਰੀਰ ਛੱਡ ਜਾਵੇ ਉਸ ਦੇ ਪਾਪ ਮਿਟ ਜਾਂਦੇ ਹਨ ਅਤੇ ਉਹ ਉਤਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਪੰਡਤ ਜੀ ਦੱਸ ਕੇ ਆਓ ਕਿ ਮੈਨੂੰ ਪਰਮ ਗਤੀ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਹੋ ਗਈ। ਮੰਜੇ ਦਾ ਕੋਈ ਸਵਾਲ ਨਹੀਂ ਹੈ। ਕਹਿਣ ਲੱਗਿਆ, ਇਹ ਦੇਵਗਣ ਆਦਿ ਬਿਬਾਣ ਆਦਿ ਸਭ ਮੇਰੇ ਕੋਲ ਹੀ ਖੜ੍ਹੇ ਹਨ, ਇਸ ਕਰਕੇ ਮੈਂ ਅਰਥੀ ਤੋਂ ਨਹੀਂ ਉਤਰਿਆ। ਹੁਣ ਮੈਂ ਤੁਹਾਨੂੰ ਸਾਰਿਆਂ ਨੂੰ ਰਾਮ ਰਾਮ, ਸਤਿ ਸ੍ਰੀ ਅਕਾਲ, ਸਲਾਮ ਕਹਿ ਕੇ ਜਾ ਰਿਹਾ ਹਾਂ। ਐਨਾ ਕਹਿ ਕੇ ਫੇਰ ਮੂੰਹ ਢੱਕ ਲਿਆ ਤੇ ਸਰੀਰ ਵਿਚੋਂ ਨਿਕਲ ਗਿਆ।

ਐਸੀਆਂ ਬਹੁਤ ਘਟਨਾਵਾਂ ਹੋਇਆ ਕਰਦੀਆਂ ਹਨ। ਇਕ ਮਹਾਤਮਾ ਮਹਾਂਪੁਰਸ਼ ਦਸਿਆ ਕਰਦੇ ਸਨ ਕਿ ਇਕ ਸ਼ਹਿਰ ਵਿਚ ਦੋ ਭਰਾ ਰਿਹਾ ਕਰਦੇ ਸਨ ਇਕ ਭਰਾ ਤਾਂ ਆਸਤਕ ਸੀ; ਆਸਤਕ ਉਸ ਨੂੰ ਕਹਿੰਦੇ ਹਨ, ਜਿਹੜਾ ਹੁੰਦੀ ਚੀਜ਼ ਨੂੰ ਮੰਨ ਲਿਆ ਕਰੇ। ਦੂਜਾ ਨਾਸਤਕ ਸੀ; ਨਾਸਤਕ ਉਹ ਹੁੰਦਾ ਹੈ, ਜਿਸਦੀ ਬੁੱਧੀ ਦੇ ਨੈਣਾਂ ਤੇ ਮੋਤੀਆਬਿੰਦ ਹੋ ਗਿਆ ਹੋਵੇ ਤੇ ਪਰਮੇਸ਼ਰ ਦੀ ਹੋਂਦ ਤੋਂ ਹੀ ਜਵਾਬ ਦੇ ਦੇਵੇ ਕਿ ਰੱਬ ਕੋਈ ਚੀਜ਼ ਨਹੀਂ ਹੈ। ਉਹ ਹਨ੍ਹੇਰੇ ਵਿਚ ਹੋਇਆ ਕਰਦਾ ਹੈ। ਅੰਨ੍ਹਾਪਣ ਹੁੰਦਾ ਹੈ। ਮਨ ਦੇ ਅੰਨ੍ਹੇ ਨੇਤਰ ਹੋਣ ਕਰਕੇ ਉਹ ਹੁੰਦੀ ਚੀਜ਼ ਨੂੰ ਮੰਨਦਾ ਨਹੀਂ। ਸੋ ਉਹ ਸ਼ੁਭ ਕਰਮਾਂ ਵਿਚ ਵਿਸ਼ਵਾਸ ਨਹੀਂ ਸੀ ਰਖਦਾ, ਸ਼ਰਾਬਾਂ ਕਬਾਬਾਂ, ਸਵਾਹ ਖੇਹ ਜਿੰਨੇ ਮਾੜੇ ਕੰਮ ਹਨ, ਸਭ ਕਰਦਾ ਸੀ। ਆਸਤਕ ਭਰਾ ਮਹਾਂਪੁਰਸ਼ਾਂ ਦੀ ਪ੍ਰੇਰਨਾ ਸਦਕਾ ਅਥਿਤੀ ਸੇਵਾ ਕਰਿਆ ਕਰਦਾ ਸੀ, ਇਸ ਦਾ ਪ੍ਰਣ ਸੀ ਕਿ ਪਹਿਲਾਂ ਅਥਿਤੀ ਨੂੰ ਪ੍ਰਸ਼ਾਦਾ ਛਕਾ ਕੇ ਫੇਰ ਛਕਾਂਗਾ, ਅਥਿਤੀ ਸੇਵਾ ਬਹੁਤ ਵੱਡੀ ਮੰਨੀ ਹੈ ਕਿਉਂਕਿ ਜਿਸ ਘਰ ਦੇ ਵਿੱਚੋਂ ਕੋਈ ਅਥਿਤੀ ਭੁੱਖਾ ਚਲਾ ਜਾਵੇ ਤਾਂ ਉਸ ਦੇ ਪੁੰਨ ਕਰਮ ਉਸੇ ਵਕਤ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ। ਅੰਦਰ ਪੰਜ ਅੱਗਾਂ ਹੁੰਦੀਆਂ ਹਨ। ਉਹ ਪੰਜ ਅੱਗਾਂ ਉਸਦੇ ਪੁੰਨਾਂ ਨੂੰ ਜਾਲਣਾ ਸ਼ੁਰੂ ਕਰ ਦਿੰਦੀਆਂ ਹਨ। ਅਥਿਤੀ ਉਹ ਹੁੰਦਾ ਹੈ ਜਿਸ ਨੂੰ ਭੁੱਖ ਲੱਗੀ ਹੋਵੇ। ਜਾਣਦੇ ਨਾ ਹੋਈਏ, ਅਚਾਨਕ ਹੀ ਆ ਗਿਆ ਹੋਵੇ ਉਸ ਨੂੰ ਪੁਛ ਲਿਆ ਤੇ ਮਨ ਵਿਚ ਫੁਰਨਾ ਆ ਗਿਆ ਕਿ ਇਸ ਨੇ ਪ੍ਰਸ਼ਾਦਾ ਛਕਣਾ ਹੈ। ਇਹ ਭੁੱਖਾ ਹੈ। ਉਸ ਨੂੰ ਪ੍ਰਸ਼ਾਦਾ ਛਕਾਉਣ ਵਰਗਾ ਪੁੰਨ ਕੋਈ ਨਹੀਂ ਹੁੰਦਾ। ਅਥਿਤੀ ਸੇਵਾ ਕਰਨ ਵਾਲਿਆਂ ਨੂੰ ਵੱਡੇ ਪੁੰਨ ਪ੍ਰਾਪਤ ਹੋਇਆ ਕਰਦੇ ਹਨ। ਉਹ ਵਿਧੀਪੂਰਵਕ ਅਤਿਥੀ ਸੇਵਾ ਕਰਿਆ ਕਰਦਾ ਸੀ। ਅਖੀਰ ਪਰਮੇਸ਼ਰ ਨੇ ਉਸ ਤੇ ਕਸਵੱਟੀ ਲਾਈ, ਇਕ ਵਾਰੀ ਐਸਾ ਹੋਇਆ ਕਿ ਪੰਜ ਦਿਨ ਕੋਈ ਅਤਿਥੀ ਨਾ ਆਇਆ। ਪੰਜ ਦਿਨ ਦਾ ਉਹ ਭੁਖਾ ਪਿਆ ਰਿਹਾ, ਉਸ ਸੇਠ ਨੇ ਪ੍ਰਣ ਕਰ ਲਿਆ ਕਿ ਜੇਕਰ ਅੱਜ ਅਥਿਤੀ ਨਾ ਆਇਆ ਤਾਂ ਮੈਂ ਜਲ ਕੇ ਮਰ ਜਾਵਾਂਗਾ। ਕਹਿਣ ਲੱਗਾ ਕਿ ਸ਼ਾਇਦ ਮੇਰੇ ਤੇ ਪਰਮੇਸ਼ਰ ਨਰਾਜ਼ ਹੈ ਤਾਂ ਹੀ ਮੇਰੇ ਘਰ ਅਥਿਤੀ ਨਹੀਂ ਆ ਰਿਹਾ। ਇਸ ਕਰਕੇ ਪਰਮੇਸ਼ਰ ਨੂੰ ਅਥਿਤੀ ਬਣ ਕੇ ਉਸਦੇ ਘਰ ਜਾਣਾ ਪਿਆ। ਜਦੋਂ ਅਤਿਥੀ ਨੇ ਪ੍ਰਸ਼ਾਦਾ ਛਕ ਲਿਆ, ਸਾਰਾ ਸ਼ਹਿਰ ਇਕੱਠਾ ਹੋ ਗਿਆ, ਭਰਾ ਵੀ ਆ ਕੇ ਬੈਠ ਗਿਆ। ਕਹਿਣ ਲੱਗਾ, ਭਰਾ! ਜੇਕਰ ਅੱਜ ਇਹ ਬੁੱਢਾ ਨਾ ਆਉਂਦਾ ਤਾਂ ਤੂੰ ਤਾਂ ਜਲ ਕੇ ਮਰ ਜਾਣਾ ਸੀ। ਕੀ ਪਿਆ ਹੈ ਇਹਨਾਂ ਗੱਲਾਂ ਵਿਚ? ਤੂੰ ਵਹਿਮੀ ਹੈਂ। ਉਹ ਕਹਿਣ ਲੱਗਾ, ਮੈਂ ਵਹਿਮੀ ਨਹੀਂ ਹਾਂ ਇਹ ਮੇਰਾ ਪ੍ਰਣ ਹੈ ਕਿ ਮੈਂ ਅਥਿਤੀ ਨੂੰ ਪ੍ਰਸ਼ਾਦਾ ਛਕਾਏ ਬਗੈਰ ਨਹੀਂ ਛਕਣਾ। ਉਹ ਬਿਰਧ ਅਥਿਤੀ ਉਸ ਨਾਸਤਕ ਭਰਾ ਨੂੰ ਕਹਿਣ ਲੱਗਾ ਕਿ ਤੂੰ ਰਾਮ, ਰਾਮ ਜਪਿਆ ਕਰ। ਉਸਦੇ ਭਰਾ ਨੇ ਰਾਮ ਨੂੰ ਗਾਲ ਕੱਢੀ, ਕਹਿੰਦਾ ਮੈਂ ਨਹੀਂ ਉਸ ਨੂੰ ਜਾਣਦਾ ਉਹ ਸਾਲਾ ਰਾਮ ਕੌਣ ਹੁੰਦਾ ਹੈ? ਉਸਦਾ ਇਹ ਪ੍ਰਣ ਸੀ ਕਿ ਜੇਕਰ ਕਿਸੇ ਦਾ ਨਾਮ ਰਾਮ ਚੰਦਰ ਹੋਵੇ, ਚੰਦਰ ਤਾਂ ਕਹਿ ਦੇਣਾ ਹੈ ਪਰ ਰਾਮ ਨਹੀਂ ਕਹਿਣਾ। ਜੇਕਰ ਕ੍ਰਿਸ਼ਨ ਚੰਦਰ ਹੈ ਤਾਂ ਵੀ ਚੰਦਰ ਹੀ ਕਹਿਣਾ ਹੈ, ਕ੍ਰਿਸ਼ਨ ਨਹੀਂ ਕਹਿਣਾ। ਜਿਥੇ ਪਰਮੇਸ਼ਰ ਦਾ ਨਾਮ ਹੋਵੇ, ਉਹ ਲੈਂਦਾ ਨਹੀਂ ਸੀ ਹੁੰਦਾ, ਐਸਾ ਜ਼ਿੱਦੀ ਬੰਦਾ ਸੀ। ਗਾਲ ਕੱਢ ਦਿਤੀ। ਕਹਿਣ ਲੱਗਾ ਮੈਂ ਨਹੀਂ ਜਾਣਦਾ ਸਾਲਾ ਰਾਮ ਕੌਣ ਹੈ। ਉਹ ਬ੍ਰਿਧ ਕਹਿਣ ਲੱਗਾ ਕਿ ਹੁਣ ਤੈਨੂੰ ਪਤਾ ਲਗ ਜਾਵੇਗਾ ਕਿ ਰਾਮ ਕੌਣ ਹੈ। ਤੇਰੇ ਮੂੰਹੋ ਇਕ ਵਾਰੀ ਕਢਾਉਣਾ ਸੀ, ਹੁਣ ਦੋ ਘੰਟੇ ਬਾਅਦ ਤੇਰੀ ਮੌਤ ਹੋ ਜਾਣੀ ਹੈ, ਉਸ ਤੋਂ ਬਾਅਦ ਜਮਦੂਤਾਂ ਨੇ ਤੈਨੂੰ ਮਾਰਦਿਆਂ ਕੁਟਦਿਆਂ ਲੈ ਜਾਣਾ ਹੈ। ਜਦੋਂ ਤੈਨੂੰ ਨਰਕ ਵਿਚ ਸੁਟਣ ਲੱਗੇ ਤਾਂ ਤੂੰ ਇੰਜ ਕਰੀਂ, ਉਥੇ ਕਹਿ ਦੇਵੀਂ ਕਿ ਤੂੰ ਇਕ ਵਾਰੀ ਗਾਲ ਕੱਢ ਕੇ ਸਾਲਾ ਰਾਮ ਕਿਹਾ ਸੀ। ਫੇਰ ਤੂੰ ਇਸ ਗੱਲ ਦਾ ਤਜਰਬਾ ਕਰੀਂ ਕਿ ਨਾਮ ਦੀ ਮਹਿਮਾ ਕੀ ਹੈ।

ਸੋ ਇਸੇ ਤਰ੍ਹਾਂ ਹੀ ਹੋਇਆ, ਉਹ ਦੋ ਘੰਟੇ ਬਾਅਦ ਮਰ ਗਿਆ। ਜਮਦੂਤ ਮਾਰਦੇ ਕੁਟਦੇ ਲੈ ਗਏ, ਧਰਮਰਾਜ ਨੇ ਚਿੱਤਰ ਗੁਪਤ ਨੂੰ ਕਿਹਾ ਕਿ ਦੇਖੋ ਇਸਦਾ ਹਿਸਾਬ, ਤਾਂ ਉਹ ਕਹਿਣ ਲੱਗਾ ਕਿ ਹਿਸਾਬ ਕਿਤਾਬ ਕੀ ਦੇਖਣਾ ਹੈ। ਇਸ ਦੀ ਕਾਪੀ ਤਾਂ ਸਾਰੀ ਹੀ ਕਾਲੇ ਲੇਖਾਂ ਨਾਲ ਭਰੀ ਹੋਈ ਹੈ, ਚਿੱਟੇ ਲੇਖ ਤਾਂ ਇਸ ਦੇ ਕੋਈ ਭੀ ਨਹੀਂ ਹਨ। ਇਕ ਵਾਰੀ ਇਸਨੇ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਸਿਰਫ ਕਿਹਾ ਸੀ ਭਾਵਨਾਂ ਨਾਲ ਨਹੀਂ ਕਿਹਾ। ਕ੍ਰਿਸ਼ਨ ਮਹਾਰਾਜ ਨੇ ਗੀਤਾ ਵਿਚ ਕਿਹਾ ਹੈ ਕਿ ਹੇ ਅਰਜਨ! ਭਾਵੇਂ ਕੋਈ ਭੁਲ ਕੇ ਵੀ ਮੇਰਾ ਨਾਮ ਲੈਂਦਾ ਹੈ, ਭਾਵੇਂ ਕਿਸੇ ਤਰੀਕੇ ਨਾਲ ਹੀ ਲੈਂਦਾ ਹੈ ਮੈਂ ਉਹ ਵੀ ਲੇਖੇ ਵਿਚ ਪਾ ਦਿੰਦਾ ਹਾਂ। ਜਿਸ ਤਰ੍ਹਾਂ ਕੋਈ ਸਾਬਣ ਨੂੰ ਬੇ-ਧਿਆਨੇ ਹੀ ਲਗਾ ਲਵੇ, ਸਾਬਣ ਦਾ ਕੰਮ ਹੈ ਮੈਲ ਨੂੰ ਕੱਟਣਾ, ਉਸ ਨੇ ਮੈਲ ਕੱਟ ਹੀ ਦੇਣੀ ਹੈ। ਭਾਵੇਂ ਕੋਈ ਧਿਆਨ ਨਾਲ ਸਾਬਣ ਲਗਾ ਰਿਹਾ ਹੈ, ਭਾਵੇਂ ਕੋਈ ਬੇ-ਧਿਆਨੇ। ਇਸੇ ਤਰ੍ਹਾਂ ਦੇ ਨਾਲ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** ***ਪੰਨਾ - 4***

ਕੋਈ ਨਾਮ ਭਾਵੇਂ ਕਿਸੇ ਤਰੀਕੇ ਨਾਲ ਲਵੇ, ਉਸਦਾ ਫਲ ਮੈਨੂੰ ਦੇਣਾ ਪੈਂਦਾ ਹੈ। ਸੋ ਚਿੱਤਰ ਗੁਪਤ ਨੇ ਦਸਿਆ ਕਿ ਇਸ ਬੰਦੇ ਨੇ ਕੇਵਲ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਸਾਲਾ ਰਾਮ ਕਹਿ ਕੇ। ਕਹਿਣ ਲੱਗੇ ਕਿ ਫੇਰ ਇਸ ਨੂੰ ਇਕ ਵਾਰੀ ਰਾਮ ਕਹਿਣ ਦਾ ਫਲ ਦੇ ਦਿਓ, ਉਹ ਬੰਦਾ ਕਹਿਣ ਲੱਗਾ ਕਿ ਮੈਂ ਫਲ ਨਹੀਂ ਲੈਣਾ, ਮੈਂ ਮੁੱਲ ਲੈਣਾ ਹੈ। ਸੋ ਉਸ ਨੂੰ ਗੱਲ ਯਾਦ ਆ ਗਈ ਕਿ ਉਸ ਬਿਰਧ ਨੇ ਕਿਹਾ ਸੀ ਕਿ ਜਦੋਂ ਤੈਨੂੰ ਪੁਛਣਗੇ ਕਿ ਤੈਨੂੰ ਨਾਮ ਦਾ ਫਲ ਦਿੰਦੇ ਹਾਂ ਪਰ ਤੂੰ ਕਹੀਂ ਕਿ ਮੈਂ ਫਲ ਨਹੀਂ ਲੈਣਾ, ਮੁੱਲ ਲੈਣਾ ਹੈ। ਸੋ ਧਰਮਰਾਜ ਹੈਰਾਨ ਹੋ ਗਿਆ ਕਿ ਪਾਰਬ੍ਰਹਮ ਜੀ ਨੇ ਸਾਨੂੰ ਨਾਮ ਦਾ ਮੁਲ ਤਾਂ ਦਸਿਆ ਹੀ ਨਹੀਂ। ਕਹਿਣ ਲਗੇ ਬ੍ਰਹਮਾ ਜੀ


Sri Satguru Jagjit Singh Ji eLibrary NamdhariElibrary@gmail.com

ਕੋਲ ਚਲਦੇ ਹਾਂ। ਜਿਸਨੇ ਸਾਰਾ ਸੰਸਾਰ ਸਾਜਿਆ ਹੈ –

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥*** ***ਪੰਨਾ – 1156***

ਉਸ ਜੀਵ ਨੂੰ ਲੈ ਕੇ ਧਰਮਰਾਜ ਬ੍ਰਹਮਾ ਜੀ ਪਾਸ ਪਹੁੰਚੇ ਅਤੇ ਬੇਨਤੀ ਕੀਤੀ ਕਿ ਮਹਾਰਾਜ! ਇਕ ਸਮੱਸਿਆ ਆ ਗਈ ਇਹ ਜੀਵ ਮ੍ਰਿਤ ਮੰਡਲ 'ਚੋਂ ਆਇਆ ਹੈ, ਜੋ ਮਹਾਂ ਪਾਪੀ ਹੈ, ਇਸ ਨੇ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਇਹ ਉਸ ਦਾ ਮੁੱਲ ਮੰਗਦਾ ਹੈ। ਬ੍ਰਹਮਾ ਜੀ ਕਹਿਣ ਲੱਗੇ ਹੈਂ? ਰਾਮ ਦੇ ਨਾਮ ਦਾ ਮੁੱਲ? ਫਲ ਦਾ ਤਾਂ ਸਾਨੂੰ ਪਤਾ ਹੈ ਪਰ ਮੁੱਲ ਦਾ ਨਹੀਂ ਪਤਾ। ਸ਼ਿਵ ਜੀ ਮਹਾਰਾਜ ਕੋਲ ਚਲਦੇ ਹਾਂ, ਜਿਹੜੇ ਹਰ ਵਕਤ ਧਿਆਨ ਵਿਚ ਰਹਿੰਦੇ ਹਨ। ਜਦੋਂ ਸ਼ਿਵ ਜੀ ਕੋਲ ਗਏ ਉਹਨਾਂ ਨੇ ਕਿਹਾ ਕਿ ਮੁੱਲ ਦਾ ਤਾਂ ਸਾਨੂੰ ਵੀ ਨਹੀਂ ਪਤਾ, ਚਲੋ ਵਿਸ਼ਨੂੰ ਜੀ ਕੋਲ ਚਲੇ ਗਏ, ਉਹ ਬੜੇ ਹੱਸੇ, ਕਹਿਣ ਲੱਗੇ ਕੀ ਗੱਲ ਸਾਰੇ ਇਕੱਠੇ ਹੋ ਕੇ ਆਏ ਹੋ। ਇਹ ਜੀਵ ਨੂੰ ਨਾਲ ਲਈ ਆਉਂਦੇ ਹੋ। ਕਹਿਣ ਲੱਗੇ ਜੀ ਕਾਹਦਾ ਜੀਵ ਲਈ ਆਉਂਦੇ ਹਾਂ। ਇਸ ਨੇ ਤਾਂ ਸਮੱਸਿਆ ਖੜ੍ਹੀ ਕਰ ਦਿਤੀ। ਆਪ ਦੇ ਵਿਧਾਨ ਦੇ ਵਿਚ ਤਾਂ ਕਿਧਰੇ ਵੀ ਮੁੱਲ ਨਹੀਂ ਲਿਖਿਆ ਹੋਇਆ ਪਰਮੇਸ਼ਰ ਦੇ ਨਾਮ ਦਾ ਅਤੇ ਇਹ ਜੀਵ ਮੁੱਲ ਮੰਗਦਾ ਹੈ ਜਦੋਂ ਕਿ ਇਸਨੇ ਕੇਵਲ ਇਕ ਵਾਰੀ ਰਾਮ ਕਿਹਾ ਸੀ, ਉਹ ਵੀ ਗਾਲ ਕੱਢ ਕੇ। ਜਿਹੜੇ ਦੇਵਗਨ ਸੀ, ਉਹ ਚੁਪ ਕਰ ਗਏ। ਵਿਸ਼ਨੂੰ ਜੀ ਨੇ ਦੇਵਗਣਾਂ ਨੂੰ ਕਿਹਾ ਕਿ ਬਬਾਣ ਲੈ ਕੇ ਆਓ ਅਤੇ ਇਸ ਜੀਵ ਨੂੰ ਸਾਡੇ ਬੈਕੁੰਠ ਧਾਮ ਵਿਚ ਪ੍ਰਵੇਸ਼ ਕਰਾ ਦਿਓ, ਜੀਵ ਬੈਕੁੰਠ ਧਾਮ ਵਿਚ ਚਲਾ ਗਿਆ, ਧਰਮਰਾਜ, ਬ੍ਰਹਮਾ ਜੀ, ਸ਼ਿਵ ਜੀ ਵਾਪਸ ਆਏ ਤਾਂ ਧਰਮਰਾਜ ਨੇ ਕਿਹਾ ਕਿ ਵਿਸ਼ਨੂੰ ਜੀ ਨੇ ਰਾਮ ਕਹਿਣ ਦਾ ਮੁੱਲ ਤਾਂ ਦੱਸਿਆ ਹੀ ਨਹੀਂ। ਗੱਲ ਤਾਂ ਉਥੇ ਹੀ ਰਹਿ ਗਈ। ਫੇਰ ਮੁੜ ਕੇ ਵਿਸ਼ਨੂੰ ਜੀ ਕੋਲ ਚਲੇ ਗਏ, ਕਹਿਣ ਲੱਗੇ ਜੇਕਰ ਕੋਈ ਹੋਰ ਜੀਵ ਆ ਗਿਆ ਤੇ ਮੁੱਲ ਮੰਗਣ ਲੱਗ ਗਿਆ ਕਿ ਮੈਨੂੰ ਰਾਮ, ਵਾਹਿਗੁਰੂ, ਅੱਲਾ ਦੇ ਨਾਮ ਦਾ ਮੁੱਲ ਦਿਓ, ਤਾਂ ਅਸੀਂ ਕੀ ਫਲ ਦਿਆਂਗੇ, ਤੁਸੀਂ ਇਹ ਗੱਲ ਸਾਫ ਨਹੀਂ ਕੀਤੀ। ਵਿਸ਼ਨੂੰ ਜੀ ਨੇ ਕਿਹਾ ਤੁਸੀਂ ਫਿਕਰ ਨਾ ਕਰੋ, ਮੇਰੀ ਮਾਇਆ ਇਤਨੀ ਪ੍ਰਬਲ ਹੈ ਕਿ ਮੈਂ ਜੀਵ ਨੂੰ ਸੋਝੀ ਹੀ ਨਹੀਂ ਆਉਣ ਦੇਣੀ ਕਿ ਉਹ ਨਾਮ ਦਾ ਮੁੱਲ ਮੰਗ ਸਕੇ। ਫਲ ਤਾਂ ਹੁੰਦਾ ਹੈ ਪਰ ਮੁੱਲ ਨਹੀਂ ਕੋਈ ਹੁੰਦਾ। ਪਾਰਬ੍ਰਹਮ ਪਰਮੇਸ਼ਰ ਨੇ ਨਾਮ ਨੂੰ ਅਮੁੱਲ ਆਖਿਆ ਹੈ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

ਨਾਮ, ਨਾਮੀ ਤੋਂ ਵੱਡਾ ਹੋਇਆ ਕਰਦਾ ਹੈ।

ਇਕ ਵਾਰੀ ਜਦੋਂ ਗੁਰੂ ਨਾਨਕ ਸਾਹਿਬ ਕਾਸ਼ੀ ਵਿਚ ਗਏ, ਉਥੇ ਬਹੁਤ ਸਾਰੇ ਪੰਡਤ ਬੈਠੇ ਸਨ। ਗੁਰੂ ਨਾਨਕ ਸਾਹਿਬ ਦੀ ਉਹਨਾਂ ਨਾਲ ਬਹੁਤ ਲੰਬੀ ਵਾਰਤਾਲਾਪ ਹੋਈ। ਉਹਨਾਂ ਨੇ ਇਕ ਸਵਾਲ ਕੀਤਾ ਕਿ ਹੇ ਨਾਨਕ! ਸਾਨੂੰ ਇਹ ਦੱਸੋ ਕਿ ਸਭ ਤੋਂ ਵੱਡਾ ਕੌਣ ਹੈ? ਮਹਾਰਾਜ ਨੇ ਜਵਾਬ ਦਿਤਾ ਕਿ ਵਾਹਿਗੁਰੂ ਜੀ, ਪ੍ਰਭੂ ਨਾਰਾਇਣ, ਅਕਾਲਪੁਰਖ, ਬ੍ਰਹਮ। ਸਭ ਚੁਪ ਕਰ ਗਏ, ਪੁੱਛਣ ਲੱਗੇ ਕਿ ਇਹਨਾਂ ਤੋਂ ਵੀ ਕੋਈ ਵੱਡਾ ਹੈ? ਦਸਿਆ ਕਿ ਉਸਦਾ ਨਾਮ ਵੱਡਾ ਹੈ, ਨਿਰਾਕਾਰ ਪਰਮੇਸ਼ਰ ਨੂੰ ਜਿਸ ਰੂਪ ਵਿਚ ਵੀ ਦੇਖਣਾ ਚਾਹੋ, ਉਸ ਰੂਪ ਵਿਚ ਉਸ ਨੂੰ ਬਣਨਾ ਪੈਂਦਾ ਹੈ। ਉਸ ਨੂੰ ਦਰਸ਼ਨ ਦੇਣੇ ਪੈਂਦੇ ਹਨ। ਸੋ ਉਸਦਾ ਨਾਮ ਉੱਚਾ ਹੈ। ਪਰਮੇਸ਼ਰ ਦੇ ਨਾਮ ਦੀ ਮਹਿਮਾ ਕੋਈ ਨਹੀਂ ਜਾਣਦਾ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ – 81***

ਨਾਮ ਦੀ ਮਹਿਮਾ ਤਾਂ ਕੇਵਲ ਪਰਮੇਸ਼ਰ ਦੇ ਪਿਆਰੇ ਹੀ ਜਾਣਦੇ ਹਨ। ਐਸਾ ਫੁਰਮਾਨ ਹੈ –

***ਧਾਰਨਾ – ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ –2, 2.***
***ਸੰਤਾਂ ਦੇ ਹਿਰਦੇ ਵਸਦੀ, –2, 2.***
***ਮਹਿਮਾ ਹਰਿ ਨਾਮ ਦੀ,......... –2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥*** ***ਪੰਨਾ – 265***

ਸੰਤ, ਜਿਹਨਾਂ ਨੇ ਨਾਮ ਨੂੰ ਜਿੰਦਗੀ ਵਿਚ ਪਰਤਿਆ ਪਰਤਿਆ ਕੇ ਦੇਖਿਆ ਹੈ, ਉਹਨਾਂ ਨੂੰ ਪਤਾ ਲਗਦਾ ਹੈ ਕਿ ਨਾਮ ਕੀ ਚੀਜ਼ ਹੈ। ਸੰਸਾਰ ਨੂੰ ਤਾਂ ਇਸਦਾ ਪਤਾ ਹੀ ਨਹੀਂ ਲਗਦਾ, ਐਸੇ ਬੇਕਦਰੇ ਹਨ। ਕੀਮਤੀ ਚੀਜ਼ਾਂ ਦੀ ਕਦਰ ਨਹੀਂ ਪਾ ਸਕਦੇ। ਸੰਸਾਰ ਨੂੰ ਪਤਾ ਹੈ – ਜ਼ਮੀਨਾਂ ਦਾ, ਜਾਇਦਾਦਾਂ ਦਾ, ਧੀਆਂ ਦਾ, ਪੁੱਤਰਾਂ ਦਾ, ਮਾਣ ਦਾ, ਇੱਜ਼ਤ ਦਾ, ਸ਼ੋਹਰਤ ਦਾ; ਇਹ ਕੌਡੀ ਤੋਂ ਵੀ ਖੋਟੀਆਂ ਚੀਜ਼ਾਂ ਹਨ। ਕਿਸੇ ਵੀ ਲੇਖੇ ਦੀਆਂ ਚੀਜ਼ਾਂ ਨਹੀਂ ਹਨ। ਸੰਸਾਰ ਇਹਨਾਂ ਦੀ ਕੀਮਤ ਪਾ ਸਕਦਾ ਹੈ ਪਰ ਜੋ ਸੰਗ ਸਹਾਈ ਪਰਮੇਸ਼ਰ ਦਾ ਨਾਮ ਹੈ, ਉਹਦੀ ਕੀਮਤ ਦਾ ਪਤਾ ਨਹੀਂ ਲਗਦਾ। ਸੋ ਸੰਸਾਰ ਦੇ ਸਾਰੇ ਕਾਰਜ, ਵਿਘਨਾਂ, ਸਾਰਿਆਂ ਦੁਖਾਂ, ਮੁਸ਼ਕਲਾਂ, ਬੀਮਾਰੀਆਂ ਦਾ ਇਲਾਜ ਪਰਮੇਸ਼ਰ ਦਾ ਨਾਮ ਹੋਇਆ ਕਰਦਾ ਹੈ। ਇਕ ਸ਼ਬਦ ਵਿਚ ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ–

***ਧਾਰਨਾ – ਸਭ ਕਾਜ ਸਵਾਰੇ ਜੀ,***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ –2, 2.***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ –2, 2.***
***ਸਭ ਕਾਜ ਸਵਾਰੇ ਜੀ, ............. –2.***

ਸ਼ਬਦ ਦੇ ਅੰਦਰ ਮਹਾਰਾਜ ਨੇ ਜਿਸ ਤਰ੍ਹਾਂ ਸੁਖਮਨੀ ਸਾਹਿਬ ਦੇ ਅੰਦਰ ਪਹਿਲੀ ਅਸ਼ਟਪਦੀ ਵਿਚ ਸਿਮਰਨ ਦੀਆਂ ਬਰਕਤਾਂ ਬਹੁਤ ਵਿਸਥਾਰ ਨਾਲ ਦਸੀਆਂ ਹਨ, ਇਸੇ ਤਰ੍ਹਾਂ ਫੁਰਮਾਉਂਦੇ ਹਨ –

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਪੰਨਾ – 960***

ਦੁਖ ਆ ਹੀ ਨਹੀਂ ਸਕਦਾ। ਦੁਖ ਦੀ ਪਰੀਭਾਸ਼ਾ ਉਸ ਵਾਸਤੇ ਖਤਮ ਹੋ ਜਾਂਦੀ ਹੈ। ਸੰਸਾਰ ਨੂੰ ਦੇਖਣ ਵਾਸਤੇ ਦੁਖ ਪ੍ਰਤੀਤ ਦਿੰਦਾ ਹੈ ਪਰ ਉਸਦੇ ਮਨ ਦੇ ਅੰਦਰ ਸੰਤੁਲਨ, ਜਿਹੜੀ ਤਕੜੀ ਲੱਗੀ ਹੋਈ ਹੈ, ਉਸ ਦੁਖ ਦੇ ਵਿਚ ਹੀ ਸੁਖ ਦੇਖ ਰਹੀ ਹੈ –


Sri Satguru Jagjit Singh Ji eLibrary NamdhariElibrary@gmail.com

***ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
***ਪੰਨਾ - 1302***

ਸਾਰਾ ਸੁਖ ਹੀ ਬਣ ਜਾਇਆ ਕਰਦਾ ਹੈ, ਦੁਖ ਨਹੀਂ ਰਹਿੰਦਾ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਜੀ ਮਹਾਰਾਜ, ਅਨੰਦਪੁਰ ਸਾਹਿਬ ਛੱਡ ਕੇ ਮਹਾਂਭਿਆਨਕ ਯੁੱਧ ਕਰਦੇ ਚਮਕੌਰ ਸਾਹਿਬ ਆ ਕੇ ਯੁੱਧ ਕੀਤਾ, ਓਥੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਉਸ ਤੋਂ ਬਾਅਦ ਇਕੱਲੇ ਜਾ ਰਹੇ ਹਨ, ਰਾਏ ਕੱਲੇ ਪਾਸ ਜਾ ਕੇ ਪਤਾ ਲੱਗਿਆ ਕਿ ਛੋਟੇ ਸਾਹਿਬਜ਼ਾਦੇ ਵੀ ਮਾਤਾ ਜੀ ਸਮੇਤ ਸ਼ਹੀਦ ਹੋ ਗਏ ਹਨ। ਉਸ ਤੋਂ ਬਾਅਦ ਆਪ ਜੰਗਲ ਵਿਚ ਚਲੇ ਗਏ, ਫੇਰ ਮਾਲਵੇ ਚਲੇ ਗਏ। ਉਥੇ ਦੋ ਭਰਾ ਰਿਹਾ ਕਰਦੇ ਸਨ - ਧਰਮ ਸਿੰਘ ਤੇ ਪਰਮ ਸਿੰਘ। ਉਹਨਾਂ ਦੇ ਹਿਰਦੇ ਵਿਚ ਮਹਾਰਾਜ ਜੀ ਵਾਸਤੇ ਬਹੁਤ ਹੀ ਪਿਆਰ ਸੀ, ਇਹ ਭਾਈ ਰੂਪੇ ਦੀ ਉਲਾਦ ਵਿਚੋਂ ਸਨ ਜਿਹਨਾਂ ਨੂੰ ਛੇਵੇਂ ਪਾਤਸ਼ਾਹ ਦਾ ਵਰ ਸੀ ਕਿ ਤੁਹਾਡੇ ਲੰਗਰ ਵਿਚ ਗਿੱਲੀਆਂ ਲੱਕੜਾਂ ਵੀ ਸੁੱਕੀਆਂ ਦੀ ਤਰ੍ਹਾਂ ਜਲਿਆ ਕਰਨਗੀਆਂ, ਹੁਣ ਵੀ ਜਲਦੀਆਂ ਹਨ। ਲੰਗਰ ਦਿਨ ਰਾਤ ਚਲਦਾ ਹੈ।

ਸੋ ਧਰਮ ਸਿੰਘ ਤੇ ਪਰਮ ਸਿੰਘ ਨੇ ਬਹੁਤ ਵੈਰਾਗ ਕੀਤਾ, ਬਰਾਏ ਨਾ ਜਾਣ। ਗੁਰੂ ਮਹਾਰਾਜ ਨੇ ਬਹੁਤ ਗਿਆਨ ਦਿਤਾ ਤਾਂ ਵੀ ਉਹ ਚੁੱਪ ਨਾ ਕਰਨ, ਪਿੰਡਾਂ ਵਿਚ ਦੁਧ ਲੈਣ ਜਾਣ ਤਾਂ ਵੀ ਰੋਂਦੇ ਜਾਣ। ਜਦੋਂ ਇਕੱਲੇ ਹੋ ਜਾਣ ਤਾਂ ਹੋਰ ਵੀ ਉੱਚੀ ਉੱਚੀ ਰੋਣ। ਅੱਜ ਚੌਥਾ ਦਿਨ ਹੋ ਗਿਆ, ਬੱਸ ਇਕੋ ਗੱਲ ਕਹੀ ਜਾਣ ਕਿ ਮਹਾਰਾਜ! ਕੀ ਸਿੰਘ ਥੋੜ੍ਹੇ ਸਨ ਜੋ ਤੁਸੀਂ ਸਾਹਿਬਜ਼ਾਦੇ ਸ਼ਹੀਦ ਕਰਵਾ ਦਿਤੇ। ਜੇ ਯੁੱਧ ਕਰਨਾ ਹੀ ਸੀ ਤਾਂ ਉਨ੍ਹਾਂ ਨੂੰ ਤਾਂ ਬਚਾ ਲੈਂਦੇ ਕਿਉਂਕਿ ਇਹਨਾਂ ਨੇ ਬੜੇ ਪਿਆਰ ਨਾਲ ਸਾਹਿਬਜ਼ਾਦਿਆਂ ਦੇ ਦਰਸ਼ਨ ਕੀਤੇ ਹੋਏ ਸਨ।

ਚੌਥਾ ਦਿਨ ਹੋਇਆ ਤਾਂ ਕੀ ਦੇਖਦੇ ਹਨ ਕਿ ਉਹ ਸਿੱਖ ਅਜੇ ਵੀ ਰੋਈ ਜਾਂਦੇ ਹਨ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਅਜੇ ਵੀ ਰੋਈ ਜਾਂਦੇ ਹੋ? ਉਹਨਾਂ ਨੇ ਉਤਰ ਦਿਤਾ ਕਿ ਸਾਡੇ ਕੋਲੋਂ ਸਾਹਿਬਜ਼ਾਦਿਆਂ ਦਾ ਵਿਛੋੜਾ ਨਹੀਂ ਝੱਲਿਆ ਜਾਂਦਾ। ਚਲੋ ਵਿਛੋੜਾ ਤਾਂ ਠੀਕ ਹੈ, ਪਰ ਜੋ ਕੁਝ ਉਹਨਾਂ ਨਾਲ ਹੋਇਆ ਉਹ ਅਸੀਂ ਨਹੀਂ ਭੁੱਲ ਸਕਦੇ, ਕਿਸ ਤਰ੍ਹਾਂ ਉਹ ਨੀਹਾਂ ਵਿੱਚ ਚਿਣੇ ਗਏ। ਅਸੀਂ ਉਹ ਨਹੀਂ ਭੁਲ ਸਕਦੇ ਕਿਵੇਂ ਠੰਡ ਵਿਚ ਰਖੇ ਗਏ, ਕਿਸ ਤਰ੍ਹਾਂ ਬੱਚਿਆਂ ਨੂੰ ਤਕਲੀਫਾਂ ਦਿਤੀਆਂ ਗਈਆਂ ਅਤੇ ਕਿਸ ਤਰ੍ਹਾਂ ਦੇ ਨਾਲ ਉਹ ਸ਼ਹੀਦ ਕੀਤੇ ਗਏ। ਬੜੀ ਦਰਦਨਾਕ ਕਹਾਣੀ ਹੈ ਅਸੀਂ ਸੁਣ ਨਹੀਂ ਸਕਦੇ। ਠੀਕ ਹੈ ਕਿਸੇ ਯੁੱਧ ਵਿਚ ਲੜਦੇ ਸ਼ਹੀਦ ਹੋ ਜਾਂਦੇ ਪਰ ਇਹ ਤਾਂ ਛੋਟੇ ਛੋਟੇ ਬੱਚੇ ਕਿੱਡੇ ਵੱਡੇ ਦੈਂਤਾਂ ਜਲਾਦਾਂ ਨੇ ਕਿਵੇਂ ਛਾਤੀਆਂ ਤੇ ਗੋਡੇ ਰੱਖ ਕੇ ਜਿਸ ਤਰ੍ਹਾਂ ਬਕਰਾ ਜਿਬ੍ਹਾ ਕਰੀਦਾ ਹੈ, ਇਸ ਤਰ੍ਹਾਂ ਛੁਰੀ ਫੇਰ ਫੇਰ ਕੇ ਜਿਬ੍ਹਾ ਕਰੇ। ਇਹ ਗੱਲ ਅਸਾਨੂੰ ਭੁਲਣੀ ਨਹੀਂ। ਇਸ ਗੱਲ ਦਾ ਅਸਾਨੂੰ ਬਹੁਤ ਵੈਰਾਗ ਹੈ। ਗੁਰੂ ਮਹਾਰਾਜ ਕਹਿਣ ਲੱਗੇ, ਇਹ ਤਾਂ ਖੇਡ ਹੋ ਰਹੀ ਹੈ, ਗਿਆਨਵਾਨ ਬੰਦੇ ਹੋ ਕੇ ਐਸੀਆਂ ਗੱਲਾਂ ਕਰਦੇ ਹੋ, ਮੈਨੂੰ ਚੰਗੀਆਂ ਨਹੀਂ ਲਗਦੀਆਂ। ਜੇ ਕੋਈ ਚੜ੍ਹਾਈ ਕਰ ਜਾਵੇ ਉਸ ਨੂੰ ਕਹੋ ਕਿ ਤੂੰ ਰੱਬ ਦਾ ਭਾਣਾ ਮੰਨ, ਸੋਚੇਗਾ ਐਵੇਂ ਹੀ ਗੱਲ ਕਹੀ ਜਾਂਦੇ ਹਨ। ਭਾਣਾ ਮੈਂ ਕਾਹਦਾ ਮੰਨਾ, ਮੈਨੂੰ ਤਾਂ ਵਿਜੋਗ ਆ ਗਿਆ, ਮਨ ਵਿਚ ਬਹੁਤ ਤਕਲੀਫ ਹੈ। ਸੋ ਇਸ ਤਰ੍ਹਾਂ ਬਹੁਤ ਸਮਝਾਇਆ ਕਿ ਦੇਖੋ ਜੇ ਗੁਰੂ ਸਾਹਿਬ ਨਾ ਚਾਹੁੰਦੇ, ਤਾਂ ਇਹ ਗੱਲ ਨਾ ਹੁੰਦੀ, ਬਾਕੀ ਜਿਹੜੀ ਤੁਸੀਂ ਗੱਲ ਕਰਦੇ ਹੋਂ, ਕਿਸੇ ਨੂੰ ਦੁਖ ਭੀ ਸੁਖ ਲਗਿਆ ਕਰਦਾ ਹੈ। ਦੁਨੀਆਂ ਦੇ ਅੰਦਰ ਦੇਖ, ਇਕ ਕਿਸਾਨ ਹੈ, ਬਿਜਲੀ ਹਨ੍ਹੇਰੀ ਰਾਤ ਨੂੰ ਨੌਂ ਵਜੇ ਮਿਲਦੀ ਹੈ। ਉਸ ਨੇ ਨੱਕੇ ਛੱਡਣੇ ਹਨ। ਧਾਨਾਂ ਦਾ ਖੇਤ ਹੈ, ਵਿਚ ਸੱਪ ਸਪੋਲੇ ਫਿਰਦੇ ਹਨ। ਉਹ ਨੌਂ ਵਜੇ ਜਾ ਕੇ ਘਾਹ, ਹਨ੍ਹੇਰੇ ਵਿਚ ਜਾ ਕੇ ਧਾਨ ਦੇ ਖੇਤ ਵਿਚ ਨੱਕੇ ਛੱਡੇਗਾ। ਉਸ ਵੇਲੇ ਉਸਦੇ ਮਨ ਦਾ ਸੰਤੁਲਨ ਕੀ ਹੋਏਗਾ? ਸੋਚਦਾ ਹੈ ਮੇਰੇ ਦੋ ਏਕੜਾਂ ਨੂੰ ਪਾਣੀ ਮਿਲ ਜਾਏਗਾ, ਫੇਰ ਜਦੋਂ ਕਣਕਾਂ ਵਿਚ ਪਾਣੀ ਛੱਡਦਾ ਹੈ ਇਹੋ ਮਹੀਨਾ (ਜਨਵਰੀ ਦਾ) ਹੁੰਦਾ ਹੈ, ਕਪੜੇ ਤ੍ਰੇਲ ਨਾਲ ਭਿਜ ਜਾਂਦੇ ਹਨ। ਤੂੰ ਉਸ ਨੂੰ ਦੁਖੀ ਸਮਝਦਾ ਹੈਂ, ਪਰ ਉਹ ਤਾਂ ਆਪਣੀ ਫਸਲ ਨੂੰ ਦੇਖ ਦੇਖ ਕੇ ਸੁਖੀ ਹੋ ਰਿਹਾ ਹੈ।

ਇਸੇ ਤਰ੍ਹਾਂ ਇਕ ਪਹਿਲਵਾਨ ਹੈ ਉਹ ਅਖਾੜੇ ਵਿਚ ਵਰਜਿਸ਼ ਕਰ ਰਿਹਾ ਹੈ, ਉਸ ਨੂੰ ਕਈ ਬੰਦੇ ਮਧੋਲ ਰਹੇ ਹਨ ਕੀ ਉਸ ਨੂੰ ਦੁਖ ਹੈ? ਨਹੀਂ, ਉਹ ਖੁਸ਼ ਹੈ ਕਿ ਮੇਰਾ ਸਰੀਰ ਨਰੋਆ ਹੋ ਰਿਹਾ ਹੈ। ਇਸੇ ਤਰ੍ਹਾਂ ਇਕ ਬੱਚਾ ਪੜ੍ਹ ਰਿਹਾ ਹੈ, ਸਭ ਸੁੱਤੇ ਪਏ ਹਨ ਪਰ ਉਹ ਟਿਕੀ ਹੋਈ ਰਾਤ ਵਿਚ ਪੜ੍ਹ ਰਿਹਾ ਹੈ; ਕੀ ਅਸੀਂ ਉਸ ਨੂੰ ਦੁਖੀ ਕਹਾਂਗੇ? ਨਹੀਂ, ਉਸ ਦੇ ਮਨ ਵਿਚ ਤਾਂ ਇਕ ਲਗਨ ਹੈ ਕਿ ਮੈਂ ਪੜ੍ਹ ਕੇ ਫਸਟ ਆਉਣਾ ਹੈ। ਉਸ ਨੂੰ ਦੁਖ, ਦੁਖ ਨਹੀਂ ਲਗਦਾ, ਸੁਖ ਹੋ ਜਾਇਆ ਕਰਦਾ ਹੈ। ਇਕ ਮਾਤਾ ਹੈ, ਉਸ ਨੂੰ ਆਸ ਹੈ ਕਿ ਮੇਰੇ ਪੁੱਤਰ ਨੇ ਜਨਮ ਲੈਣਾ ਹੈ, ਬਹੁਤ ਪੀੜਾ ਆਉਂਦੀ ਹੈ। ਪਰ ਦੁਖ ਨਹੀਂ ਮੰਨਦੀ, ਖੁਸ਼ ਹੋ ਜਾਂਦੀ ਹੈ ਕਿ ਮੇਰੇ ਪੁੱਤਰ ਨੇ ਜਨਮ ਲਿਆ ਹੈ। ਇਸੇ ਤਰ੍ਹਾਂ ਸਾਰੇ ਸੰਸਾਰ ਦੇ ਅੰਦਰ ਜੋ ਦੁਖ ਹੈ, ਮਨ ਦੀ ਭਾਵਨਾ ਨਾਲ ਹੋਇਆ ਕਰਦਾ ਹੈ। ਜੇਕਰ ਉਸ ਦੁਖ ਨੂੰ ਸੁਖ ਬਣਾ ਲਿਆ ਜਾਵੇ ਤਾਂ ਫਿਰ ਦੁਖ, ਦੁਖ ਨਹੀਂ ਰਿਹਾ ਕਰਦਾ।

ਇਕ ਵਾਰੀ ਕਿਸੇ ਨੇ ਦੁਖ ਨੂੰ ਪੁਛਿਆ ਕਿ ਐ ਦੁਖ, ਇਹ ਦਸ ਕਿ ਇਸ ਸੰਸਾਰ ਤੇ ਤੇਰੀ ਕੀ ਲੋੜ ਸੀ? ਉਹ ਹੱਸ ਪਿਆ। ਪੁਛਣ ਵਾਲਾ ਕਹਿਣ ਲੱਗਾ ਕੀ ਗੱਲ? ਤੈਨੂੰ ਤਾਂ ਸੰਸਾਰ ਤੇ ਕੋਈ ਨਹੀਂ ਚਾਹੁੰਦਾ। ਮੈਨੂੰ ਇਕ ਬੰਦਾ ਵੀ ਦਿਖਾ ਦੇ ਜਿਹੜਾ ਕਹਿੰਦਾ ਹੋਵੇ, ਸੱਚੇ ਪਾਤਿਸ਼ਾਹ ਮੈਨੂੰ ਦੁਖ ਦੇ ਦੇ। ਮੈਂ ਜ਼ਿਆਦਾ ਸੁਖੀ ਹਾਂ ਮੈਨੂੰ ਦੁਖੀ ਕਰ ਦੇ। ਹੈ ਕੋਈ ਸੰਸਾਰ ਵਿਚ? ਤੂੰ ਮੱਲੋ-ਮਲੀ uninvited guest (ਬਿਨ-ਬੁਲਾਇਆ ਪ੍ਰਾਹੁਣਾ) ਹੈਂ, ਤੈਨੂੰ ਕੋਈ ਨਹੀਂ ਚਾਹੁੰਦਾ, ਮੱਲੋ ਮੱਲੀ ਆ ਕੇ ਡੇਰੇ ਲਾ ਕੇ ਬਹਿ ਜਾਂਦਾ ਹੈਂ। ਫੇਰ ਤੂੰ ਹਿਲਦਾ ਨਹੀਂ। ਤੈਨੂੰ ਕੱਢਣ ਦੇ ਸਾਰੇ ਸਾਧਨ ਜ਼ੋਰ ਲਗਾਉਂਦੇ ਹਨ। ਪਰ ਤੂੰ ਐਸਾ ਢੀਠ ਹੈਂ ਕਿ ਉਥੋਂ ਨਿਕਲਦਾ ਨਹੀਂ। ਇਕ ਵਾਰੀ ਦੁਖ ਪੈ ਜਾਵੇ ਨਿਕਲਣ ਵਿਚ ਨਹੀਂ ਆਉਂਦਾ। ਬੰਦਾ ਇਸ ਤੋਂ ਛੁਟਕਾਰਾ ਪਾਉਣ ਲਈ ਨਸਦਾ,


Sri Satguru Jagjit Singh Ji eLibrary NamdhariElibrary@gmail.com

ਭਜਦਾ ਹੈ, ਪੁੰਨ ਕਰਦਾ ਹੈ, ਦਾਨ ਕਰਦਾ ਹੈ, ਅਖੰਡ ਪਾਠ ਕਰਾਉਂਦਾ ਹੈ। ਹੋਰ ਅਨੇਕਾਂ ਯਤਨ ਕਰਦਾ ਹੈ। ਮਨੁੱਖ ਨੂੰ ਹਰ ਵਿਘਨ ਤੋਂ ਦੁਖ ਤੋਂ ਡਰ ਲਗਦਾ ਹੈ ਪਰ ਤੂੰ ਨਹੀਂ ਜਾਂਦਾ। ਕਹਿਣ ਲੱਗਾ ਹੇ ਦੁੱਖ ਤੂੰ ਬੋਲਦਾ ਕਿਉਂ ਨਹੀਂ, ਜਵਾਬ ਕਿਉਂ ਨਹੀਂ ਦਿੰਦਾ? ਤੂੰ ਸੰਸਾਰ ਵਿਚ ਕਿਉਂ ਆਇਆ ਹੈਂ? ਕਹਿਣ ਲੱਗਾ ਮੈਂ ਸੁਖ ਨੂੰ ਜਨਮ ਦੇਣ ਵਾਸਤੇ ਆਇਆ ਹਾਂ। ਜੇ ਮੈਂ ਨਾ ਹੋਵਾਂ ਤਾਂ ਸੁਖ ਹੋ ਹੀ ਨਹੀਂ ਸਕਦਾ। ਦੁਖ ਨੇ ਬੜੇ ਵਿਸਥਾਰ ਨਾਲ ਸਮਝਾਇਆ। ਕਹਿਨ ਲੱਗਾ, ਭੋਲਿਆ! ਮੈਂ ਬੇਲੋੜਾ ਨਹੀਂ ਹਾਂ। ਜੇਕਰ ਮੈਂ ਨਾ ਆਵਾਂ, ਦੁਨੀਆਂ ਮਸਤ ਜਾਵੇ, ਪਰਮੇਸ਼ਰ ਨੂੰ ਭੁਲ ਜਾਵੇ, ਨਰਕਾਂ ਵਿਚ ਚਲੀ ਜਾਵੇ। ਜਦੋਂ ਮੈਂ ਆਉਂਦਾ ਹਾਂ ਤਾਂ ਮੈਂ ਦਾਰੂ ਬਣ ਜਾਂਦਾ ਹਾਂ, ਉਹਨਾਂ ਦੇ ਰੋਗ ਕੱਟਣ ਵਾਸਤੇ, ਉਹਨਾਂ ਨੂੰ ਸੁਖ ਵਿਚ ਪਹੁੰਚਾਉਣ ਵਾਸਤੇ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ –

***ਧਾਰਨਾ – ਤੇਰੇ ਦੁਖਾਂ ਦੀ ਬਣੇਗੀ ਦਾਰੂ,***
***ਸੁਖ ਤੇਰੇ ਰੋਗ ਹੋਣਗੇ– 2***
***ਮੇਰੇ ਪਿਆਰੇ ਬਈ***
***ਸੁਖ ਤੇਰੇ ਰੋਗ ਹੋਣਗੇ–2, 2***
***ਤੇਰੇ ਦੁਖਾਂ ਦੀ ਬਣੇਗੀ ਦਾਰੂ,–2.***

***ਦੁਖੁ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ॥***
***ਤੂੰ ਕਰਤਾ ਕਰਣਾ ਮੈ ਨਾਹੀ***
***ਜਾ ਹਉ ਕਰੀ ਨ ਹੋਈ॥ ਪੰਨਾ–469***

ਦੁਖ ਕਹਿਣ ਲੱਗਾ ਮੈਂ ਬੇਲੋੜਾ ਨਹੀਂ ਹਾਂ। ਮੈਂ ਸੁਖ ਨੂੰ ਜਨਮ ਦਿੰਦਾ ਹਾਂ। ਕਿਸੇ ਦੀ ਵੀ ਜ਼ਿੰਦਗੀ ਦਾ ਤਜਰਬਾ ਦੇਖ ਲੈ, ਜਿਸ ਨੇ ਦੁਖ ਕਟਿਆ ਉਹ ਸੁਖ ਮਾਣਦਾ ਹੈ।

ਸੋ ਅੰਮ੍ਰਿਤ ਵੇਲਾ ਹੈ, ਉਠਿਆ ਕਰ ਭਾਈ ਨਾਮ ਜਪਿਆ ਕਰ। ਕਹਿੰਦੈ, ਜੀ, ਔਖਾ ਹੈ, ਪਾਣੀ ਬੜਾ ਠੰਢਾ ਹੈ, ਮੈਂ ਕਿਸ ਤਰ੍ਹਾਂ ਇਸ਼ਨਾਨ ਕਰ ਲਵਾਂ? ਮੈਂ ਬੀਮਾਰ ਹੋ ਜਾਵਾਂਗਾ। ਮਹਾਰਾਜ ਕਹਿੰਦੇ ਹਨ ਤੂੰ ਬੀਮਾਰ ਨਹੀਂ ਹੁੰਦਾ। ਤੂੰ ਬੀਮਾਰ ਹੋਏਂਗਾ ਖਾ ਕੇ–

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ – 1256***

ਨਹਾ ਕੇ ਤਾਂ ਤੂੰ ਸੁਖੀ ਹੋਏਂਗਾ, ਤੇਰੇ ਦੁਖ ਦੂਰ ਹੋਣਗੇ। ਕਹਿਣ ਲੱਗਾ ਜੀ ਉਠਣਾ ਬੜਾ ਔਖਾ ਹੈ, ਰਜਾਈ ਬੜੀ ਪਿਆਰੀ ਲੱਗਦੀ ਹੈ। ਇਹ ਰਜਾਈ ਵਾਲਾ ਸੁਖ ਤਾਂ ਤੂੰ ਲੈ ਲਿਆ ਪਰ ਅੱਗੇ ਜਾ ਕੇ ਜਦੋਂ ਕੋਈ ਪੁੰਨਾਂ ਦਾ ਧਨ ਪੱਲੇ ਹੀ ਨਾ ਹੋਇਆ, ਖਾਤਾ ਹੀ ਖਾਲੀ ਪਿਆ ਹੈ, ਨਾਮ ਜਪਿਆ ਹੀ ਨਹੀਂ। ਰਜਾਈ ਨੇ ਤਾਂ ਨਾਲ ਨਹੀਂ ਜਾਣਾ। ਜਿਹੜੇ ਹੁਣ ਜਾਗਦੇ ਹਨ, ਅੰਮ੍ਰਿਤ ਵੇਲੇ ਉਠਦੇ ਹਨ, ਨਾਮ ਜਪਦੇ ਹਨ, ਬੰਦਗੀ ਕਰਦੇ ਹਨ, ਦੇਖਣ ਵਾਲਿਆਂ ਨੂੰ ਦੁਖ ਲਗਦਾ ਹੈ, ਠੰਢੇ ਪਾਣੀ ਨਾਲ ਨਹਾ ਰਹੇ ਹਨ, ਸੌਂਦੇ ਨਹੀਂ ਹਨ। ਪਰ ਜਦੋਂ ਨਤੀਜਾ ਨਿਕਲਣੈ, ਉਸ ਵੇਲੇ–

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ – 283***

ਸੋ ਦੁਖ ਬੁਰਾ ਨਹੀਂ ਹੋਇਆ ਕਰਦਾ, ਜਿਸ ਕੌਮ ਤੇ ਦੁਖ ਨਾ ਪਿਆ ਹੋਵੇ ਉਹ ਕੌਮ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਇਆ ਕਰਦੀ ਹੈ। ਖਤਮ ਹੋ ਜਾਇਆ ਕਰਦੀ ਹੈ। ਜਿਹੜੀਆਂ ਕੌਮਾਂ ਨੇ ਦੁਖ ਦੇਖੇ ਹਨ, ਉਹ ਉਚਾ ਚੜ੍ਹ ਜਾਇਆ ਕਰਦੀਆਂ ਹਨ। ਸਾਰੇ ਸੰਸਾਰ ਤੇ ਉਹ ਬਾਦਸ਼ਾਹ ਹੋਇਆ ਕਰਦੇ ਹਨ।

ਸੋ ਦੁਖ ਮਾੜੀ ਚੀਜ਼ ਨਹੀਂ। ਕਹਿਣ ਲੱਗਾ, ਮੈਨੂੰ ਕੌਣ ਮਾੜਾ ਕਹਿੰਦਾ ਹੈ। ਤੁਸੀਂ ਚਾਹੋ ਨਾ ਚਾਹੋ, ਕੀ ਕਦੀ ਸੁਖ ਆਪਣੇ ਆਪ ਆਉਂਦਾ ਹੈ। ਦੁਖ ਨੇ ਕਿਹਾ, ਜਦੋਂ ਵੀ ਸੁਖ ਆਉਂਦਾ ਹੈ, ਉਸ ਨੂੰ ਮੈਂ ਭੇਜਦਾ ਹਾਂ। ਸੋ ਉਹ ਪ੍ਰੇਮੀ ਕਹਿਣ ਲੱਗਾ ਕਿ ਤੁਸੀਂ ਅਫਸੋਸ ਨਾ ਕਰੋ ਇਹ ਗੁਰੂ ਦਾ ਭਾਣਾ ਸੀ। ਪੁਛਿਆ ਤੂੰ ਕੌਣ ਹੈ? ਕਹਿਣ ਲੱਗਾ ਮੈਂ ਸ਼ਹੀਦੀ ਫੌਜ ਦਾ ਸਿੰਘ ਹਾਂ, ਮੈਨੂੰ ਗੁਰੂ ਨੇ ਹੁਕਮ ਦਿਤਾ ਹੈ ਕਿ ਮੈਂ ਤੈਨੂੰ ਸਮਝਾਵਾਂ। ਪੁੱਛਣ ਲੱਗਾ ਕਿ ਸ਼ਹੀਦ ਕੀ ਹੁੰਦੇ ਹਨ। ਕਹਿਣ ਲੱਗਾ ਕਿ ਜੇਕਰ ਮੈਂ ਚਾਹਵਾਂ ਤਾਂ ਔਰੰਗਜੇਬ ਨੂੰ ਸਣੇ ਫੌਜਾਂ ਦੇ ਹੁਣੇ ਫੜ ਕੇ ਲਿਆ ਸਕਦਾ ਹਾਂ। ਕਹਿਣ ਲੱਗਾ ਕਿ ਭਾਈ ਸਾਹਿਬ ਕੋਈ ਸ਼ਕਤੀ ਵੀ ਹੈ ਕਿ ਐਵੇਂ ਗੱਲਾਂ ਕਰੀ ਜਾਂਦੇ ਹੋ, ਤਾਂ ਦਸਿਆ ਕਿ ਸਾਡੇ ਕੋਲ ਸ਼ਕਤੀ ਤਾਂ ਬਹੁਤ ਹੈ ਪਰ ਸਾਨੂੰ ਸ਼ਕਤੀ ਵਰਤਣ ਦਾ ਹੁਕਮ ਨਹੀਂ ਹੈ। ਕਹਿਣ ਲੱਗਾ ਕਿ ਤੇਰੇ ਵਿੱਚ


Sri Satguru Jagjit Singh Ji eLibrary NamdhariElibrary@gmail.com

ਕਿੰਨੀ ਸ਼ਕਤੀ ਹੈ? ਦੇਖਦੇ ਦੇਖਦੇ ਕੀ ਦੇਖਿਆ ਕਿ ਬੱਦਲ ਤੋਂ ਉੱਚਾ ਹੋ ਗਿਆ। ਬਹੁਤ ਗਰਜ ਕੇ ਬੋਲਿਆ ਜਿਵੇਂ ਬਿਜਲੀ ਗਰਜਦੀ ਹੈ ਮੈਂ ਏਥੇ ਖੜਾ ਹੀ ਫੜ ਲਿਆਉਂਦਾ ਹਾਂ ਇਕ ਪੈਰ ਨਾਲ ਹੀ ਸਾਰੀ ਫੌਜ ਨੂੰ ਮਸਲ ਦਿਆਂਗਾ। ਐਨੀਆਂ ਵੱਡੀਆਂ ਸ਼ਕਤੀਆਂ ਦੇ ਮਾਲਕ ਅਸੀਂ ਗੁਰੂ ਦੇ ਹੁਕਮ ਵਿਚ ਬੰਨ੍ਹੇ ਖੜੇ ਹਾਂ। ਤੂੰ ਅਫਸੋਸ ਨਾ ਕਰ ਗੁਰੂ ਮਹਾਰਾਜ ਤਾਂ ਸਾਨੂੰ ਸੋਝੀ ਦੇਣ ਵਾਸਤੇ ਬਚਿਤ੍ਰ ਨਾਟਕ ਕਰਨ ਵਾਸਤੇ ਆਏ ਹਨ। ਕਹਿਣ ਲੱਗਾ, ਭਾਈ ਸਾਹਿਬ! ਆਪਣੇ ਅਸਲੀ ਰੂਪ ਵਿਚ ਆਓ, ਮੈਨੂੰ ਤਾਂ ਦੇਖ ਕੇ ਡਰ ਲਗਦਾ ਹੈ। ਤੁਸੀਂ ਐਡੇ ਵੱਡੇ ਹੋ ਕਿ ਬੱਦਲਾਂ ਤੋਂ ਵੀ ਵੱਡੇ ਬਣ ਗਏ।

ਦੁਖ ਜੋ ਹੋਇਆ ਕਰਦਾ ਹੈ, ਨਾਮ ਜਪਣ ਨਾਲ ਇਸਦੀ ਪਰੀਭਾਸ਼ਾ ਬਦਲ ਜਾਇਆ ਕਰਦੀ ਹੈ -

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਪੰਨਾ - 960***

ਉਸ ਪਾਸੇ ਦੇਖ ਲਿਆ ਕਿ ਦੁਖ ਭੁਗਤਣ ਤੋਂ ਬਾਅਦ ਨਤੀਜਾ ਸੁਖ ਵਿਚ ਨਿਕਲਿਆ -

***ਜਿਸ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥***
***ਪੰਨਾ - 960***

ਜਮ ਵੀ ਬੰਦਗੀ ਕਰਨ ਵਾਲੇ ਦੀ ਪ੍ਰਸੰਸਾ ਕਰਦਾ ਹੈ -

***ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥***
***ਪੰਨਾ - 1425***

ਕਹਿੰਦੇ ਹਨ ਕਿ ਧਰਮਰਾਜ ਵੀ ਕਹਿੰਦਾ ਹੈ ਕਿ ਜੇ ਕਿਧਰੇ ਬੰਦਗੀ ਕਰਨ ਵਾਲਾ ਧਰਮਰਾਜ ਦੀ ਪੁਰੀ ਵਿਚ ਆ ਜਾਵੇ ਤਾਂ ਉਸ ਮੇਰਾ ਭਵਨ ਪਵਿੱਤਰ ਕਰ ਦਿਤਾ ਹੈ ਤੇ ਕਹਿੰਦਾ ਹੈ ਕਿ ਤੁਸੀਂ ਮੇਰੇ ਤੇ ਬੜੀ ਕ੍ਰਿਪਾ ਕੀਤੀ ਹੈ, ਮੈਨੂੰ ਵੀ ਪਵਿੱਤਰ ਕਰ ਦਿਤਾ ਤੇ ਮੇਰੇ ਭਵਨ ਨੂੰ ਵੀ -

***ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥***
***ਜਿਸ ਦਾ ਕਰਤਾ ਮਿਤ੍ਰ ਸਭਿ ਕਾਜ ਸਵਾਰਿਆ॥***
***ਪੰਨਾ - 960***

ਜਿਸ ਨੂੰ ਮਿਤ੍ਰ ਹੀ ਬਣਾ ਲਿਆ -

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਪੰਨਾ - 1096***

ਜਦੋਂ ਵਾਹਿਗੁਰੂ ਹੀ ਆਪਣੇ ਵੱਲ ਹੋ ਗਿਆ ਤਾਂ ਮੁਛੰਦਗੀ ਕਾਹਦੀ ਰਹਿ ਗਈ, ਸਭ ਮਿਤ੍ਰ ਬਣ ਗਏ।

***ਜਿਸ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥***
***ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥***
***ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥***
***ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥***
***ਪੰਨਾ - 960***

ਆਪ ਵੀ ਉਧਰਦਾ ਹੈ, ਕੁਲਾਂ ਦਾ ਵੀ ਉਦਾਰ ਕਰ ਦਿੰਦਾ ਹੈ। ਜਿਹੜਾ ਉਸਦਾ ਬਣ ਜਾਂਦਾ ਹੈ ਉਸ ਨੂੰ ਸਾਰਾ ਸੰਸਾਰ, ਧਰਮਰਾਜ, ਸਾਰੀ ਕਾਇਨਾਤ, ਦੇਵੀ ਦੇਵਤੇ, ਧੰਨ ਧੰਨ ਕਹਿੰਦੇ ਹਨ। ਅੱਗੇ ਜਾ ਕੇ ਵੀ ਧੰਨਤਾ ਹੁੰਦੀ ਹੈ।

***ਧਾਰਨਾ - ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਹਨਾਂ ਦੇ ਪੁੱਤਰ ਨਾਮ ਜਪਦੇ -2, 2.***
***ਮੇਰੇ ਪਿਆਰੇ, ਜਿਨ੍ਹਾਂ ਦੇ ਪੁੱਤਰ ਨਾਮ ਜਪਦੇ -2, 2.***
***ਧੰਨ ਧੰਨ ਨੇ ਜਣੇਦੀਆਂ ਮਾਵਾਂ, ........ -2.***

ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੇ ਹਨ -

***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥***
***ਪੰਨਾ - 488***

***ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੋ॥***
***ਖੋੜਸ ਤੁਲਾ ਮਹਾਨ, ਦੁਆਦਸ ਸੁਤਾ ਪਛਾਨੋ॥***
***ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ॥***
***ਮਾਤ ਭੈਣ ਕੁਲ ਆਠ, ਸ਼ਤ੍ਰੀ ਸਿੰਮ੍ਰਤੀ ਪੇਖੇ॥***
***(ਕਥਾ ਨਰਾਇਣ ਹਰੀ)***
***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥***
***ਪੰਨਾ - 28***

ਜਿਨ੍ਹਾਂ ਨੇ ਸੰਸਾਰ ਦੇ ਅੰਦਰ ਆ ਕੇ ਆਪਣਾ ਵਾਅਦਾ ਪੂਰਾ ਕੀਤਾ, ਬੰਦਗੀ ਕੀਤੀ ਕਿਉਂਕਿ ਮਾਂ ਦੇ ਪੇਟ ਵਿਚ ਬਾਰ-ਬਾਰ ਅਰਦਾਸਾਂ ਕਰਦਾ ਸੀ ਪ੍ਰਭੂ ਮੈਨੂੰ ਇਥੋਂ ਕੁੰਭੀ ਨਰਕ ਵਿਚੋਂ ਕੱਢ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੈਂ ਤੇਰਾ ਨਾਮ ਜਪਾਂਗਾ, 24 ਘੰਟੇ ਨਾਮ ਜਪਾਂਗਾ। ਅਵਾਜ਼ ਆਉਂਦੀ ਹੈ, ਐ ਜੀਵ! ਸਾਰੀ ਕਾਇਨਾਤ ਵਿਚ ਤੇਰੇ ਵਰਗਾ ਕੋਈ ਅਹਿਸਾਨ ਫਰਾਮੋਸ਼ ਨਹੀਂ ਹੈ। ਇਕ ਤੂੰ ਹੈਂ ਜਿਸ ਨੂੰ ਮੈਂ ਸਾਰੀ ਕਾਇਨਾਤ ਦਾ ਸਰਦਾਰ ਬਣਾਇਆ ਸੀ, ਅਰ ਤੂੰ ਹੀ ਮੇਰੇ ਨਾਲੋਂ ਟੁਟਿਆ ਰਹਿੰਦਾ ਹੈ। ਜਦੋਂ ਤੇਰੇ ਤੇ ਦੁਖ ਪੈ ਜਾਂਦਾ ਹੈ ਉਸ ਵੇਲੇ ਤਾਂ ਇਹ ਗੱਲ ਕਹਿੰਦਾ ਹੈਂ ਜਦੋਂ ਸੁਖ ਵਿਚ ਆ ਜਾਂਦਾ ਹੈ ਉਦੋਂ ਮੈਂ ਵੀ ਕਿਧਰੇ ਗਿਆ, ਮੇਰਾ ਨਾਮ ਵੀ ਕਿਧਰੇ ਗਿਆ, ਨੇਕ ਕਰਮ ਵੀ ਕਿਧਰੇ ਗਏ, ਸਾਰੇ ਵਾਅਦੇ ਭੁਲ ਜਾਂਦਾ ਹੈਂ। ਕਹਿਣ ਲੱਗਾ, ਨਹੀਂ ਮਹਾਰਾਜ ਮੇਰੇ ਤੇ ਕਿਰਪਾ ਕਰੋ। ਮਹਾਰਾਜ ਜੀ ਨੇ ਕਿਹਾ ਕਿ ਕੋਈ ਜ਼ਮਾਨਤ ਦੇਵੋ। ਜੀਵ ਕਹਿਣ ਲੱਗਾ, ਮਹਾਰਾਜ ਏਥੇ ਮਾਤਾ ਦੇ ਗਰਭ ਵਿਚ ਤਾਂ ਪੰਜ ਤੱਤਾਂ ਤੋਂ ਬਗੈਰ ਹੋਰ ਕੋਈ ਨਹੀਂ। ਰੱਬ ਜੀ ਨੇ ਕਿਹਾ ਮੈਨੂੰ ਇਹਨਾਂ ਦੀ ਜ਼ਮਾਨਤ ਹੀ ਪਰਵਾਨ ਹੈ। ਜੀਵ ਨੇ ਆਕਾਸ਼ ਤੋਂ ਪੁਛਿਆ ਤਾਂ ਅਕਾਸ਼ ਕਹਿਣ ਲੱਗਾ ਮੇਰਾ ਤਾਂ ਕੋਈ ਵਜੂਦ ਹੀ ਨਹੀਂ ਹੈ ਮੈਂ ਤੇਰੀ ਜ਼ਮਾਨਤ ਕਿਸ ਤਰ੍ਹਾਂ ਦਿਆਂ, ਨਾਂ ਤੂੰ ਮੇਰਾ ਕਹਿਣਾ ਮੰਨਣਾ ਹੈ। ਮਿੱਟੀ ਤੋਂ ਪੁਛਿਆ, ਹਵਾ ਤੋਂ ਪੁਛਿਆ, ਅੱਗ ਤੋਂ ਪੁਛਿਆ, ਕਹਿਣ ਲੱਗੇ ਕਿ ਨਾ ਪਿਆਰਿਆ ਤੂੰ ਵਾਅਦਾ ਫਰਾਮੋਸ਼ ਹੈਂ ਤੂੰ ਕਦੇ ਵਾਅਦਾ ਪੂਰਾ ਨਹੀਂ ਕਰਦਾ, ਤੂੰ ਤਾਂ ਅਕ੍ਰਿਤਘਣ ਹੈਂ, ਤੇਰਾ ਤਾਂ ਬੋਝ ਧਰਤੀ ਨੂੰ ਲਗਦਾ ਹੈ। ਝੱਲਿਆ ਨਹੀਂ ਜਾਂਦਾ, ਤੇਰੇ ਪਾਪਾਂ ਦਾ ਐਨਾ ਭਾਰ ਹੈ

***ਨਾਮੁ ਨ ਜਪਹਿ ਤੇ ਆਤਮ ਘਾਤੀ॥ ਪੰਨਾ - 188***

ਤੂੰ ਆਪਣੀ ਆਤਮਾ ਦਾ ਘਾਤ ਕਰਦਾ ਹੈਂ, ਤੇਰੀ ਜਮਾਨਤ ਕੌਣ ਦੇਵੇਗਾ, ਬਦਨਾਮ ਬੰਦਾ, ਜਿਹੜਾ ਜ਼ਮਾਨਤ ਟਪ ਜਾਵੇ, ਉਸ ਦੀ ਕੋਈ ਜ਼ਮਾਨਤ ਨਹੀਂ ਦਿਆ ਕਰਦਾ,


Sri Satguru Jagjit Singh Ji eLibrary NamdhariElibrary@gmail.com

ਤੇਰੀ ਜ਼ਮਾਨਤ ਕੋਈ ਇਕ ਵਾਰੀ ਦਿਤੀ ਹੈ? ਬਹੁਤ ਵਾਰੀ ਦਿੱਤੀ ਹੈ। ਤੂੰ ਮਾਨਸ ਜਨਮ ਧਾਰ ਕੇ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ਪੰਨਾ – 268***

ਤੂੰ ਕੋਈ ਇਕ ਵਾਰੀ ਮਨੁੱਖ ਬਣਿਆ ਹੈਂ? ਸੈਂਕੜੇ ਵਾਰੀ ਬਣਿਆ ਹੈਂ। ਜਦੋਂ ਵੀ ਮਨੁੱਖ ਬਣਦਾ ਹੈਂ, ਉਸੇ ਵੇਲੇ ਆਪਣੇ ਕੀਤੇ ਹੋਏ ਸਾਰੇ ਵਾਅਦੇ ਮੁਕਰ ਜਾਂਦਾ ਹੈ। ਇਥੋਂ ਤੀਕਰ ਤੇਰੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਕਿ ਤੂੰ ਪਰਮੇਸ਼ਰ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦਾ ਹੈਂ। ਸਤਿਸੰਗ ਮਹਾਂਪੁਰਸ਼ ਦੇ ਨੇੜੇ ਭੀ ਨਹੀਂ ਆਉਂਦਾ, ਤਰਕਾਂ ਕਰਦਾ ਹੈਂ। ਮਹਾਂਪੁਰਸ਼ਾਂ ਨੂੰ ਨਫਰਤ ਕਰਦਾ ਹੈਂ।

ਅਖੀਰ ਜੀਵ ਇਹ ਸੁਣ ਕੇ ਬਹੁਤ ਉਦਾਸ ਹੋ ਗਿਆ, ਕੇਵਲ ਪੰਜਾਂ ਤੱਤਾਂ ਵਿਚੋਂ ਪਾਣੀ ਹੀ ਰਹਿ ਗਿਆ। ਕਹਿਣ ਲੱਗਾ 'ਵਰਨ ਦੇਵਤਾ' ਤੁਸੀਂ ਮੇਰੀ ਜ਼ਮਾਨਤ ਦੇ ਦਿਓ, ਉਹ ਵੀ ਕਹਿਣ ਲੱਗਾ ਤੂੰ ਬੇਇਤਬਾਰਾ ਹੈਂ ਪਰ ਦੁਖੀ ਬਹੁਤ ਹੈਂ, ਪਰ ਮੈਂ ਸ਼ਰਤ ਰਖ ਕੇ ਜ਼ਮਾਨਤ ਦਿਆਂਗੇ। ਜੇ ਪ੍ਰਭੂ ਨੂੰ ਮਨਜ਼ੂਰ ਹੋਈ ਤਾਂ ਠੀਕ ਹੈ, ਜੇ ਨਾ ਮਨਜ਼ੂਰ ਹੋਈ ਤਾਂ ਨਹੀਂ। ਜੀਵ ਕਹਿਣ ਲੱਗਾ, ਮਹਾਰਾਜ ਮੇਰਾ ਜ਼ਮਾਨਤੀਆ ਹਾਜ਼ਰ ਹੈ। ਪ੍ਰਭੂ ਨੇ ਕਿਹਾ ਕਿ ਦੇਖ ਲੈ ਇਹ ਬੇਇਤਬਾਰਾ ਜੀਵ ਹੈ ਇਹ ਨਾਮ ਨਹੀਂ ਜਪੇਗਾ, ਇਹ ਬਾਹਰ ਜਾ ਕੇ ਐਸਾ ਵਿਗੜਦਾ ਹੈ, ਸੋ ਇਸਦੀ ਜ਼ਮਾਨਤ ਸੋਚ ਕੇ ਦਈਂ। ਪਾਣੀ ਕਹਿਣ ਲੱਗਾ, ਮਹਾਰਾਜ! ਡਰਦਾ ਤਾਂ ਮੈਂ ਵੀ ਹਾਂ, ਪਰ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ। ਜੇਕਰ ਮੈਂ ਵੀ ਨਾ ਦਿੱਤੀ ਤਾਂ ਬਿਲਕੁਲ ਕੰਮ ਖਤਮ ਹੋ ਜਾਏਗਾ। ਇਸ ਜੀਵ ਨੇ ਕਿਸੇ ਪੀਰ, ਗੁਰੂ ਔਲੀਏ, ਪੈਗੰਬਰ ਸਾਧੂ, ਸੰਤ ਦੀ ਬਾਤ ਨਹੀਂ ਮੰਨਣੀ। ਜਲ ਨੇ ਕਿਹਾ ਕਿ ਜਦੋਂ ਇਹ ਬੰਦਾ ਇਸ਼ਨਾਨ ਕਰਨ ਵੇਲੇ ਮੈਨੂੰ (ਪਾਣੀ ਨੂੰ) ਆਪਣੇ ਸਰੀਰ ਤੇ ਪਾਏਗਾ, ਮੈਂ ਇਕ ਵਾਰੀ ਤਾਂ ਅੱਲਾ, ਰਾਮ, ਵਾਹਿਗੁਰੂ ਇਸ ਦੇ ਮੂੰਹ ਤੋਂ ਕਢਾ ਦਿਆਂਗਾ। ਅੱਗੋ ਇਹ ਜਾਣੇ ਤੇ ਇਹਦਾ ਕੰਮ ਜਾਣੇ।

ਸੋ ਐਸੀ ਪਤਲੀ ਜਿਹੀ ਛੋਟੀ ਜਿਹੀ ਜਮਾਨਤ ਤੇ ਸਾਨੂੰ ਇਹ ਸਰੀਰ ਮਿਲਿਆ। ਮਹਾਰਾਜ ਕਹਿੰਦੇ –

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਪੰਨਾ – 921***

ਭੁਲ ਗਿਆ, ਵਾਹਿਗੁਰੂ ਯਾਦ ਹੀ ਨਹੀਂ ਆਉਂਦਾ –

***ਧਾਰਨਾ – ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,***
***ਉਹਨੂੰ ਕਿਉਂ ਵਿਸਾਰੇਂ ਗਾਫਲਾਂ –2, 2.***
***ਉਹਨੂੰ ਕਿਉਂ ਜੀ ਵਿਸਾਰੇਂ ਗਾਫਲਾ –2, 2.***
***ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,.. –2.***

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***
***ਜਿ ਅਗਨਿ ਮਹਿ ਆਹਾਰੁ ਪਹੁਚਾਵਏ॥ ਪੰਨਾ – 920***

ਉਥੇ ਵੀ ਤੈਨੂੰ ਰੱਖਿਆ –

***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ – 251***

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭ ਰਹਤੇ॥***
***ਉਰਝਿ ਪਰੇ ਜੋ ਛੋਡਿ ਛਡਾਨਾ॥***
***ਦੇਵਨਹਾਰੁ ਮਨਹਿ ਬਿਸਰਾਨਾ॥ ਪੰਨਾ – 251***

ਭੁਲ ਗਿਆ, ਚਿੱਤ ਚੇਤੇ ਹੀ ਨਹੀਂ ਆਉਂਦਾ। ਕਹਿੰਦਾ ਕਿਹੜਾ ਰੱਬ, ਕਿਹੜੇ ਰੱਬ ਦੀ ਗੱਲ ਕਰਦੇ ਹੋ? ਐਸਾ ਅਕ੍ਰਿਤਘਣ ਹੋ ਗਿਆ। ਅਕ੍ਰਿਤਘਣ ਦਾ ਭਾਰ ਇਸ ਧਰਤੀ ਤੇ ਸਭ ਨਾਲੋਂ ਵੱਧ ਹੋਇਆ ਕਰਦਾ ਹੈ। ਸੋ ਐਸਾ ਆਦਮੀ ਨਾਮ ਜਪਣ ਦੀ ਬਜਾਏ ਉਲਟੇ ਕੰਮਾਂ ਵਿਚ ਪੈ ਗਿਆ, ਹਾਲਾਂਕਿ ਨਾਮ ਦੇ ਕਿੰਨੇ ਫਾਇਦੇ ਹਨ –

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥***
***ਪੰਨਾ – 70***

ਸੋ ਐਸੇ ਨਾਮ ਦੀ ਜੋ ਮਹਿਮਾ ਹੈ ਉਹ ਕੇਵਲ ਨਾਮ ਜਪਣ ਵਾਲੇ ਹੀ ਜਾਣਦੇ ਹਨ। ਬੰਦਗੀ ਕਰਨ ਵਾਲਿਆਂ ਨੂੰ ਹੀ ਪਤਾ ਲਗਦਾ ਹੈ ਪਰ ਦੱਸ ਨਹੀਂ ਸਕਦੇ।

***ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥***
***ਪੰਨਾ – 334***

ਕਿਸੇ ਨੂੰ ਕੀ ਦੱਸੇ ਕਿ ਨਾਮ ਵਿਚ ਕੀ ਹੁੰਦਾ ਹੈ। ਕਿੰਨੀ ਮਹਿਮਾ ਦੱਸੀ ਜਾਓ ਪਰ ਇਹ ਜੀਵ ਐਸਾ ਖੁਟਰ ਹੈ ਇਸਦੇ ਅੰਦਰ ਕੋਈ ਗੱਲ ਵਸਦੀ ਹੀ ਨਹੀਂ। ਜਿਸ ਤਰ੍ਹਾਂ ਮੋਠਾਂ ਵਿਚ ਕੋਈ ਕੋਈ ਦਾਣਾ ਐਸਾ ਹੁੰਦਾ ਹੈ ਜਿਸ ਨੂੰ ਕਿੰਨਾ ਹੀ ਉਬਾਲੀ ਜਾਓ ਉਹ ਦਾਣਾ ਭਿਜਦਾ ਹੀ ਨਹੀਂ। ਸੋ ਸੰਤਾਂ ਨੂੰ ਪਤਾ ਹੁੰਦਾ ਹੈ। ਪਿਛਲੇ ਕਿੰਨੇ ਦਿਨਾਂ ਤੋਂ ਨਾਮ ਦੀ ਹੀ ਗੱਲ ਚਲ ਰਹੀ ਹੈ।

ਕਈ ਸਤਸੰਗਾਂ ਦੇ ਵਿਚ ਨਾਮਦੇਵ ਜੀ ਦਾ ਜ਼ਿਕਰ ਆ ਰਿਹਾ ਹੈ। ਉਹਦੇ ਬਾਰੇ ਵਿਚ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***
***ਪੰਨਾ – 487***

ਇਕ ਗਰੀਬ ਆਦਮੀ ਨਾਮ ਜਪ ਕੇ ਐਨਾ ਵੱਡਾ ਹੋ ਗਿਆ ਕਿ ਹਿੰਦੋਸਤਾਨ ਦਾ ਚੱਕਰਵਰਤੀ ਰਾਜਾ ਸਲੇਮਸ਼ਾਹ ਗਲ ਵਿਚ ਪੱਲਾ ਪਾ ਕੇ ਆਪਣੀ ਉਹ ਵੀ ਭੁੱਲ ਮੰਨਦਾ ਹੈ ਤੇ ਕਹਿੰਦਾ ਹੈ ਨਾਮਦੇਵ ਮੈਨੂੰ ਬਖਸ਼ ਦੇ –

***ਕਾਜੀ ਮੁਲਾਂ ਬਿਨਤੀ ਫੁਰਮਾਇ॥***
***ਬਖਸੀ ਹਿੰਦੂ ਮੈ ਤੇਰੀ ਗਾਇ॥ ਪੰਨਾ – 1166***



Sri Satguru Jagjit Singh Ji eLibrary NamdhariElibrary@gmail.com

ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ। ਨਾਮ ਜਪਣ ਵਾਲੇ ਤੋਂ ਹੀ ਮੰਗਿਆ ਕਿ ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ, ਕਿਸੇ ਪੈਸੇ ਵਾਲੇ ਨੂੰ ਤਾਂ ਨਹੀਂ ਕਿਹਾ ਕਿ ਮੈਨੂੰ ਬਖਸ਼ ਦੇਵੋ ਮੈਂ ਗੁਨਾਹ ਕੀਤਾ ਹੈ। ਪੈਸੇ ਵਾਲੇ ਨੂੰ ਤਾਂ ਉਸ ਸਮੇਂ ਵਿਚ ਲੁੱਟ ਹੀ ਲਿਆ ਕਰਦੇ ਹਨ। ਸੋ ਨਾਮਦੇਵ ਦੀ ਮਹਿਮਾ ਸਾਰੇ ਭਾਰਤਵਰਸ਼ ਵਿਚ ਫੈਲ ਗਈ। ਇਧਰ ਪੰਜਾਬ ਵਿਚ ਵੀ ਪਤਾ ਲਗ ਗਿਆ, ਦਿੱਲੀ ਵਿਚ ਵੀ ਪਤਾ ਲੱਗ ਗਿਆ, ਬਨਾਰਸ ਵਿਚ ਵੀ ਪਤਾ ਲੱਗ ਗਿਆ। ਸਾਰੇ ਪਤਾ ਲੱਗ ਗਿਆ। ਫੇਰ ਹਰ ਇਕ ਦੇ ਮਨ ਵਿਚ ਆਉਂਦਾ ਹੈ ਕਿ ਜੇ ਐਸਾ ਸਾਂਈ ਦਾ ਪਿਆਰਾ ਪ੍ਰਗਟ ਹੋਇਆ ਹੈ ਤਾਂ ਮੈਂ ਵੀ ਉਸਦੇ ਦਰਸ਼ਨ ਕਰਾਂ, ਅਸੀਂ ਵੀ ਬੇਨਤੀ ਕਰਦੇ ਹਾਂ -

***ਗੁਰਸਿਖਾਂ ਕੀ ਹਰਿ ਧੂੜਿ ਦਹਿ ਹਮ ਪਾਪੀ ਭੀ ਗਤਿ ਪਾਂਹਿ॥***

***ਪੰਨਾ - 1424***

ਹੇ ਵਾਹਿਗੁਰੂ! ਕੋਈ ਆਪਣਾ ਬਖਸ਼ਿਆ ਹੋਇਆ ਪਿਆਰਾ ਭੇਜ, ਜਿਹੜਾ ਸਾਡੇ ਵੀ ਭਰਮਾਂ ਦੇ ਛੌੜ ਕੱਟ ਦੇਵੇ, ਅਨੁਭਵ ਦੀਆਂ ਅੱਖਾਂ ਨੂੰ ਹੋਇਆ ਮੋਤੀਆਬਿੰਦ ਦੂਰ ਕਰ ਦੇਵੇ ਅਤੇ ਪਰਮੇਸ਼ਰ ਜਿਹੜਾ ਘਟ ਘਟ ਵਿਚ ਵਿਆਪਕ ਹੈ, ਉਸਦੇ ਦਰਸ਼ਨ ਕਰਵਾ ਦੇਵੇ।

ਸੋ ਉਨ੍ਹਾਂ ਦਿਨਾਂ ਵਿਚ ਸੰਗ ਮਿਲ ਮਿਲ ਕੇ ਤੀਰਥ ਯਾਤਰਾ ਨੂੰ ਜਾਇਆ ਕਰਦੇ ਸਨ। ਉਦੋਂ ਕੋਈ ਸਵਾਰੀਆਂ ਨਹੀਂ ਸਨ ਹੁੰਦੀਆਂ। ਕੋਈ ਸਹੂਲਤਾਂ ਨਹੀਂ ਸੀ ਹੁੰਦੀਆਂ। ਪੰਜੀਰੀਆਂ ਬਣਾ ਕੇ ਪੀਪਿਆਂ ਵਿਚ ਭਰ ਭਰ ਕੇ ਛੇ ਛੇ ਮਹੀਨੇ ਸਾਲ ਸਾਲ ਵਾਸਤੇ ਨਾਲ ਲੈ ਜਾਇਆ ਕਰਦੇ ਸੀ। ਥਾਂ ਥਾਂ ਤੇ ਸਰਾਵਾਂ ਬਣੀਆਂ ਹੁੰਦੀਆਂ ਸਨ। ਉਹਨਾਂ ਸਰਾਵਾਂ ਵਿਚ ਪ੍ਰਸ਼ਾਦ ਪਾਣੀ ਵੀ ਛਕਣਾ ਤੇ ਮਹਾਂਪੁਰਸ਼ਾਂ ਨੇ ਸਤਿਸੰਗ ਵੀ ਕਰਨੇ।

ਅੱਜ ਇਕ ਜੱਥਾ ਪੰਜਾਬ ਤੋਂ ਨਾਮਦੇਵ ਜੀ ਦਾ ਪਤਾ ਲੈ ਕੇ ਦੱਖਣ ਵੱਲ ਨੂੰ ਆ ਗਿਆ। ਨਾਮਦੇਵ ਜੀ ਨਾਲ ਪੰਜ ਸੱਤ ਦਿਨ ਸਤਸੰਗ ਕਰਦੇ ਰਹੇ, ਕਾਫੀ ਜਾਣ ਪਹਿਚਾਣ ਵਧ ਗਈ। ਇਹਨਾਂ ਦੇ ਹਿਰਦੇ ਵਿਚ ਬੜਾ ਪਿਆਰ ਆਇਆ। ਇਕ ਦਿਨ ਮੌਕਾ ਪਾ ਕੇ ਨਾਮਦੇਵ ਜੀ ਨੂੰ ਕਹਿਣ ਲੱਗੇ ਕਿ ਭਗਤ ਜੀ ਤੁਸੀਂ ਦੱਖਣ ਵੱਲ ਹੀ ਰਹਿੰਦੇ ਹੋ, ਬਾਕੀ ਹਿੰਦੁਸਤਾਨ ਵੀ ਪਿਆ ਹੈ। ਕਿਉਂਕਿ ਪਹਿਲੇ ਰੱਬ ਦੇ ਪਿਆਰੇ ਘੁੰਮ ਕੇ ਪ੍ਰਚਾਰ ਕਰਿਆ ਕਰਦੇ ਸਨ। ਲੋੜਾਂ ਬਹੁਤ ਘੱਟ ਹੁੰਦੀਆਂ ਸਨ ਤੇ ਸਮੇਂ ਦੇ ਅਨੁਕੂਲ ਹੀ ਹੋਇਆ ਕਰਦੇ ਸਨ। ਅੱਜ-ਕੱਲ ਤਾਂ ਜੇ ਕੋਈ ਦਰਖਤਾਂ ਥੱਲੇ ਬੈਠਾ ਹੋਵੇ ਤਾਂ ਲੋਕ ਚੋਰ ਸਮਝ ਕੇ ਵੱਢ ਕੇ ਹੀ ਸੁੱਟ ਦੇਣ। ਸਾਰਾ ਸਮਾਂ ਬਦਲ ਗਿਆ ਹੈ, ਕਲਜੁਗ ਦਾ ਬਹੁਤ ਪ੍ਰਭਾਵ ਪੈ ਗਿਆ। ਉਹ ਮਹਾਤਮਾ ਸਾਰੇ ਚਕ੍ਰਵਰਤੀ ਹੁੰਦੇ ਸਨ, ਉਹਨਾਂ ਨੂੰ ਮੰਡਲੇਸ਼ਵਰ ਕਿਹਾ ਕਰਦੇ ਸਨ, ਮੰਡਲੀਆਂ ਫੇਰਿਆ ਕਰਦੇ ਸਨ। ਕਈ ਕਈ ਦਿਨ ਸ਼ਹਿਰਾਂ ਪਿੰਡਾਂ ਵਿਚ ਰਹਿਣਾ ਤੇ ਧਰਮ ਦਾ ਪ੍ਰਚਾਰ ਕਰਨਾ, ਸਾਰੀ ਸੰਗਤ ਨੇ ਆਉਣਾ ਤੇ ਸਾਰੇ ਸ਼ੰਕੇ ਨਵਿਰਤ ਕਰਨੇ ਤੇ ਨਵਾਂ ਰਾਹ ਹਾਸਲ ਕਰਨਾ। ਸੋ ਕਹਿਣ ਲੱਗੇ, "ਸੰਤ ਜੀ ਤੁਸੀਂ ਏਥੇ ਹੀ ਬੈਠੇ ਹੋ, ਤੁਹਾਡੀ ਮਹਿਮਾ ਦੂਰ ਦਰਾਜ਼ ਤੱਕ ਫੈਲੀ ਹੋਈ ਹੈ, ਵੱਡੇ ਵੱਡੇ ਮਹਾਂਪੁਰਸ਼ ਤੁਹਾਡੀਆਂ ਸਾਖੀਆਂ ਸੁਣਾਉਂਦੇ ਹਨ। ਅਸੀਂ ਉਸ ਦੇਹੁਰੇ ਦੇ ਦਰਸ਼ਨ ਕੀਤੇ ਹਨ, ਜਿਹੜਾ ਤੁਸੀ ਫੇਰਿਆ ਹੈ, ਅਸੀਂ ਸਭ ਕੁਝ ਸੁਣਿਆ ਹੈ ਤੁਸੀਂ ਕਿਰਪਾ ਕਰਕੇ ਪੰਜਾਬ ਵੱਲ ਆਓ।" ਬਾਰ-ਬਾਰ ਬੇਨਤੀਆਂ ਕਰਨ ਤੇ ਨਾਮਦੇਵ ਜੀ ਕਹਿਣ ਲੱਗੇ, ਭਾਈ ਗੁਰਮੁਖੋ! ਸੰਤਾਂ ਨੂੰ ਕੋਈ ਫੁਰਨਾ ਨਹੀਂ ਹੋਇਆ ਕਰਦਾ, ਨਾ ਤਰਨ ਦਾ, ਨਾ ਤਾਰਨ ਦਾ। ਉਹ ਹੁਕਮ ਵਿਚ ਹੋਇਆ ਕਰਦੇ ਹਨ। ਤੁਹਾਡੀ ਜੋ ਪ੍ਰਾਲਬਧ ਹੁੰਦੀ ਹੈ ਉਹ ਖਿਚ ਕੇ ਲੈ ਜਾਇਆ ਕਰਦੀ ਹੈ। ਜੇ ਸੰਗਤ ਵਿਚ ਜਗਿਆਸੂਆਂ ਦੀ ਪ੍ਰਾਲਬਧ ਹੋਵੇ ਫੇਰ ਤਾਂ ਉਹੋ ਜਿਹੇ ਬਚਨ ਨਿਕਲਦੇ ਹਨ ਜਿਸ ਤਰ੍ਹਾਂ ਦੇ ਸ਼ਰਧਾਲੂ ਹੋਣ, ਜੇ ਨਾ ਹੋਵੇ ਤਾਂ ਉਹ ਮਸਤ ਰਹਿੰਦੇ ਹਨ। ਉਹਨਾਂ ਦੀ ਨਿਗਾਹ ਵਿਚ ਕੋਈ ਭੁੱਲਿਆ ਹੋਇਆ ਨਹੀਂ ਹੈ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ - 610***

ਜੇ ਕੋਈ ਕਹੇ ਕਿ ਪ੍ਰਚਾਰ ਕਿਉਂ ਕਰਦੇ ਨੇ। ਸਾਧ ਸੰਗਤ ਜੀ, ਉਹ ਆਪ ਕੁਝ ਨਹੀਂ ਕਰਦੇ। ਜਗਿਆਸੂਆਂ ਦੀ ਪ੍ਰਾਲਬਧ ਉਹਨਾਂ ਦੇ ਮੁਖ ਤੋਂ ਬਚਨ ਕਢਾ ਲਿਆ ਕਰਦੀ ਹੈ। ਪ੍ਰਮੇਸ਼ਰ ਦੇਖ ਰਿਹਾ ਹੁੰਦਾ ਹੈ ਤੇ ਮਹਾਂਪੁਰਸ਼ ਨੂੰ ਪ੍ਰੇਰਿਤ ਕਰ ਦਿੰਦਾ ਹੈ। ਮਹਾਂਪੁਰਸ਼ਾਂ ਨੂੰ ਇਹ ਬਿਲਕੁਲ ਨਹੀਂ ਹੁੰਦਾ ਕਿ ਮੈਂ ਪ੍ਰਚਾਰ ਕੀਤਾ ਹੈ ਜਾਂ ਮੈਂ ਕੁਝ ਕਰਦਾ ਹਾਂ ਕਿਉਂਕਿ ਉਹ ਤਾਂ ਕਿਸੇ ਚੀਜ਼ ਨੂੰ own ਹੀ ਨਹੀਂ ਕਰਦੇ, ਹਰ ਚੀਜ਼ ਆਪਣੇ ਆਪ (automatic) ਜਿਸ ਤਰ੍ਹਾਂ ਚਾਹੁੰਦਾ ਹੈ ਉਸੇ ਤਰ੍ਹਾਂ ਹੀ



Sri Satguru Jagjit Singh Ji eLibrary NamdhariElibrary@gmail.com

ਹੋਈ ਜਾਂਦੀ ਹੈ। ਸਭ ਪ੍ਰਭੂ ਹੁਕਮ ਹੀ ਵਰਤ ਰਿਹਾ ਹੈ।

ਸੋ ਨਾਮਦੇਵ ਜੀ ਨੇ ਜਥੇ ਨੂੰ ਕਿਹਾ, ਪ੍ਰੇਮੀਓਂ! ਕੋਈ ਨਾ ਅਸੀਂ ਕਦੇ ਆ ਜਾਵਾਂਗੇ। ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਜਦੋਂ ਤੁਸੀਂ ਆਉਣਾ ਹੋਵੇ ਸਾਨੂੰ ਸੁਨੇਹਾ ਜ਼ਰੂਰ ਭੇਜ ਦੇਣਾ ਤਾਂ ਕਿ ਅਸੀਂ ਸਭ ਇਕੱਠੇ ਹੋ ਕੇ ਆਪ ਦਾ ਸਵਾਗਤ ਚੰਗੀ ਤਰ੍ਹਾਂ ਕਰ ਸਕੀਏ। ਵੈਸੇ ਸਾਧੂ ਨੇ ਜਦੋਂ ਸਾਧੂ ਲਿਬਾਸ ਪਾਇਆ ਹੋਵੇ ਉਹ ਪਛਾਣਿਆ ਜਾਂਦਾ ਹੈ ਪਰ ਤੁਹਾਡਾ ਲਿਬਾਸ ਤਾਂ ਗ੍ਰਹਿਸਤੀਆਂ ਵਾਲਾ ਹੈ। ਇਸ ਤਰ੍ਹਾਂ ਤੁਹਾਨੂੰ ਕਿਸੇ ਨੇ ਪਛਾਨਣਾ ਨਹੀਂ। ਜੇਕਰ ਸਾਧੂ ਨੂੰ ਨਾ ਪਛਾਣਿਆ ਜਾਵੇ ਉਸਦਾ ਪੂਰਾ ਸਤਿਕਾਰ ਨਾ ਕੀਤਾ ਜਾਵੇ ਤਾਂ ਬਹੁਤ ਪਾਪ ਲਗਦਾ ਹੈ ਤੇ ਅੱਧਾ ਪਾਪ ਸਾਧੂ ਦੇ ਸਿਰ ਤੇ ਹੁੰਦਾ ਹੈ ਕਿਉਂਕਿ ਉਸਨੇ ਆਪਣਾ ਰੂਪ ਐਸਾ ਬਣਾਇਆ ਹੁੰਦਾ ਹੈ ਜਿਸ ਤੋਂ ਪਤਾ ਨਾ ਲੱਗੇ ਕਿ ਇਹ ਸਾਧੂ ਹੈ। ਸੋ ਐਸਾ ਨਾ ਹੋਵੇ ਕਿ ਸਾਡੇ ਕੋਲੋਂ ਕੋਈ ਅਵੱਗਿਆ ਹੋ ਜਾਵੇ, ਸੋ ਕ੍ਰਿਪਾ ਕਰਕੇ ਆਪ ਸੰਦੇਸ਼ਾ ਜ਼ਰੂਰ ਭੇਜ ਦੇਣਾ। ਸੋ ਉਹ ਸੰਗ ਵਾਪਸ ਚਲਾ ਗਿਆ।

ਕਾਫੀ ਸਮੇਂ ਤੋਂ ਬਾਅਦ ਨਾਮਦੇਵ ਜੀ ਨੇ ਵੀਚਾਰ ਕੀਤੀ ਕਿ ਸ਼ਰਧਾਲੂਆਂ ਸਮੇਤ ਤੀਰਥ ਯਾਤਰਾ ਕਰੀਏ ਸੰਗਤਾਂ ਦੇ ਦਰਸ਼ਨ ਕਰੀਏ, ਕੋਈ ਬਖਸ਼ਿਆ ਹੋਇਆ ਮਿਲ ਜਾਵੇ, ਕਿਉਂਕਿ ਸੰਤ ਆਪਣੇ ਆਪ ਨੂੰ ਬਖਸ਼ਿਆ ਹੋਇਆ ਨਹੀਂ ਸਮਝਦੇ। ਸਦਾ ਨਿਮਰਤਾ ਵਿਚ ਰਹਿੰਦੇ ਹਨ। ਸੰਸਾਰ ਵਿਚ ਹੀ ਭਾਲਦੇ ਹਨ ਕਿਉਂਕਿ ਪਰਮੇਸ਼ਰ ਸਭ ਥਾਂ ਤੇ ਹੈ, ਘਟ ਘਟ ਵਿਚ ਵਿਆਪਕ ਹੈ। ਕਹਿਣ ਲੱਗੇ ਕਿ ਵੱਡੇ ਵੱਡੇ ਮਹਾਤਮਾ ਹਨ।

ਏਧਰ ਉਤਰੀ ਭਾਰਤ (northern india) ਨੂੰ ਚਾਲੇ ਪਾ ਲਏ। ਬਹੁਤ ਸਾਰੀ ਸੰਗਤ ਨਾਲ ਲੈ ਲਈ ਮਾਤਾ ਵੀ ਨਾਲ ਲੈ ਲਈ, ਦਿੱਲੀ ਵਿਚ ਆ ਗਏ, ਦਿੱਲੀ ਦੀ ਸੰਗਤ ਨੂੰ ਪਤਾ ਲਗਿਆ ਜਿਹੜੇ ਸ਼ਰਧਾਲੂ ਪੁਰਸ਼ ਸੀ, ਬਹੁਤ ਆਦਰ ਮਾਣ ਸਤਿਕਾਰ ਨਾਲ ਆਪ ਨੂੰ ਲੈ ਆਏ ਤੇ ਆਪ ਦਾ ਨਿਵਾਸ ਜਮਨਾ ਦੇ ਨੇੜੇ ਹੀ ਕਰਵਾ ਦਿਤਾ। ਨਾਮਦੇਵ ਜੀ ਨੇ ਕਿਹਾ ਕਿ ਇਹ ਠੀਕ ਹੈ। ਇਥੇ ਇਸ਼ਨਾਨ ਕਰ ਲਿਆ ਕਰਾਂਗੇ ਤੇ ਨਾਲ ਇਕਾਂਤ ਜਗ੍ਹਾ ਹੈ। ਇਥੇ ਕੁਝ ਦੇਰ ਪਰਮੇਸ਼ਰ ਦੀ ਯਾਦ ਵਿਚ ਬੈਠਿਆ ਕਰਾਂਗੇ। ਸੋ ਨਾਮਦੇਵ ਜੀ ਹਰ ਰੋਜ਼ ਸਤਸੰਗ ਵਿਚ ਪ੍ਰਭੂ ਭਗਤੀ ਦੇ ਬਚਨ ਕਰਦੇ ਸਨ, ਜਿਉਂ ਜਿਉਂ ਦੂਰ ਤੱਕ ਪਤਾ ਲਗਦਾ ਹੈ ਸੰਗਤ ਵਧਦੀ ਜਾ ਰਹੀ ਹੈ। ਸਤਸੰਗ ਵਿਚ ਬਹੁਤ ਕਿਸਮ ਦੇ ਬੰਦੇ ਆਉਂਦੇ ਹਨ ਤਿੰਨਾਂ ਨੂੰ ਅਧਿਕਾਰ ਨਹੀਂ ਹੁੰਦਾ, ਸਿਰਫ ਇਕ ਵਰਗ ਨੂੰ ਅਧਿਕਾਰ ਹੁੰਦਾ ਹੈ।

ਇਕ ਤਾਂ ਉਹ ਹੁੰਦੇ ਹਨ ਜੋ ਸਤਿਸੰਗ ਵਿਚ ਆ ਜਾਂਦੇ ਹਨ। ਉਹਨਾਂ ਦਾ ਕੋਈ ਚੰਗਾ ਸੰਸਕਾਰ ਉਹਨਾਂ ਨੂੰ ਉਥੇ ਲੈ ਆਉਂਦਾ ਹੈ। ਪਰ ਅੱਗੇ ਉਹਨਾਂ ਦੀ ਪ੍ਰਾਲਬਧ ਵਿਚ ਕੁਝ ਨਹੀਂ ਹੋਇਆ ਕਰਦਾ, ਜਾਂ ਤਾਂ ਉਹ ਅੱਖਾਂ ਮੀਚ ਕੇ ਸੌਂ ਜਾਂਦੇ ਹਨ। ਤੁੰਦਰਾ ਨੀਂਦ ਮੂੜ੍ਹਤਾ ਹੋਇਆ ਕਰਦੀ ਹੈ। ਚਿਤ ਦੀ ਬਿਰਤੀ, ਪ੍ਰਭਾਵ ਹਾਸਲ ਨਾ ਕਰਦੀ ਅਤੇ ਨੇਤਰ ਬੰਦ ਕੀਤੇ ਤੇ ਸੌਂ ਗਏ, ਪਤਾ ਹੀ ਨਹੀਂ ਕਿ ਕੀ ਦਸਿਆ ਹੈ ਜਾਂ ਨਹੀਂ ਦਸਿਆ ਹੈ। ਕਿਤੇ ਜਾਗ ਪਏ ਕਿਤੇ ਸੌਂ ਗਏ, ਅਜਿਹੇ ਪੁਰਸ਼ਾਂ ਨੂੰ ਊਂਘੇ ਕਹਿੰਦੇ ਹਨ। ਦੂਸਰੇ ਹੁੰਦੇ ਹਨ ਉਹ ਖੰਘੀ ਹੀ ਜਾਂਦੇ ਹਨ। ਕਦੀ ਏਧਰ ਦੇਖ ਕਦੀ ਓਧਰ ਦੇਖ, ਐਸੀ ਬਿਰਤੀ ਹੁੰਦੀ ਹੈ। ਉਹ ਨਾ ਹੀ ਆਪ ਸਾਵਧਾਨ ਹੋ ਕੇ ਬਚਨ ਸੁਣਦੇ ਹਨ ਅਤੇ ਆਪ ਦੀ ਚੰਚਲ ਬਿਰਤੀ ਕਾਰਨ ਦੂਸਰਿਆਂ ਵਿਚ ਭੀ ਵਿਖਸ਼ੇਪਤਾ ਪੈਦਾ ਕਰੀ ਰਖਦੇ ਹਨ। ਉਹਨਾਂ ਨੂੰ ਖੂੰਗੇ ਕਹਿੰਦੇ ਹਨ। ਤੀਸਰੇ ਉਹ ਬੰਦੇ ਹੁੰਦੇ ਹਨ ਜੋ ਸਤਸੰਗ ਵਿਚ ਆ ਕੇ ਬਿਰਤੀ ਇਕਾਗਰ ਕਰਕੇ ਸੁਣਨ ਦਾ ਯਤਨ ਕਰਦੇ ਹਨ। ਉਹਨਾਂ ਨੂੰ 'ਚੂੰਘੇ' ਕਹਿੰਦੇ ਹਨ। ਉਹ ਅਧਿਕਾਰੀ ਹੁੰਦੇ ਹਨ। ਇਕ ਹੋਰ ਹੁੰਦੇ ਹਨ ਉਹ ਤਾਂ ਸਤਸੰਗ ਵਿਚ ਆ ਕੇ smell ਕਰਦੇ ਹਨ ਕਿ ਇਹ ਕੀ ਬੋਲਦਾ ਹੈ। ਇਥੇ ਇਕੱਠ ਹੁੰਦਾ ਹੈ, ਕਾਹਦਾ ਇਕੱਠ ਹੁੰਦਾ ਹੈ। ਰੋਜ਼ ਲੋਕ ਇਕੱਠੇ ਹੋ ਜਾਂਦੇ ਹਨ। ਬਹੁਤੇ smell ਕਰਦੇ ਹਨ। ਉਹ ਬੈਠਿਆ ਨਹੀਂ ਕਰਦੇ, ਚਲੇ ਜਾਇਆ ਕਰਦੇ ਹਨ। ਉਹਨਾਂ ਦਾ ਚਿੱਤ ਨਹੀਂ ਲਗਦਾ। ਉਹਨਾਂ ਦਾ ਸਿਰਫ ਐਨਾ ਮਤਲਬ ਹੁੰਦਾ ਹੈ ਕਿ ਇਹ ਕੀ ਦਸਦਾ ਹੈ, ਕੀ ਕਹਿੰਦਾ ਹੈ। ਇਨ੍ਹਾਂ ਨੂੰ ਸੂੰਘੇ ਕਹਿੰਦੇ ਹਨ, ਇਹਨਾਂ ਵਿਚੋਂ ਇਕ ਅਧਿਕਾਰੀ ਉਹ ਹੁੰਦਾ ਹੈ ਜਿਸ ਨੂੰ ਚੂੰਘੇ ਕਹਿੰਦੇ ਹਨ। ਸੋ ਸਤਸੰਗ ਵਿਚ ਐਸੇ ਵੀ ਆਉਂਦੇ ਹਨ, ਦੂਸਰੇ ਵੀ ਆਉਂਦੇ ਹਨ।

ਸੋ ਨਾਮਦੇਵ ਜੀ ਦੀ ਮਹਿਮਾ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਅੱਜ ਆਪ ਅੰਮ੍ਰਿਤ ਵੇਲੇ ਜਾਗੇ ਤੇ ਜਮਨਾ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਚੌਂਕੜਾ ਮਾਰ ਕੇ ਬੈਠ ਗਏ ਕਿਉਂਕਿ ਸਾਧ ਸੰਗਤ ਜੀ, ਜੋ ਅੰਮ੍ਰਿਤ ਵੇਲਾ ਹੋਇਆ ਕਰਦਾ ਹੈ ਉਸ ਸਮੇਂ ਕੀਤੀ ਸਾਧਨਾ ਵਿਚ ਫਰਕ ਹੁੰਦਾ ਹੈ, ਜਿਹੜਾ ਛੇ ਵਜੇ ਸਵੇਰੇ ਤੋਂ ਲੈ ਕੇ ਦਿਨੇ ਬਾਰਾਂ ਵਜੇ ਤੱਕ ਇਸ਼ਨਾਨ ਕਰਦਾ ਹੈ ਉਹ ਕੇਵਲ ਕਾਇਆ ਦੀ ਪਵਿੱਤਰਤਾ ਵਾਸਤੇ ਹੀ ਕਰਦਾ ਹੈ। ਉਸ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀਂ ਹੋਇਆ ਕਰਦਾ। ਇਸ ਤੋਂ ਬਾਅਦ ਜਿਹੜਾ ਤੀਜੇ ਜਾਂ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਉਸ ਨੂੰ ਮਲੇਸ਼ ਇਸ਼ਨਾਨ ਕਹਿੰਦੇ ਹਨ।

ਐਸਾ ਸੌ ਸਾਖੀ ਵਿਚ ਲਿਖਿਆ ਹੋਇਆ ਹੈ, ਦਸਵੇਂ ਪਾਤਸ਼ਾਹ ਜੀ ਭਾਈ ਬਿਸ਼ੰਭਰ ਨਾਥ ਨੂੰ ਸਮਝਾਉਂਦੇ ਹਨ ਕਿ ਜਿਹੜਾ ਤੀਜੇ ਤੇ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਇਹ ਮਲੇਸ਼ ਇਸ਼ਨਾਨ ਹੋਇਆ ਕਰਦਾ ਹੈ। ਇਸ ਇਸ਼ਨਾਨ ਦਾ ਕੋਈ ਫਲ ਨਹੀਂ ਹੁੰਦਾ। ਇਸ ਨੂੰ ਭੂਤ ਇਸ਼ਨਾਨ ਵੀ ਕਹਿੰਦੇ ਹਨ। ਜਿਹੜਾ ਅੱਧ ਰਾਤ੍ਰੀ ਇਸ਼ਨਾਨ ਹੁੰਦਾ ਹੈ, ਜਿਹੜੇ ਬਾਰਾਂ ਵਜੇ ਨਹਾਉਂਦੇ ਹਨ, ਉਸ ਨੂੰ ਰਾਕਸ਼ੀ ਇਸ਼ਨਾਨ ਕਹਿੰਦੇ ਹਨ। ਜਿਹੜਾ ਅੰਮ੍ਰਿਤ ਵੇਲੇ ਇਸ਼ਨਾਨ ਕਰਦਾ ਹੈ ਪਹਿਰ ਰਾਤ ਰਹਿੰਦੀ, ਮਹਾਰਾਜ ਨੇ ਪਹਿਰ ਰਾਤ ਕਿਹਾ ਹੈ ਉਸ ਵੇਲੇ ਬ੍ਰਹਮ ਮਹੂਰਤ ਹੋਇਆ ਕਰਦੀ ਹੈ ਤੇ ਉਸ ਨੂੰ ਦੇਵ ਇਸ਼ਨਾਨ ਕਹਿੰਦੇ ਹਨ ਦੇਵਤਿਆਂ ਦਾ ਇਸ਼ਨਾਨ ਹੋਇਆ ਕਰਦਾ ਹੈ। ਇਸ ਦੀ scientific research ਵੀ ਹੋ ਚੁਕੀ ਹੈ ਕਿ ਅੰਮ੍ਰਿਤ ਵੇਲਾ, ਜਦੋਂ ਪਹਿਰ ਰਾਤ ਰਹਿੰਦੀ ਹੋਵੇ ਉਸ ਵੇਲੇ ਪਾਣੀ ਵਿਚ ਆਕਸੀਜਨ ਸਭ ਤੋਂ ਵੱਧ ਹੋਇਆ ਕਰਦੀ ਹੈ। ਬਾਕੀ ਸਮਿਆਂ ਵਿਚ ਨਹੀਂ ਹੁੰਦੀ, ਦੂਜਾ 42 ਲੱਖ ਜੀਵ ਜਲ ਵਿਚ ਹੁੰਦੇ ਹਨ, ਉਹ ਜਿਹੜੇ 42 ਲੱਖ ਜੀਵ ਪਾਣੀ ਵਿਚ ਹੁੰਦੇ ਹਨ, ਉਹ



Sri Satguru Jagjit Singh Ji eLibrary NamdhariElibrary@gmail.com

ਬਾਕੀ ਸਮੇਂ ਵਿਚ ਪਾਨੀ ਵਿਚ ਉਪਰ ਆ ਜਾਂਦੇ ਹਨ ਉਸ ਵੇਲੇ ਅਸੀਂ ਨਹਾਉਂਦੇ ਹਾਂ ਉਹ 'ਮਲੇਸ਼' ਇਸ਼ਨਾਨ ਬਣ ਜਾਂਦਾ ਹੈ, ਰਾਤ ਨੂੰ ਕਿਤੇ ਬੱਤੀ ਜਗਾ ਕੇ ਦੇਖੋ ਕਿਸ ਤਰ੍ਹਾਂ ਜੀਵ ਤੁਰੇ ਫਿਰਦੇ ਹਨ। ਤੀਜੇ ਚੌਥੇ ਪਹਿਰ ਜਿਹੜੇ ਦਿਨ ਵਿਚ ਕਿਤੇ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦਿਨਾਂ ਵਿਚ ਇਹ ਨਲਕੇ ਵਗੈਰਾ ਨਹੀਂ ਸਨ ਹੁੰਦੇ ਜੋ ਕਿ ਹੁਣ ਹਨ। ਖੂਹਾਂ ਦਾ ਜਲ ਹੁੰਦਾ ਸੀ, ਖੂਹ ਵਿਚ ਵੀ ਜੀਵ ਹੁੰਦੇ ਸਨ ਜਾਂ ਚਲਦੇ ਪਾਨੀ ਵਿਚ ਬੈਠ ਜਾਂਦੇ ਸਨ, ਡੋਲਾਂ ਨਾਲ ਪਾਨੀ ਖਿਚੀ ਜਾਂਦੇ ਸਨ, ਅੰਮ੍ਰਿਤ ਵੇਲੇ ਕੋਈ ਜੀਵ ਨਹੀਂ ਹੁੰਦਾ। ਸਭ ਥੱਲੇ ਬੈਠ ਜਾਂਦੇ ਹਨ। ਸੋ ਇਹ ਇਸ਼ਨਾਨ 'ਦੇਵ' ਇਸ਼ਨਾਨ ਕਹਾਇਆ ਕਰਦਾ ਹੈ ਉਸ ਨੂੰ ਬ੍ਰਹਮ ਮਹੂਰਤ ਆਖਦੇ ਹਨ। ਬਹੁਤ ਸਾਰੇ ਮਹਾਤਮਾ ਦਾ ਇਹ ਮਤ ਹੈ ਕਿ ਉਸ ਵੇਲੇ ਪ੍ਰਮੇਸ਼ਰ ਦੀ ਬਰਕਤ ਦਾ ਦਰਵਾਜ਼ਾ ਖੁਲ੍ਹਦਾ ਹੈ, ਅਤੇ ਦਾਤਾਂ ਮਿਲਦੀਆਂ ਹਨ – ਬਾਣੀ ਦਾ ਵੀ ਇਸ ਤਰ੍ਹਾਂ ਫੁਰਮਾਨ ਹੈ–

***ਧਾਰਨਾ – ਜਿਹੜੇ ਅੰਮ੍ਰਿਤ ਵੇਲੇ ਜਾਗਦੇ,***
***ਸਾਂਈ ਕੋਲੋ ਦਾਤਾਂ ਲੈਣਗੇ – 2, 2.***
***ਮੇਰੇ ਪਿਆਰੇ ਬਈ ਸਾਂਈ ਕੋਲੋਂ ਦਾਤਾਂ ਲੈਣਗੇ –2, 2.***
***ਜਿਹੜੇ ਅੰਮ੍ਰਿਤ ਵੇਲੇ ਜਾਗਦੇ, ....... –2.***

ਅੰਮ੍ਰਿਤ ਵੇਲੇ ਜਾਗਦੇ ਹਨ –

***ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥***
***ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ॥***
***ਪੰਨਾ – 1382***

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥***
***ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥***
***ਪੰਨਾ – 1383***

***ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥***
***ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥***
***ਪੰਨਾ – 1384***

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥***
***ਪੰਨਾ – 255***

ਸੋ ਅੰਮ੍ਰਿਤ ਵੇਲੇ ਜਾਗਣ ਵਾਸਤੇ ਇਸ਼ਨਾਨ ਦਾ ਕੀ ਫਲ ਹੈ? ਇਕ ਵਾਰੀ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਕੋਲੋਂ ਪੁਛਿਆ ਕਿ ਹੇ ਪਾਤਸ਼ਾਹ! ਇਸ ਇਸ਼ਨਾਨ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ, ਆਪ ਜੀ ਵਿਸਥਾਰ ਨਾਲ ਦਸੋ ਕਿ ਇਸਦਾ ਫਲ ਕੀ ਹੋਇਆ ਕਰਦਾ ਹੈ? ਮਹਾਰਾਜ ਨੇ ਉਤਰ ਦਿਤਾ, ਪੁਰਖਾ ਤੂੰ ਭਲੀ ਗੱਲ ਪੁੱਛੀ। ਜਿਹੜਾ ਪਹਿਰ ਰਹਿੰਦੇ ਇਸ਼ਨਾਨ ਕਰਦਾ ਹੈ ਵੈਸੇ ਇਸ਼ਨਾਨ ਦੀ ਵਿਧੀ ਹੋਇਆ ਕਰਦੀ ਹੈ ਮੈਂ ਇਕ ਵਾਰੀ ਦੀਵਾਨਾਂ ਵਿਚ ਦੱਸੀ ਸੀ ਸਾਨੂੰ ਹੁਕਮ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਪੰਨਾ – 305***

ਅੰਮ੍ਰਿਤਸਰ ਨਹਾਉਣ ਦੀ ਇਕ ਵਿਧੀ ਹੋਇਆ ਕਰਦੀ ਹੈ। ਇਕ ਬਾਹਰਲੀ ਵਿਧੀ, ਇਕ ਅੰਦਰਲੀ ਵਿਧੀ ਹੋਇਆ ਕਰਦੀ ਹੈ। ਬਾਹਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ, ਅੰਦਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ–

ਸੋ ਬਾਹਰਲਾ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਨੇ ਦਸਿਆ ਸੀ ਕਿ ਜਿਹੜਾ ਅਰਦਾਸ ਕਰਦਾ ਹੈ –

'ਪ੍ਰਿਥਮ ਭਗਉਤੀ ਸਿਮਰ ਕੇ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤੱਕ' ਇਹ ਅਰਦਾਸ ਤਿੰਨ ਵਾਰੀ ਇਸ਼ਨਾਨ ਕਰਦਾ ਕਰਦਾ ਕਰੀ ਜਾਵੇ। ਫਿਰ ਮੂਲਮੰਤ੍ਰ ਪੜ੍ਹਨਾ ਸ਼ੁਰੂ ਕਰ ਦੇਵੇ– ਇਸ਼ਨਾਨ ਕਰਦੇ ਕਰਦੇ, ਜੋ ਫਲ ਪ੍ਰਾਪਤ ਹੋਇਆ ਕਰਦਾ ਹੈ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਉਸ ਤੋਂ ਬਾਅਦ ਡੇਢ ਘੜੀ ਤੋਂ ਬਾਅਦ ਸਵਾ ਮਣ ਚਾਂਦੀ ਦਾ ਫਲ ਹੁੰਦਾ ਹੈ, ਉਸ ਤੋਂ ਬਾਅਦ ਤਾਂਬਾ ਤੇ ਫੇਰ ਅਨਾਜ ਦਾ ਫਲ ਹੋਇਆ ਕਰਦਾ ਹੈ ਤੇ ਜਿਹੜਾ ਛੇ ਵਜੇ ਦੇ ਕਰੀਬ ਅੱਜਕੱਲ ਇਸ਼ਨਾਨ ਕਰਦਾ ਹੈ ਉਸ ਨੂੰ ਕੋਈ ਫਲ ਪ੍ਰਾਪਤ ਨਹੀਂ ਹੋਇਆ ਕਰਦਾ ਕੇਵਲ ਸਰੀਰ ਦੀ ਸੁਧਾਈ, ਸਾਵਧਾਨਤਾ ਵਾਸਤੇ ਇਸ਼ਨਾਨ ਕਰਦਾ ਹੈ। ਮਹਾਂਪੁਰਸ਼ਾਂ ਦਾ ਐਸਾ ਮੱਤ ਹੈ ਕਿ ਅੰਮ੍ਰਿਤ ਵੇਲੇ ਪਹਿਰ ਰਾਤ ਤੋਂ ਬਾਅਦ ਆਦਮੀ ਜਿੰਨੀ ਦੇਰ ਸੌਂਦਾ ਹੈ ਉਸ ਦੇ ਪੁੰਨ ਘਟਣੇ ਸ਼ੁਰੂ ਹੋ ਜਾਂਦੇ ਹਨ ਤੇ ਘਟੀ ਜਾਂਦੇ ਹਨ ਕਿਉਂਕਿ ਬ੍ਰਹਮ ਮਹੂਰਤ ਹੋਇਆ ਕਰਦੀ ਹੈ। ਨਾਮ ਜਪਣ ਦੀ ਵੇਲਾ ਤੇ ਉਹਦੇ ਬਾਰੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ –

***ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ –2, 2.***
***ਕੋਈ ਜਾਗਦੇ ਨੇ ਰਾਮ ਪਿਆਰੇ, –2, 2.***
***ਅੰਮ੍ਰਿਤ ਵੇਲੇ ਓ ਕੌਣ ਜਾਗਦੇ......... –2.***

***ਭਿੰਨੀ ਰੈਨੜੀਐ ਚਮਕਨਿ ਤਾਰੇ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥***
***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥***
***ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥***
***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥***
***ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥***
***ਪੰਨਾ – 459***

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥***
***ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥***
***ਪੰਨਾ – 146***

ਜਿਨ੍ਹਾਂ ਦੇ ਮੰਨ ਦੇ ਅੰਦਰ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਜਿਨ੍ਹਾਂ ਦੇ ਮਨ ਦੇ ਅੰਦਰ ਪ੍ਰਭੂ ਨੂੰ ਮਿਲਣ ਦਾ ਸ਼ੌਕ ਜਾਗ ਪਿਆ, ਜਿਹਨਾਂ ਦੀ ਸੁਰਤੀ ਨੂੰ ਜਾਗ ਆ ਗਈ, ਕਿਸੇ ਮਹਾਂਪੁਰਸ਼ ਨੂੰ ਮਿਲ ਕੇ ਬਾਣੀ ਰਾਹੀਂ ਵੈਰਾਗ ਲੱਗ ਗਿਆ, ਸੋਝੀ ਆ ਗਈ, ਫਿਰ ਉਹ ਨਹੀਂ ਸੌਂਇਆ ਕਰਦੇ, ਉਹ ਨਹੀਂ



Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਕਿ ਮੈਨੂੰ ਜਾਗ ਨਹੀਂ ਆਉਂਦੀ, ਕਿਉਂਕਿ ਹਿਰਦੇ ਦੇ ਅੰਦਰ ਪਿਆਰ ਹੈ। ਉਹਨਾਂ ਨੂੰ ਤਾਂ ਘਾਟਾ ਮਹਿਸੂਸ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਪਣ ਵਾਲੇ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਦੇ ਹਨ। ਸੋ ਮਹਾਰਾਜ ਇਸ ਦੇ ਹੋਰ ਵੀ ਫਲ ਦਸਦੇ ਹਨ। ਸਰੀਰਿਕ ਤੌਰ ਤੇ ਵੀ ਫਲ ਹੈ, ਦੁਖ ਵੀ ਦੂਰ ਹੋ ਜਾਂਦੇ ਹਨ। ਵਿਘਨ ਵੀ ਦੂਰ ਹੋ ਜਾਂਦੇ ਹਨ। ਮਨ ਵੀ ਅਰੋਗ ਹੋ ਜਾਂਦਾ ਹੈ। ਸਰੀਰ ਵੀ ਅਰੋਗ ਹੋ ਜਾਂਦਾ ਹੈ।

***ਧਾਰਨਾ - ਕਰ ਇਸ਼ਨਾਨ ਸਿਮਰ ਪ੍ਰਭ ਅਪਨਾ,***
***ਮਨ ਤਨ ਭਏ ਅਰੋਗਾ ਜੀ -2, 2.***
***ਮਨ ਤਨ ਭਏ ਅਰੋਗਾ ਜੀ, -4, 2.***
***ਕਰ ਇਸ਼ਨਾਨ ਸਿਮਰ ਪ੍ਰਭ ਅਪਨਾ, ... -2.***

***'ਕਰਿ ਇਸਨਾਨੁ' (ਪੰਨਾ-611)*** ਇਸ਼ਨਾਨ ਕਰਕੇ ਕੀ ਗੱਪਾਂ ਮਾਰਨੀਆਂ ਹਨ? ਜਾਂ ਕੋਈ ਅਖਬਾਰ ਪੜ੍ਹਨੇ ਹਨ। ਕਹਿੰਦੇ, ਨਹੀਂ ***'ਸਿਮਰਿ ਪ੍ਰਭੁ ਅਪਨਾ' (ਪੰਨਾ - 611)*** ਇਕ ਸਕਿੰਟ ਦਾ ਵੀ ਵਕਤ ਜਾਇਆ ਨਾ ਕਰ, ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ, ਨਤੀਜਾ ਕੀ ਹੋਵੇਗਾ ਕਿ ਮਨ ਤੇ ਤਨ ਦੋਨੋਂ ਅਰੋਗ ਹੋ ਜਾਣਗੇ। ਜਦੋਂ ਮਨ ਅਰੋਗ ਹੋ ਗਿਆ ਤਾਂ ਤਨ ਆਪੇ ਹੀ ਅਰੋਗ ਹੋ ਜਾਵੇਗਾ।

***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥***
***ਪੰਨਾ - 611***

ਕ੍ਰੋੜਾਂ ਬਿਘਨ ਦੂਰ ਹੋ ਜਾਂਦੇ ਹਨ, ਤੇਰੇ ਭਲੇ ਸੰਜੋਗ ਪ੍ਰਗਟ ਹੋ ਗਏ ਤੂੰ ਅੰਮ੍ਰਿਤ ਵੇਲਾ ਸੰਭਾਲ ਲਿਆ ਜਦੋਂ ਤੂੰ ਇਸ਼ਨਾਨ ਕਰਕੇ ਬੰਦਗੀ ਕਰਨੀ ਸ਼ੁਰੂ ਕਰ ਦਿੰਦਾ ਹੈਂ।

ਕੱਲ ਇਕ ਬੀਬੀ ਆਈ, ਮੈਂ ਪੁਛਿਆ ਤੂੰ ਸਵੇਰੇ ਕਿੰਨੇ ਵਜੇ ਉਠਦੀ ਹੈਂ। ਤਾਂ ਕਹਿਣ ਲੱਗੀ ਕਿ ਮੇਰੇ ਕੋਲੋਂ ਉਠਿਆ ਤਾਂ ਨਹੀਂ ਜਾਂਦਾ, ਮੈਂ ਬਿਮਾਰ ਹੋ ਜਾਂਦੀ ਹਾਂ। ਮੈਂ ਕਿਹਾ ਤੇਰੀ ਬਿਮਾਰੀ ਦੀ ਗਰੰਟੀ ਤਾਂ ਮੈਂ ਲੈ ਲੈਂਦਾ ਹਾਂ, ਮਹਾਰਾਜ ਕਹਿੰਦੇ ਹਨ ਕਿ ਇਸ਼ਨਾਨ ਕਰਕੇ ਤਾਂ ਬਿਮਾਰੀ ਹਟ ਜਾਇਆ ਕਰਦੀ ਹੈ, ਮਨ ਵੀ ਰਾਜ਼ੀ। ਜਦੋਂ ਮਨ ਰਾਜ਼ੀ ਹੋ ਗਿਆ ਤਾਂ ਤਨ ਨੇ ਤਾਂ ਆਪੇ ਹੀ ਰਾਜ਼ੀ ਹੋ ਜਾਣਾ ਹੈ। ਮਨ ਤੋਂ ਹੀ ਤਨ ਬਿਮਾਰ ਹੁੰਦਾ ਹੈ। ਪਹਿਲਾਂ ਮਨ ਬਿਮਾਰ ਹੁੰਦਾ ਹੈ, ਫੇਰ ਤਨ ਬਿਮਾਰ ਹੁੰਦਾ ਹੈ। ਪਹਿਲਾਂ ਚਿੰਤਾ ਜਾਗਦੀ ਹੈ ਖਾਣਾ ਹਜ਼ਮ ਨਹੀਂ ਹੁੰਦਾ ਫਿਰ ਤਨ ਬਿਮਾਰ ਹੋ ਜਾਂਦਾ ਹੈ। ਗੈਸ ਬਣਨੀ ਸ਼ੁਰੂ ਹੋ ਜਾਂਦੀ ਹੈ। ਫੇਰ ਬਲੱਡ ਪਰੈਸ਼ਰ ਹੋ ਜਾਂਦਾ ਹੈ। ਫਿਰ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ ਪਹਿਲਾਂ ਕ੍ਰੋਧ ਆਉਂਦਾ ਹੈ, ਸਾਰਾ ਸਰੀਰ ਕੰਬਦਾ ਹੈ ਨਾ ਰੋਟੀ ਹਜ਼ਮ ਹੋਵੇ, ਨਾ ਕੁਛ ਖਾ ਹੋਵੇ, ਸਾਰੀਆਂ ਬਿਮਾਰੀਆਂ ਮਨ ਤੋਂ ਸ਼ੁਰੂ ਹੁੰਦੀਆਂ ਹਨ।

ਜਦੋਂ ਮਨ ਪ੍ਰਭੂ ਦੇ ਪਿਆਰ ਵਿਚ ਰਾਜ਼ੀ ਹੋ ਗਿਆ ਉਸ ਵੇਲੇ ਬਿਮਾਰੀ ਆਪੇ ਹੀ ਹਟ ਜਾਂਦੀ ਹੈ। ਇਹ ਬੀਮਾਰੀ ਦਾ ਇਲਾਜ ਹੈ। ਪਰ ਇਹ ਆਦਮੀ ਕਰਦਾ ਨਹੀਂ ਕਿਉਂਕਿ ਉਸ ਨੂੰ ਇਸ ਦੀ ਕੀਮਤ ਦਾ ਪਤਾ ਨਹੀਂ, ਕਦਰ ਨਹੀਂ ਕਰਦਾ, ਸੋ ਜਿਹੜੇ ਸੰਤ ਜਨ ਹਨ ਉਹ ਸਵੇਰ ਤੱਕ ਸੁੱਤੇ ਪਏ ਬੰਦੇ ਨੂੰ ਮੁਰਦਾ ਕਹਿੰਦੇ ਹਨ, ਮਰਿਆ ਹੋਇਆ ਬੰਦਾ, ਨਾਲ ਕਹਿੰਦੇ ਹਨ ਜੇ ਤੂੰ ਨਹੀਂ ਉਠਦਾ -

***ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥***
***ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥***
***ਪੰਨਾ - 1371***

ਜਿਸ ਨਾਲੋਂ ਤੂੰ ਵਿਛੜ ਗਿਆ, ਉਸ ਨਾਲ ਜੁੜ ਜਾ, ਸੁੱਤੇ ਦਾ ਕੁਝ ਨਹੀਂ ਬਣਨਾ, ਸੁੱਤਾ ਤਾਂ ਮੁਰਦੇ ਸਮਾਨ ਹੁੰਦਾ ਹੈ। -

***ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥***
***ਪੰਨਾ - 1371***

ਜਦੋਂ ਇਕ ਦਿਨ ਪੱਕਾ ਸੌਂ ਗਿਆ, ਤੈਨੂੰ ਕਿਸੇ ਨੇ ਨਹੀਂ ਜਗਾਉਣਾ, ਨਾ ਤੂੰ ਕਿਸੇ ਕੋਲੋਂ ਜਾਗ ਸਕੇਂ, ਕਬਰ ਵਿਚ ਪਿਆ ਰਹੇਂਗਾ। ਫੇਰ ਤੂੰ ਲੰਬੀ ਨੀਂਦ ਸੌਂ ਜਾਏਂਗਾ, ਪਤਾ ਨਹੀਂ ਕਿੰਨੀ ਕੁ ਦੇਰ ਕਬਰ ਵਿਚ ਪਿਆ ਰਹੇਂਗਾ। ਸਰੀਰ ਨੂੰ ਵੀ ਕੀੜੇ ਖਾ ਜਾਣਗੇ, ਮਿੱਟੀ ਖਾ ਜਾਏਗੀ, ਜਲ ਜਾਏਗਾ, ਨਾਮ ਨਿਸ਼ਾਨ ਵੀ ਖਤਮ ਹੋ ਜਾਵੇਗਾ, ਫੇਰ ਸੁੱਤਾ ਰਹੀਂ।

ਜਿਹੜਾ ਮਾਨਸ ਜਨਮ ਹੈ, ਸੌਂਣ ਵਾਸਤੇ ਨਹੀਂ ਮਿਲਿਆ, ਜਾਗਣ ਵਾਸਤੇ ਮਿਲਿਆ ਹੈ। ਜਿਹੜਾ ਸੌਂ ਗਿਆ ਉਹ ਤਾਂ ਲੁਟਿਆ ਗਿਆ, ਜਿਹੜਾ ਜਾਗ ਗਿਆ ਉਸਨੇ ਆਪਣੀ ਰਾਸਿ ਸਾਬਤ ਬਚਾ ਲਈ।

ਨਾਮਦੇਵ ਜੀ ਤੇ ਬਾਕੀ ਵੀ ਸਾਰੀ ਸਾਧੂ ਮੰਡਲੀ ਜਿਹੜੀ ਨਾਲ ਸੀ, ਉਹ ਉਠੇ ਅੰਮ੍ਰਿਤ ਵੇਲੇ ਸਭ ਨੇ ਆਪਣੀ ਕਿਰਿਆ ਕੀਤੀ, ਕੁਰਲਾ ਕੀਤਾ, ਇਸ ਨੂੰ ਕਾਇਕ ਕਰਮ ਕਹਿੰਦੇ ਹਨ, ਇਹ ਕਰਮ ਕੀਤੇ, ਫੇਰ ਇਸ਼ਨਾਨ ਕੀਤਾ। ਇਹਨਾਂ ਦਰਿਆਵਾਂ ਵਿਚ ਅੱਜਕੱਲ ਵਾਂਗ ਗੰਦੇ ਨਾਲੇ ਨਹੀਂ ਸਨ ਸੁੱਟੇ ਜਾਂਦੇ, ਇਹ ਪਵਿੱਤਰ ਹੋਇਆ ਕਰਦੇ ਸਨ, ਪਾਣੀ ਵਿਚ ਐਸੀ ਤਾਸੀਰ ਹੋਇਆ ਕਰਦੀ ਸੀ ਕਿ ਕਈ ਬਿਮਾਰੀਆਂ ਹਟ ਜਾਇਆ ਕਰਦੀਆਂ ਸਨ।

ਮੈਂ ਬਚਪਨ ਵਿਚ ਇਕ ਵਾਰੀ ਪਾਉਂਟੇ ਸਾਹਿਬ ਚਲਾ ਗਿਆ। ਉਸ ਵੇਲੇ ਉਥੇ ਸ਼ਹਿਰ ਹੀ ਨਹੀਂ ਸੀ ਹੁੰਦਾ। ਗੁਰਦਵਾਰੇ ਸਾਹਿਬ ਵਿਚ ਥੋੜ੍ਹੇ ਜਿਹੇ ਬੰਦੇ ਰਹਿੰਦੇ ਸਨ, ਕਿਸੇ ਨੇ ਥੋੜ੍ਹੀਆਂ ਜਿਹੀਆਂ ਦੁਕਾਨਾਂ ਸੜਕ ਦੇ ਨਾਲ ਨਾਲ ਪਾਈਆਂ ਹੋਈਆਂ ਸਨ। ਉਥੇ ਇਸ਼ਨਾਨ ਕਰਨਾ, ਜਿਥੇ ਕਵੀ ਦਰਬਾਰ ਲਗਦਾ ਸੀ ਹੁਣ ਤਾਂ ਓਥੇ ਕੁਝ ਹੋਰ ਹੀ ਬਣਾ ਦਿੱਤਾ ਹੈ। ਉਥੇ ਜਦੋਂ ਬੈਠਣਾ, ਚਿਤ ਬਹੁਤ ਹੀ ਇਕਾਗਰ ਹੁੰਦਾ ਸੀ ਸੁਰਤੀ ਐਨੀ ਖਿੜਨੀ ਚਿਤ ਵੀ ਬਹੁਤ ਹੀ ਖਿੜਨਾ, ਪਹਿਲਾਂ ਪਾਣੀ ਵਿਚੋਂ ਹੀ ਬਾਹਰ ਨਿਕਲਣ ਨੂੰ ਜੀਅ ਨਹੀਂ ਸੀ ਕਰਦਾ, ਐਨਾ ਪਿਆਰਾ ਲਗਦਾ ਸੀ। ਸੋ ਇਸੇ ਕਰਕੇ ਸਾਰੇ ਦਰਿਆਵਾਂ ਨਾਲ ਦੋਸਤੀ ਕਹਿੰਦੇ ਸਨ। ਸਰੀਰ ਵਿਚ ਜਿਤਨੇ ਵੀ ਸੈਲ ਹੁੰਦੇ ਹਨ ਪਾਣੀ ਕੁਦਰਤੀ ਤੌਰ ਤੇ ਸਭ ਨੂੰ ਸੈਟ ਕਰ ਦਿੰਦਾ ਹੈ। ਸੋ ਨਾਮਦੇਵ ਜੀ ਤੇ ਉਹਨਾਂ ਦੀ ਮੰਡਲੀ ਨੇ ਸਭ ਨੇ ਜਮਨਾ ਨਦੀ ਵਿਚ ਇਸ਼ਨਾਨ ਕੀਤਾ, ਕੋਈ ਏਥੇ ਬੈਠ ਗਿਆ, ਕੋਈ ਹੋਰ ਥਾਂ ਤੇ ਬੈਠ ਗਿਆ। ਸਾਰੇ ਬੈਠ ਕੇ ਭਜਨ ਵਿਚ ਲੀਨ ਹੋ ਗਏ, ਕਿਉਂਕਿ ਭਜਨ ਵਿਚ ਕਈ ਗੱਲਾਂ ਹੁੰਦੀਆਂ ਹਨ



Sri Satguru Jagjit Singh Ji eLibrary NamdhariElibrary@gmail.com

ਜਿਹਨਾਂ ਦਾ ਪਾਲਣ ਕਰਨਾ ਪੈਂਦਾ ਹੈ, ਜਿਹਨਾਂ ਵਿਚੋਂ ਸਭ ਤੋਂ ਜ਼ਰੂਰੀ ਇਕਾਂਤ ਦੀ ਲੋੜ ਹੈ, ਕੋਈ ਖੜਕਾ ਦੜਕਾ ਨਾ ਹੋਵੇ, ਕਿਸੇ ਦੇ ਸਾਹ ਦਾ ਵੀ ਖੜਕਾ ਸੁਣਾਈ ਨਾ ਦੇਵੇ, ਨਾ ਕੋਈ ਰੌਲਾ ਗੌਲਾ ਸੁਣੇ, ਕਿਉਂਕਿ ਫੁਰਨਾ ਬਣ ਜਾਂਦਾ ਹੈ, ਚੜ੍ਹਦੀ ਚੜ੍ਹਦੀ ਸੁਰਤ ਬਾਹਰ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਇਕਾਗਰਤਾ ਸਹਿਤ ਸਾਰੇ ਨਾਮ ਜਪਦੇ ਹਨ।

ਸੋ ਨਾਮਦੇਵ ਜੀ ਹੌਲੀ-ਹੌਲੀ ਸਾਰੀਆਂ ਮੰਜਲਾਂ ਵਿਚੋਂ ਪਾਰ ਹੋ ਕੇ ਸਾਰੀਆਂ ਸਮਾਧੀਆਂ ਵਿਚੋਂ ਲੰਘੇ, ਸਰੀਰ ਵਿਚੋਂ ਲੰਘੇ, ਪੰਜਾਂ ਤੱਤਾਂ ਵਿਚੋਂ ਲੰਘੇ, ਅਸਥੂਲ ਸਰੀਰ ਵਿਚੋਂ ਲੰਘੇ, ਸੂਖਸ਼ਮ ਸਰੀਰ ਵਿਚੋਂ ਲੰਘੇ, ਕਾਰਣ ਸਰੀਰ ਵਿਚੋਂ ਲੰਘੇ, ਅੰਤਸ਼ਕਰਣ ਵਿਚੋਂ ਲੰਘ ਕੇ, ਨਿਜ ਸਰੂਪ ਵਿਚ ਲੀਨ ਹੋ ਗਏ ਤੇ ਆਤਮ ਪਦ ਵਿਚ ਪਹੁੰਚ ਗਏ, ਆਤਮ ਪਦ ਵਿਚ ਲੀਨ ਹੋ ਕੇ ਪਰਮੇਸ਼ਰ ਵਿਚ ਲੀਨ ਹੋ ਕੇ, ਸੰਸਾਰ ਨੂੰ ਭੁਲੇ ਹੋਏ ਹਨ ਤੇ ਕੇਵਲ ਬ੍ਰਹਮ ਹੀ ਬ੍ਰਹਮ ਇਕੋ ਹੀ ਨਜ਼ਰ ਆ ਰਿਹਾ ਹੈ, ਦੂਜਾ ਕੋਈ ਨਜ਼ਰ ਨਹੀਂ ਆਉਂਦਾ। ਪਤਾ ਹੀ ਨਹੀਂ ਲਗ ਰਿਹਾ। ਸੋ ਐਸੀ ਫੁਰਨੇ ਰਹਿਤ ਸਮਾਧੀ ਵਿਚ ਲੀਨ ਹਨ। ਮਹਾਰਾਜ ਕਹਿੰਦੇ ਹਨ ਕਿ ਇਸ ਦੇ ਰਸ ਨੂੰ ਕੌਣ ਦਸ ਸਕਦਾ ਹੈ। ਕੋਈ ਵੀ ਨਹੀਂ ਦੱਸ ਸਕਦਾ। ਅਗਰ ਕਿਸੇ ਦੀ ਐਸੀ ਸਮਾਧੀ ਲਗਦੀ ਵੀ ਹੋਵੇ ਉਹ ਵੀ ਨਹੀਂ ਦਸ ਸਕਦਾ, ਕਿਉਂਕਿ ਉਹ ਚੀਜ਼ ਹੀ ਐਸੀ ਹੈ, ਅਨੰਦ ਵਰਣਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਇਕ ਬੱਚੇ ਨੂੰ ਪੁਛੋ ਕਿ ਤੈਨੂੰ ਕਿੰਨਾ ਪਿਆਰ ਆਉਂਦਾ ਹੈ ਉਹਦੇ ਕੋਲ ਦੱਸਣ ਵਾਸਤੇ ਕੋਈ language ਹੀ ਨਹੀਂ ਹੁੰਦੀ, ਸਾਡੇ ਕੋਲ ਵੀ ਨਹੀਂ ਹੁੰਦੀ, ਅਸੀਂ ਬਸ ਇਹੀ ਕਹਿ ਸਕਦੇ ਹਾਂ ਕਿ ਬਹੁਤ ਪਿਆਰ ਆਉਂਦਾ ਹੈ। ਜਿਹੜਾ ਹੋਰ ਵੀ ਵੱਧ ਸੋਝੀ ਵਾਲਾ ਹੈ ਉਹ ਇਹ ਦੱਸ ਦੇਵੇਗਾ ਕਿ ਮੈਨੂੰ ਇਤਨਾ ਪਿਆਰ ਆਉਂਦਾ ਹੈ ਜਿਸ ਤਰ੍ਹਾਂ ਦੁਧ ਤੇ ਪਾਣੀ ਦਾ ਹੁੰਦਾ ਹੈ, ਪਾਣੀ ਆਪ ਜਲ ਜਾਇਆ ਕਰਦਾ ਹੈ ਪਰ ਦੁਧ ਨੂੰ ਜਲਣ ਨਹੀਂ ਦਿੰਦਾ। ਜਿਸ ਤਰ੍ਹਾਂ ਮੱਛੀ ਤੇ ਪਾਣੀ ਦਾ ਪਿਆਰ ਹੁੰਦਾ ਹੈ, ਸੋ ਮੈਨੂੰ ਐਨਾ ਪਿਆਰ ਹੈ। ਬੱਚਾ ਨਹੀਂ ਦੱਸ ਸਕਦਾ ਕਿਉਂਕਿ ਉਸ ਕੋਲ ਕੋਈ ਅੱਖਰ ਨਹੀਂ ਹੈ। ਬੱਚਾ ਦੋਨੋਂ ਬਾਹਾਂ ਪੂਰੀਆਂ ਖੋਲ੍ਹ ਕੇ ਕਹਿ ਦੇਵੇਗਾ ਕਿ ਮੈਨੂੰ ਐਨਾ ਪਿਆਰ ਆਉਂਦਾ ਹੈ। ਸੋ ਸਮਾਧੀ ਦਾ ਵੀ ਏਹੋ ਹਾਲ ਹੈ, ਮਹਾਰਾਜ ਕਹਿੰਦੇ ਇਸ ਬਾਰੇ ਕੋਈ ਦੱਸ ਨਹੀਂ ਸਕਦਾ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸਹਿਜ ਸਮਾਜ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ -2, 2.***
***ਸੋ ਰਸ ਸੋਈ ਜਾਣੇ, ਸੋ ਰਸ ਸੋਈ ਜਾਣੇ -2, 2.***
***ਸਹਿਜ ਸਮਾਧ ਲਗੀ ਲਿਵ ਅੰਤਰ, .... -2.***

***ਸਭੇ ਸੁਖ ਭਏ ਪ੍ਰਭ ਤੁਠੇ॥***
***ਗੁਰ ਪੂਰੇ ਕੇ ਚਰਣ ਮਨਿ ਵੁਠੇ॥***
***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਪੰਨਾ - 106***

ਜਿਸ ਨੇ ਕਦੀ ਐਸਾ ਅਨੰਦ ਦੇਖਿਆ ਹੋਵੇ ਉਸੇ ਨੂੰ ਹੀ ਪਤਾ ਹੁੰਦਾ ਹੈ ਕਿ ਸਹਿਜ ਸਮਾਧ ਕੀ ਹੈ। ਕਹਿਣ ਵਾਸਤੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਹਿਜ ਸਮਾਧ ਤਾਂ ਲਗੀ ਹੋਈ ਹੈ। ਪਹਿਲਾਂ ਤਾਂ ਸਮਾਧ ਦਾ ਹੀ ਨਹੀਂ ਪਤਾ ਕਿ ਸਮਾਧ ਕਿਸ ਨੂੰ ਆਖਦੇ ਹਨ। ਸੋ ਮੈਂ ਇਸ ਵਾਰ ਥੋੜੀ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗੱਲ ਸਮਝ ਆ ਜਾਵੇ ਕਿ ਸਮਾਧ ਕੀ ਚੀਜ਼ ਹੁੰਦੀ ਹੈ। ਪਹਿਲਾਂ ਕੁਝ ਤਿਆਰੀ ਹੋਇਆ ਕਰਦੀ ਹੈ। ਉਹ ਤਿਆਰੀ ਇਸ ਤਰ੍ਹਾਂ ਹੁੰਦੀ ਹੈ, ਸਮਾਧ ਓਨੀ ਦੇਰ ਤਕ ਨਹੀਂ ਲਗਦੀ ਜਿੰਨੀ ਦੇਰ ਤੱਕ ਆਦਮੀ ਦਾ ਮਨ ਖਿੰਡਿਆ ਰਹਿੰਦਾ ਹੈ। ਮਨ ਨੂੰ ਇਕੱਠਾ ਕਰਨ ਵਾਸਤੇ ਪਹਿਲਾਂ ਵਿਵੇਕ ਦੀ ਲੋੜ ਹੈ, ਇਹ ਨਿਰਣਾ ਕਰਨ ਦੀ ਲੋੜ ਹੈ ਕਿ ਸੱਤ ਕੀ ਹੈ ਤੇ ਅਸੱਤ ਕੀ ਹੈ, ਜਿਹੜੀ ਚੀਜ਼ ਦਾ ਨਾਮ ਤੇ ਰੂਪ ਹੈ, ਉਹ ਅਸੱਤ ਹੈ, ਝੂਠ ਹੈ, ਉਸ ਨੇ ਬਿਨਸ ਜਾਣਾ ਹੈ, ਜਿਹੜੀ ਚੀਜ਼ ਦਾ ਨਾਮ ਤੇ ਰੂਪ ਨਹੀਂ ਹੈ, ਪਰ ਹੈਗੀ ਉਹ ਸੱਤ ਹੈ, ਉਹ ਪਰਮੇਸ਼ਰ ਹੈ, ਉਸ ਨੂੰ ਜਾਨਣ ਵਾਲੀ ਸੂਝ ਨੂੰ ਵਿਵੇਕ ਕਹਿੰਦੇ ਹਨ। ਜਿਸ ਦੀ ਬੁੱਧੀ ਵਿਚ ਇਹ ਪੱਕਾ ਨਿਸ਼ਚਾ ਹੋ ਜਾਵੇ ਕਿ ਵਾਹਿਗੁਰੂ ਸੱਤ ਹੈ ਤੇ ਬਾਕੀ ਅਸੱਤ ਹੈ ਉਹ ਵਿਵੇਕ ਬੁੱਧੀ ਵਿਚ ਚਲਾ ਜਾਂਦਾ ਹੈ।

ਦੂਸਰਾ ਹੈ ਵੈਰਾਗ, ਰਾਗ ਲਗਾਉ, ਪਕੜ ਨੂੰ ਕਹਿੰਦੇ ਹਨ, attachment ਨੂੰ ਕਹਿੰਦੇ ਹਨ, ਚੀਜ਼ਾਂ ਨਾਲ ਲਗਾਵ ਹੋਣਾ, ਮੇਰਾ ਘਰ ਮੇਰਾ ਪੁੱਤਰ, ਮੇਰੀ ਜਮੀਨ, ਮੇਰੀ ਜਾਇਦਾਦ, ਮੇਰੀ ਇਜ਼ਤ, ਮੇਰਾ ਅਹੁਦਾ, ਮੇਰਾ ਪਰਵਾਰ; ਕੋਈ ਅੰਤ ਹੈ, ਮੇਰਾ ਕਦੇ ਮੁਕਦਾ ਹੈ? ਸਾਰੀ ਜ਼ਿੰਦਗੀ ਮੇਰਾ ਮੇਰਾ ਕਰਦਾ ਰਹਿੰਦਾ ਹੈ।

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥ ਪੰਨਾ - 1160***

ਇਸ ਨੂੰ ਰਾਗ ਆਖਦੇ ਹਨ ਜਦੋਂ ਮੇਰੀ ਮੇਰੀ ਮਿਟ ਜਾਂਦੀ ਹੈ ਤਾਂ ਵੈਰਾਗ ਹੋ ਜਾਂਦਾ ਹੈ। ਚੀਜ਼ਾਂ ਨਾਲੋਂ detach (ਵੈਰਾਗ) ਹੋ ਜਾਂਦਾ ਹੈ। ਰਾਗ ਵਾਲੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਖਿਚ ਲੈਣਾ ਭਾਵੇਂ ਰਹਿਣਾ ਵਿਚੇ ਹੀ ਹੈ, ਪਰ ਕਿਸੇ ਚੀਜ਼ ਨਾਲ ਮੋਹ ਨਹੀਂ ਧਾਰਨਾ, ਰਾਗ ਨਹੀਂ ਧਾਰਨਾ, ਮੁਸਾਫਿਰ ਵਾਂਗਣ ਦਿਨ ਕੱਟ ਜਾਣੇ, ਕਿਸੇ ਚੀਜ਼ ਦੀ ਵਾਸ਼ਨਾ ਨਾ ਕਰਨੀ, ਕਿਸੇ ਭੋਗ ਦੀ ਇੱਛਾ ਨਾ ਕਰਨੀ, ਇਸ ਲੋਕ ਦੇ ਸਾਰੇ ਭੋਗਾਂ ਤੋਂ ਲੈ ਕੇ ਬ੍ਰਹਮ ਲੋਕ ਤੱਕ ਜਿਤਨੇ ਵੀ ਭੋਗ ਹਨ ਜਿਹਨਾਂ ਦੀ ਗਿਣਤੀ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਇਕ ਵਾਰੀ ਮੈਂ ਬੇਨਤੀ ਕੀਤੀ ਸੀ ਕਿ ਕਿੰਨੇ ਭੋਗ ਹਨ ਤੇ ਕਿੰਨਾ ਸੁਖ ਵੱਧ ਤੋਂ ਵੱਧ ਹੁੰਦਾ ਤੁਰਿਆ ਜਾਂਦਾ ਹੈ, ਇਹਨਾਂ ਸਾਰਿਆਂ ਨੂੰ ਕਾਗ ਦੀ ਵਿਸ਼ਟ (ਵਿਠ) ਵਾਂਗੂੰ ਜਾਣ ਕੇ ਨਾਮ ਵਾਸਤੇ ਬਿਰਤੀ ਸੋਧਣੀ, ਬਾਕੀ ਸਭ ਚੀਜ਼ਾਂ ਨੂੰ ਛੱਡ ਦੇਣਾ।

ਤੀਸਰਾ ਹੋਇਆ ਕਰਦਾ ਹੈ ਮਨ ਦੇ ਵਿਚ ਔਖ ਸੌਖ ਸਹਿਣ ਵਾਸਤੇ, ਇਸ ਲਕਸ਼ ਨੂੰ ਪੂਰਾ ਕਰਨ ਵਾਸਤੇ ਦ੍ਰਿੜ੍ਹ ਫੁਰਨਾ। ਉਸ ਵਿਚ ਪਹਿਲਾ 'ਯਮ', ਦੂਜਾ 'ਨੇਮ' ਤੀਜਾ 'ਆਸਣ' ਹੁੰਦਾ ਹੈ। ਚੌਥਾ 'ਪ੍ਰਾਣਾਯਾਮ' ਹੁੰਦਾ ਹੈ ਪੰਜਵਾ 'ਪ੍ਰਤਿਹਾਰ' ਹੋਇਆ ਕਰਦਾ ਹੈ, ਕਿਸੇ ਚੀਜ਼ ਵਿਚ ਮੋਹ ਨਾ ਪਉਣਾ ਤੇ ਹਰ ਚੀਜ਼ ਤੋਂ ਮਨ ਖਿਚ ਕੇ ਰਖਣਾ। ਪਿਛਲੇ ਦੀਵਾਨ ਦੇ ਅੰਦਰ ਬਹੁਤ ਵਿਸਥਾਰ ਨਾਲ ਇਸ ਦੇ ਬਾਰੇ


Sri Satguru Jagjit Singh Ji eLibrary NamdhariElibrary@gmail.com

ਬੇਨਤੀ ਕੀਤੀ ਗਈ ਸੀ ਕਿ ਇਹ ਚੀਜ਼ਾਂ ਕੀ ਹੁੰਦੀਆਂ ਹਨ। ਸੋ ਇਨ੍ਹਾਂ ਤੋਂ ਬਾਅਦ ਮਨ ਵਿਚ ਸ਼ਰਧਾ ਹੋਣੀ ਚਾਹੀਦੀ ਹੈ। ਗੁਰੂ ਦੇ ਵਾਕ ਤੇ। ਇਹ ਸਮਝ ਲਓ ਕਿ ਇਹ ਸਾਰੀਆਂ commandments ਹਨ। ਕੋਈ ਚੀਜ਼ ਐਸੀ ਨਹੀਂ ਜਿਸ ਨੂੰ ਮੈਂ ignore ਕਰ ਦਿਆਂ, ਉਸ ਨੂੰ ਕਮਾਉਣ ਵਾਸਤੇ ਧਾਰਨ ਕਰਨ ਵਾਸਤੇ ਪੂਰੀ ਸ਼ਰਧਾ ਹੋਵੇ। ਫਿਰ ਦੁਖ ਸੁਖ ਸਹਿਣ ਦੀ ਆਦਤ ਹੋਵੇ, ਜਿਸ ਨੂੰ ਤਤਿਕਸ਼ਾ ਕਹਿੰਦੇ ਹਨ, ਫੇਰ ਸਮਾਧਾਨ ਹੋਵੇ, ਜਿਹੜਾ ਵੀ ਬਚਨ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ, ਫਿਰ 'ਉਪਰਾਮ' ਹੋਵੇ, ਜਿਹੜੀਆਂ ਗਲਤ ਗੱਲਾਂ ਹੋਣ, ਜਿਹੜੀਆਂ ਆਪਣੇ ਨਾਲ ਸੰਬੰਧ ਹੀ ਨਹੀਂ ਰਖਦੀਆਂ ਸਭ ਨਾਲ ਉਪਰਾਮਤਾ ਧਾਰ ਲੈਣੀ ਕੇਵਲ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਰਖਣੀ।

ਉਸ ਤੋਂ ਬਾਅਦ 'ਮੋਖਸ਼' ਹੋਇਆ ਕਰਦਾ ਹੈ। ਜਿਸ ਦੇ ਮਨ ਦੇ ਅੰਦਰ ਤੀਬਰ ਵੈਰਾਗ ਹੋਇਆ ਕਰਦਾ ਹੈ। ਬੈਰਾਗ ਤਿੰਨ ਕਿਸਮ ਦਾ ਹੁੰਦਾ ਹੈ - ਬੈਰਾਗ, ਤੀਬਰਤਮ ਬੈਰਾਗ, ਤੀਬਰਤਮ ਤਰ ਬੈਰਾਗ। ਸੋ ਤੀਬਰਤਮਤਰ ਬੈਰਾਗ ਹੋਣਾ ਚਾਹੀਦਾ ਹੈ ਕਿ ਮੈਂ ਇਸ ਨੂੰ ਜਰੂਰ ਹਾਸਲ ਕਰਕੇ ਹੀ ਰਹਿਣਾ ਹੈ ਕਿਉਂਕਿ ਮੇਰਾ ਜ਼ਿੰਦਗੀ ਦਾ ਇਕੋ ਇਕ ਇਹ ਲਕਸ਼ ਹੈ, ਪਰਮੇਸ਼ਰ ਨੂੰ ਮਿਲਣਾ ਹੈ। ਇਸ ਤੋਂ ਬਾਅਦ ਸੁਣਨਾ ਹੋਇਆ ਕਰਦਾ ਹੈ। ਫਿਰ ਮੰਨਣਾ ਹੋਇਆ ਕਰਦਾ ਹੈ। ਜਦੋਂ ਮੰਨ ਜਾਂਦਾ ਹੈ ਫਿਰ ਪ੍ਰਤਿਹਾਰ ਪੂਰਾ ਹੋਇਆ ਕਰਦਾ ਹੈ। ਪ੍ਰਤਿਹਾਰ ਕਹਿੰਦੇ ਹਨ ਕਿ ਮਨ ਨੂੰ ਬਾਹਰ ਨਾ ਜਾਣ ਦੇਣਾ - ਨਾ ਅੱਖਾਂ ਦੇ ਰਾਹੀਂ, ਨਾ ਕੰਨਾਂ ਦੇ ਰਾਹੀਂ, ਨਾ ਜ਼ੁਬਾਨ ਦੇ ਰਾਹੀਂ, ਨਾ ਸਪਰਸ਼ ਰਾਹੀਂ, ਨਾ ਨਾਸਿਕਾ ਰਾਹੀਂ; ਇਹਨਾਂ ਪੰਜਾਂ ਥਾਵਾਂ ਤੋਂ ਹੀ ਮਨ ਦੌੜਿਆ ਕਰਦਾ ਹੈ।

***ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥***
***ਪੰਨਾ - 656***

ਬਿਰਤੀ ਲਾਉਣੀ ਹੈ, ਫੇਰ ਨੱਠ ਜਾਂਦੀ ਹੈ ਫੇਰ ਲਾਉਣੀ, ਬਾਰ-ਬਾਰ ਬਿਰਤੀ ਨੂੰ ਟਿਕਾਈ ਹੀ ਜਾਣਾ ਹੈ। ਫਿਰ ਹੌਲੀ-ਹੌਲੀ ਮਨ ਇਕਾਗਰ ਹੋਣ ਲੱਗ ਜਾਂਦਾ ਹੈ। ਜਦੋਂ ਢਾਈ ਮਿੰਟ ਇਕਾਗਰ ਹੋਣ ਲੱਗ ਜਾਵੇ ਤਾਂ ਉਹ ਧਾਰਨਾ ਕਹਾਇਆ ਕਰਦੀ ਹੈ, ਜੇਕਰ ਮਨ 30 ਮਿੰਟ ਵਾਸਤੇ ਪ੍ਰਭੂ ਨਾਲ ਟਿਕ ਕੇ ਲਗ ਜਾਵੇ ਤਾਂ ਇਸ ਨੂੰ ਧਿਆਨ ਆਖਦੇ ਹਨ, ਉਹਦੇ ਵਿਚ ਫੁਰਨਾ ਨਾ ਕੋਈ ਵੀ ਆਵੇ, ਬਸ ਆਪਣੇ ਧੇਅ ਤੇ ਧਿਆਨ ਲਗਿਆ ਰਹੇ। ਉਸ ਤੋਂ ਬਾਅਦ ਸਮਾਧੀ ਹੋਇਆ ਕਰਦੀ ਹੈ। ਚਿਤ ਬਿਰਤੀਆਂ ਇਸ ਨੂੰ ਬਾਹਰ ਲਿਜਾਂਦੀਆਂ ਹਨ।

ਪਹਿਲੀ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ ਕਿ ਜਿੰਨੀਆਂ ਵੀ ਚੀਜ਼ਾਂ ਨਜ਼ਰ ਆਉਂਦੀਆਂ ਹਨ, ਉਹਨਾਂ ਦਾ 'ਅਕਸ਼' ਅੰਦਰ ਪੈਣਾ ਸ਼ੁਰੂ ਹੋ ਜਾਂਦਾ ਹੈ ਇਸੇ ਵਾਸਤੇ ਨਾਮ ਜਪਣ ਵਾਲੇ ਇਕਾਂਤ ਚਾਹੁੰਦੇ ਹਨ। ਤੁਸੀਂ ਸਿਨਮਾ ਦੇਖ ਲਓ ਉਸ ਦਾ ਅਕਸ਼ ਯਾਦ ਵਿਚੋਂ ਨਿਕਲਦਾ ਹੀ ਨਹੀਂ, ਕੋਈ ਹੋਰ ਲੜਾਈ ਝਗੜਾ ਦੇਖ ਲਓ, ਉਸਦਾ ਵੀ ਅਕਸ਼ ਨਿਕਲਦਾ ਹੀ ਨਹੀਂ। ਇਹ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ। ਬਾਹਰ ਵੇਖਣ ਵਾਲੀਆਂ ਚੀਜ਼ਾਂ ਦੇ ਸੰਸਕਾਰ ਅੰਦਰ ਜਮ੍ਹਾਂ ਹੋ ਜਾਂਦੇ ਹਨ।

ਇਸ ਤੋਂ ਬਾਅਦ ਦੂਜੀ ਬਿਰਤੀ ਹੋਇਆ ਕਰਦੀ ਹੈ 'ਵਿਪਰਜੇ'। ਉਪਦੇਸ਼ ਆਉਂਦਾ ਹੈ ਕਿ ਤੂੰ ਨਾਮ ਜਪ, ਨਾਲ ਦੀ ਨਾਲ ਜਵਾਬ ਦੇਈ ਜਾਂਦਾ ਹੈ। ਗੁਰੂ ਕਹਿੰਦਾ ਹੈ ਕਿ ਇਹ ਸਾਰਾ ਆਤਮ ਪਸਾਰਾ ਹੈ ਆਪੇ ਵਾਹਿਗੁਰੂ ਹੀ ਸਾਰੇ ਪਸਰਿਆ ਹੋਇਆ ਹੈ, ਉਸ ਨੂੰ ਤਾਂ ਨਾ ਮੰਨਣਾ ਬਲਕਿ ਉਲਟ ਆਪਣਾ ਸਿਧਾਂਤ ਕੱਢਣਾ; ਵੈਰੀ ਵੀ ਦੇਖਣੇ, ਮਿੱਤਰ ਵੀ ਦੇਖਣੇ, ਚੰਗੇ ਵੀ ਦੇਖਣੇ, ਮਾੜੇ ਵੀ ਦੇਖਣੇ, ਆਪਣੇ ਵੀ ਦੇਖਣੇ, ਬੇਗਾਨੇ ਵੀ ਦੇਖਣੇ। ਮਹਾਰਾਜ ਕਹਿੰਦੇ ਇਸ ਨੂੰ ਛੱਡ ਦੇ -

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299***

ਇਸ ਵਿਪਰਜੇ ਬਿਰਤੀ ਨੂੰ ਛੱਡ ਦੇ, ਇਹ ਸੰਸਾਰ ਹੋਰ ਨਹੀਂ ਹੈ, ਵਾਹਿਗੁਰੂ ਹੋਰ ਨਹੀਂ ਹੈ, ਇਕੋ ਹੀ ਹੈ।

ਤੀਜੀ ਹੋਇਆ ਕਰਦੀ ਹੈ ਨਿੰਦਰਾ, ਨਿੰਦਰਾ ਬਿਰਤੀ ਉਹ ਹੋਇਆ ਕਰਦੀ ਹੈ ਕਿ ਭਜਨ ਕਰਨ ਲੱਗ ਪਿਆ, ਅੰਦਰ ਕੋਈ ਖਿਆਲ ਆ ਗਿਆ ਤੇ ਸੁਰਤੀ ਮੱਧਮ ਪੈਂਦੀ ਪੈਂਦੀ ਐਨੀ ਮੱਧਮ ਪੈ ਗਈ ਕਿ ਉਹ ਖਿਆਲ ਵਿਚ ਹੀ ਲੈਅ ਹੋ ਗਈ, ਐਸੀ ਬਿਰਤੀ ਭਜਨ ਨਹੀਂ ਕਰਨ ਦਿੰਦੀ।

ਚੌਥੀ ਬਿਰਤੀ ਹੋਇਆ ਕਰਦੀ ਹੈ ਸਿਮ੍ਰਤੀ। ਉਹ ਬਿਰਤੀ ਹੁੰਦੀ ਹੈ ਜਿਉਂ ਜਿਉਂ ਅਸੀਂ ਇਕਾਗਰ ਹੁੰਦੇ ਹਾਂ ਤਿਉਂ ਤਿਉਂ ਭੁੱਲੀਆਂ ਹੋਈਆਂ ਚੀਜ਼ਾਂ, ਕੰਮ ਯਾਦ ਆਉਣੇ ਸ਼ੁਰੂ ਹੋ ਜਾਂਦੇ ਹਨ, ਬਈ ਅੱਜ ਆਹ ਕੰਮ ਕਰਨਾ ਹੈ, ਅੱਜ ਉਸ ਨੂੰ ਇਹ ਗੱਲ ਕਹਿਣੀ ਹੈ। ਕਿਉਂਕਿ ਸਿਮ੍ਰਤੀ ਰਸਤੇ ਦੀ ਬੜੀ ਭਾਰੀ ਰੁਕਾਵਟ ਹੈ, ਬੇਸਿਮਰਤੀ ਹੋਣੀ ਚਾਹੀਦੀ ਹੈ। ਕੋਈ ਚੀਜ਼ ਧਿਆਨ ਵਿਚ ਨਹੀਂ ਆਉਣੀ ਚਾਹੀਦੀ, ਕੇਵਲ ਵਾਹਿਗੁਰੂ ਉਸਦਾ ਨਾਮ ਹੀ ਧਿਆਨ ਵਿਚ ਆਉਣਾ ਚਾਹੀਦਾ ਹੈ।

ਪੰਜਵੀ ਹੈ 'ਵਿਕਲਪ'। ਵਿਕਲਪ ਹੋਇਆ ਕਰਦਾ ਹੈ- ਚਿਤ ਦਾ ਖਿੰਡਾਉ; ਚਿਤ ਦੀਆਂ ਅਵਸਥਾਵਾਂ ਹੋਇਆ ਕਰਦੀਆਂ ਹਨ। ਉਹਦੇ ਵਿਚ ਵਿਕਲਪ ਹੋਇਆ ਕਰਦਾ ਹੈ, ਮੂੜਤਾ ਹੋਇਆ ਕਰਦੀ ਹੈ, ਲੈਅਤਾ, ਇਕਾਗਰਤਾ ਤੇ ਨਿਰੁਧ ਹੋਇਆ ਕਰਦੀ ਹੈ। ਇਹਨਾਂ ਸਾਰੀਆਂ ਬਿਰਤੀਆਂ ਨੂੰ ਸੰਕੋਚ ਕੇ ਤਿੰਨ ਕਿਸਮ ਦੀਆਂ ਬਿਰਤੀਆਂ ਵਿਚ ਹੀ ਸਾਰੀਆਂ ਆ ਜਾਂਦੀਆਂ ਹਨ; ਰਜੋ ਗੁਣ ਵਿਚ, ਤਮੋ ਗੁਣ ਵਿਚ ਤੇ ਸਤੋ ਗੁਣ ਵਿਚ। ਧਿਆਨ ਨਾਲ ਸ੍ਰਵਣ ਕਰਨਾ, ਥੋੜ੍ਹਾ ਜਿਹਾ ਜ਼ਿਆਦਾ ਹੈ, ਤਾਂ ਕਿ ਸਮਝ ਵਿਚ ਆ ਜਾਵੇ।

ਤਮੋ ਗੁਣ ਬਿਰਤੀ ਪਰਮੇਸ਼ਰ ਦੇ ਨਾਮ ਵੱਲ ਨਹੀਂ ਲਗਦੀ, ਉਸ ਵਿਚ ਮੂੜਤਾ ਹੋਇਆ ਕਰਦੀ ਹੈ, ਜੇ ਆ ਵੀ ਜਾਵੇ ਤਾਂ ਅੰਦਰ ਅੱਖਾਂ ਮੀਟ ਕੇ ਤਾਂ ਬੈਠ ਜਾਏਗਾ, ਪਰ ਅੰਦਰ ਵਾਹਿਗੁਰੂ ਵਾਹਿਗੁਰੂ ਵੀ ਨਹੀਂ ਹੁੰਦਾ, ਕੋਈ ਪਤਾ ਨਹੀਂ ਲਗਦਾ ਐਵੇਂ ਨੀਂਦ ਜਿਹੀ ਆ ਜਾਂਦੀ ਹੈ। ਬਸ ਉਸ ਵਿਚ ਪੈ ਜਾਂਦਾ ਹੈ। ਦੂਜਾ ਹੋਇਆ ਕਰਦਾ ਹੈ ਆਲਸ; ਥੋੜ੍ਹਾ ਜਿਹਾ ਬੈਠਿਆ ਉਦੋਂ ਹੀ ਨੀਂਦ ਆ ਗਈ ਫੇਰ ਝੂਟੇ ਖਾਣ ਲੱਗ ਜਾਂਦਾ ਹੈ। ਤੀਜੀ ਹੋਇਆ ਕਰਦੀ



Sri Satguru Jagjit Singh Ji eLibrary NamdhariElibrary@gmail.com

ਹੈ ਨੀਂਦ, ਬੱਸ ਨੀਂਦ ਆ ਗਈ ਤਾਂ ਉਠਦਾ ਹੀ ਨਹੀਂ। ਆਲਸੀ, ਤਮੋਗੁਣੀ ਬੰਦੇ ਨੂੰ ਬਹੁਤੀ ਨੀਂਦ ਆਉਂਦੀ ਹੈ, ਉਸਦੀ ਖ਼ੁਰਾਕ ਐਸੀ ਹੁੰਦੀ ਹੈ ਜਾਗਦਾ ਹੀ ਨਹੀਂ – ਸਾਰੇ ਹਾਕਾਂ ਮਾਰ ਮਾਰ ਕੇ ਥੱਕ ਜਾਣਗੇ ਕਿ ਤੂੰ ਭਜਨ ਕਰ ਲੈ, ਨਾ ਉਠਦਾ ਹੈ ਨਾ ਜਾਗਦਾ ਹੈ, ਉਸਤੇ ਕੋਈ ਅਸਰ ਨਹੀਂ ਹੋਇਆ ਕਰਦਾ। ਚੌਥਾ ਹੋਇਆ ਕਰਦਾ ਹੈ ਮੋਹ, ਮੋਹ ਇਤਨਾ ਜ਼ਬਰਦਸਤ ਹੁੰਦਾ ਹੈ ਕਿ ਮੋਹ ਦੇ ਵੱਸ ਹੋ ਕੇ ਜਾਨਵਰ ਹੀ ਬਣਿਆ ਰਹਿੰਦਾ ਹੈ। ਪੰਜਵਾਂ ਹੋਇਆ ਕਰਦਾ ਹੈ ਕ੍ਰੋਧ। ਛੇਵੀਂ ਹੁੰਦੀ ਹੈ ਈਰਖਾ, ਸਤਵੀਂ ਹੋਇਆ ਕਰਦੀ ਹੈ ਸੁੰਨਤਾ, ਸੁੰਨ ਹੋਇਆ ਰਹਿੰਦਾ ਹੈ। ਅੱਗੇ ਹੁੰਦੀ ਹੈ ਨਿੰਦਿਆ, ਚੁਗਲੀ, ਈਰਖਾ, ਸਵਾਹ ਖੇਹ, ਕੂੜ ਕਬਾੜ, ਤ੍ਰਿਸ਼ਨਾ ਵਗੈਰਾ, ਸਾਰਾ ਹੀ ਉਹਦੇ ਵਿਚ ਹੋਇਆ ਕਰਦਾ ਹੈ। ਸੋ ਇਹਦੇ ਵਿਚੋਂ ਆਪਣਾ ਮਨ ਖਿਚ ਲੈਣਾ, ਸੰਸਿਆਂ ਵਿਚੋਂ ਖਿੱਚ ਲੈਣਾ, ਵੈਰ ਵਿਚੋਂ ਖਿਚ ਲੈਣਾ, ਡਰ ਤੋਂ ਖਿਚ ਲੈਣਾ, ਸਭ ਤੋਂ ਰੋਕ ਕੇ ਮਨ ਵਿਚ ਚਾਓ ਪੈਦਾ ਕਰਨਾ ਕਿ ਮੈਂ ਨਾਮ ਜਪਾਂ। ਤਮੋਗੁਣੀ ਬਿਰਤੀ ਮਨ ਨੂੰ ਇਕਾਗਰ ਨਹੀਂ ਹੋਣ ਦਿੰਦੀ ਜਦ ਤਕ ਬਹੁਤ ਸੰਗਤ ਨਾ ਕਰੇ, ਸੇਵਾ ਤੇ ਸੰਗਤ ਕਰਨ ਦੇ ਨਾਲ, ਖ਼ੁਰਾਕ ਸ਼ੁਧ ਕਰਨ ਦੇ ਨਾਲ, ਅੰਡੇ, ਮਾਸ, ਮੱਛੀ, ਸ਼ਰਾਬ, ਅਫੀਮ, ਆਹ ਨਸ਼ੇ ਸਭ ਛੱਡਣੇ ਪੈਂਦੇ ਹਨ ਤਾਂ ਇਹ ਬਿਰਤੀ ਬਦਲਦੀ ਹੈ। ਸੁਥਰੇ ਰਹਿਣਾ ਪੈਂਦਾ ਹੈ ਮੈਲੇ ਕੱਪੜੇ ਛੱਡਣੇ ਪੈਂਦੇ ਹਨ ਤਾਂ ਜਾ ਕੇ ਬਿਰਤੀ ਬਦਲਦੀ ਹੈ ਤੇ ਰਜੋ ਗੁਣ ਵਿਚ ਆਉਂਦੀ ਹੈ।

ਰਜੋਗੁਣ ਦੀ ਜੋ ਬਿਰਤੀ ਹੈ, ਨੱਠਣ ਭੱਜਣ ਵਾਲੀ ਬਿਰਤੀ ਹੈ। ਚੰਚਲ ਬਿਰਤੀ ਹੈ, ਜਿਵੇਂ ਸਮੁੰਦਰ ਦੀਆਂ ਛੱਲਾਂ ਉਠਦੀਆਂ ਹੁੰਦੀਆਂ ਹਨ, ਐਸ ਤਰ੍ਹਾਂ ਮਨ ਦੇ ਸੰਸਕਾਰ ਦੇ ਅੰਦਰ, ਅੰਤਸ਼ਕਰਣ ਦੇ ਅੰਦਰ, ਸੰਸਕਾਰਾਂ ਦੀਆਂ ਛੱਲਾਂ ਉਠਦੀਆਂ ਹਨ ਅਤੇ ਇਹ ਟਿਕਦਾ ਨਹੀਂ। ਇਸ ਵਿਚ ਰਾਗ ਦ੍ਵੈਸ਼ ਹੋਇਆ ਕਰਦੀ ਹੈ। ਵੈਰ ਹੀ ਉਠੀ ਜਾਂਦਾ ਹੈ। ਉਲਟੀਆਂ ਗੱਲਾਂ, ਮਾੜੀਆਂ ਗੱਲਾਂ ਹੀ ਆਈ ਜਾਂਦੀਆਂ ਹਨ ਤੇ ਹਿਤ ਦੀਆਂ ਚੀਜ਼ਾਂ ਦੇ ਨਾਲ ਪਿਆਰ ਪਾਈ ਜਾਂਦਾ ਹੈ। ਤੀਜੀ ਇਸ ਵਿਚ ਚੰਚਲਤਾ ਹੁੰਦੀ ਹੈ। ਇਕ ਸਕਿੰਟ ਵਾਸਤੇ ਵੀ ਨਾਮ ਨਹੀਂ ਜਪਦਾ, ਮਨ ਇਕ ਮਿੰਟ ਵਿਚ ਨਿਕਲ ਜਾਏਗਾ, ਰੋਕੋ ਫੇਰ ਨਿਕਲ ਜਾਏਗਾ, ਫੇਰ ਰੋਕੋ ਫੇਰ ਨਿਕਲ ਜਾਏਗਾ, ਅੰਦਰ ਨਹੀਂ ਆਉਂਦਾ, ਭੂਤ ਦੀ ਤਰ੍ਹਾਂ ਹਰ ਪਾਸੇ ਦੌੜਿਆ ਫਿਰਦਾ ਹੈ। ਚੌਥਾ ਇਸ ਵਿਚ ਹੁੰਦਾ ਹੈ ਫੁਰਨੇ, ਰੁਝੇਵੇਂ ਜ਼ਿੰਦਗੀ ਵਿਚ ਜਿੰਨੇ ਜ਼ਿਆਦਾ ਹੋਣਗੇ, ਉਨੇ ਫੁਰਨੇ ਜ਼ਿਆਦਾ ਆਉਣਗੇ। ਮਹਾਰਾਜ ਤਾਂ ਕਹਿੰਦੇ ਹਨ –

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਪੰਨਾ – 10***

ਕੰਮ ਕਰੀ ਜਾ, ਤੇਰੀ ਪ੍ਰਾਲਬਧ ਵਿਚ ਸਭ ਕੁਝ ਲਿਖਿਆ ਪਿਆ ਹੈ। ਫੁਰਨੇ ਹੀ ਨਾਮ ਨਹੀਂ ਜਪਣ ਦਿੰਦੇ।

ਪੰਜਵਾਂ ਹੋਇਆ ਕਰਦਦਾ ਹੈ ਚਤੁਰਾਈਆਂ। ਬਹੁਤ ਚਲਾਕੀਆਂ ਕਰਦਾ ਹੈ। ਗੱਲ ਸਿਧੇ ਢੰਗ ਨਾਲ ਤਾਂ ਕਰਨੀ ਹੀ ਨਹੀਂ, ਫਰੇਬ ਨਾਲ ਚਤੁਰਾਈ ਨਾਲ ਗੱਲ ਕਰਨੀ। ਛੇਵੀਂ ਹੋਇਆ ਕਰਦੀ ਹੈ ਵਿਕਸ਼ੇਪਤਾ, ਨਾ ਕੀਰਤਨ ਸੁਨਣਾ, ਨਾ ਨਾਮ ਜਪਣਾ; ਜੇ ਪਾਠ ਕਰਦਾ ਹੈ ਤਾਂ ਪਤਾ ਹੀ ਨਹੀਂ ਲਗਦਾ। ਕਹਿੰਦੈ, ਹੈਂ ਕੀ ਮੈਂ ਪਾਠ ਕਰ ਲਿਆ, ਮੰਨੇ ਕੀ ਗਤਿ ਦੀਆਂ ਚਾਰ ਪਉੜੀਆਂ, ਸੁਣੀਐ ਦੀਆਂ ਚਾਰ ਪਉੜੀਆਂ ਕਿਸ ਵੇਲੇ ਪੜ੍ਹ ਲਈਆਂ ਤੇ ਅਸੰਖ ਜਪ ਦੀਆਂ ਵੀ ਤਿੰਨੇ ਪਉੜੀਆਂ ਪੜ੍ਹ ਲਈਆ ਤੇ ਅੱਗੇ ਜਾ ਕੇ ਮੁੰਦਾ ਸੰਤੋਖ ਦੀਆਂ ਚਾਰ ਪਉੜੀਆਂ ਪੜ੍ਹ ਲਈਆਂ, ਇਕ ਇਕ ਪੜ੍ਹ ਕੇ ਜਾਈ ਜਾਂਦਾ ਹੈ ਫੇਰ ਜਦੋਂ ਸਰਮ ਖੰਡ ਦੀ ਪੜ੍ਹ ਲਈ –

***ਸਰਮ ਖੰਡ ਕੀ ਬਾਣੀ ਰੂਪੁ॥***
***ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥***
***ਤਾ ਕੀਆ ਗਲਾ ਕਥੀਆ ਨ ਜਾਹਿ॥***
***ਜੇ ਕੋ ਕਹੈ ਪਿਛੈ ਪਛੁਤਾਇ॥ ਪੰਨਾ – 8***

ਫੇਰ 'ਮੰਨੇ ਕੀ ਗਤਿ' ਤੇ ਪਹੁੰਚ ਜਾਂਦਾ ਹੈ ਕਿਉਂਕਿ ਉਹਦੇ ਵਿਚ ਸਾਵਧਾਨਤਾ ਨਹੀਂ ਹੈ ਵਿਕਸ਼ੇਪਤਾ ਹੈ।

ਸੱਤਵੀਂ ਹੋਇਆ ਕਰਦੀ ਹੈ ਲੋਕ ਲੱਜਾ। ਜੇ ਮੈਂ ਇਹ ਕੰਮ ਕੀਤਾ ਲੋਕ ਮੈਨੂੰ ਐਂ ਕਹਿਣਗੇ, ਮਾੜਾ ਕਹਿਣਗੇ, ਆਹ ਨਹੀਂ ਠੀਕ, ਉਹ ਨਹੀਂ ਠੀਕ, ਆਪਣੀ ਵਿਤ ਤੋਂ ਵੱਧ ਗੱਲ ਕਰਨੀ। ਅੱਠਵਾਂ ਹੋਇਆ ਕਰਦਾ ਹੈ ਵਿਸ਼ਿਆਂ ਵਿਚ ਹੀ ਗ੍ਰਸਤ ਰਹਿਣਾ। ਫੁਰਨਾ ਬਣਦਾ ਹੈ ਚਲੋ ਫਲਾਣੀ ਜਗ੍ਹਾ ਉਥੇ ਬਹੁਤ ਸੀਨਰੀਆਂ ਹਨ, ਬਹੁਤ ਸੋਹਣੀ ਜਗ੍ਹਾ ਹੈ, ਫਲਾਣੇ ਦਾ ਗਲਾ ਬਹੁਤ ਵਧੀਆ ਹੈ, ਬਹੁਤ ਸੋਹਣਾ ਗਾਉਂਦਾ ਹੈ, ਫਲਾਣੀ ਖਾਣ ਵਾਲੀ ਚੀਜ਼ ਤਿਆਰ ਕਰੀਏ ਬਹੁਤ ਸਵਾਦ ਹੁੰਦੀ ਹੈ। ਫਲਾਣੀ ਸੁਗੰਧੀ ਲਿਆਈਏ, ਉਹ ਬਹੁਤ ਵਧੀਆ ਹੁੰਦੀ ਹੈ। ਸੋ ਇਹ ਵਿਸ਼ਿਆਂ ਦੀ ਪ੍ਰੀਤੀ ਕਹਾਉਂਦੀ ਹੈ। ਇਹ ਵੀ ਰਜੋ ਗੁਣ ਬਿਰਤੀ ਹੀ ਹੈ।

ਤੀਸਰੀ ਸਤੋ ਗੁਣ ਬਿਰਤੀ ਹੁੰਦੀ ਹੈ। ਸਤੋਗੁਣ ਬਿਰਤੀ ਵਿਚ ਬਹੁਤ ਚੰਗੇ ਗੁਣ ਹੁੰਦੇ ਹਨ। ਜਿਹਨਾਂ ਦੇ ਅਧਾਰ ਤੇ ਨਾਮ ਜਪਿਆ ਜਾਂਦਾ ਹੈ। ਜਿਸ ਵਿਚ ਉਦਾਰਤਾ ਹੁੰਦੀ ਹੈ, ਸ਼ਾਂਤੀ ਹੁੰਦੀ ਹੈ, ਵੈਰਾਗ ਹੁੰਦਾ ਹੈ, ਵੀਚਾਰ ਹੁੰਦੀ ਹੈ, ਉਪਰਾਮ ਹੁੰਦੀ ਹੈ, ਸਤਸੰਗ ਹੁੰਦਾ ਹੈ। ਸਤਸੰਗ ਦੀ ਪ੍ਰੀਤ ਹਿਰਦੇ ਵਿਚ ਜਾਗਦੀ ਹੈ, ਆਤਮ ਚਿੰਤਨ ਦਾ ਉਮਾਹ ਹੁੰਦਾ ਹੈ, ਸੱਤ ਮਾਰਗ ਤੇ ਚੱਲਣ ਦੀ ਦ੍ਰਿੜ੍ਹਤਾ ਹੋਇਆ ਕਰਦੀ ਹੈ। ਆਪਣੇ ਸਰੂਪ ਵਿਚ ਵਾਸਾ ਕਰਨ ਵਾਸਤੇ ਸਤਿਗੁਰੂ ਨਾਲ ਪਿਆਰ ਹੋਇਆ ਕਰਦਾ ਹੈ ਤੇ ਪਾਰਬ੍ਰਹਮ ਵਿਚ ਲੀਨ ਹੋਣ ਵਾਸਤੇ ਉਦਮ ਹੋਇਆ ਕਰਦਾ ਹੈ। ਸੋ ਇਹ ਤਿੰਨੇ ਕਿਸਮ ਦੇ ਗੁਣ ਚਿਤ ਦੀਆਂ ਪੰਜੇ ਬਿਰਤੀਆਂ ਇਹਨਾਂ ਸਾਰੀਆਂ ਨੂੰ ਸੰਕੋਚ ਕੇ ਜਦੋਂ ਆਦਮੀ ਅੰਤਰਗਤ ਬਿਰਤੀ ਕਰਦਾ ਹੈ, ਉਦੋਂ ਉਸਦਾ ਧਿਆਨ ਪਰਪੱਕ ਹੋ ਜਾਂਦਾ ਹੈ। ਜਦੋਂ ਧਿਆਨ ਪਰਪੱਕ ਹੋਏਗਾ, ਉਹਦੇ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ ਤੇ ਜਿਹੜਾ ਧੇਅ ਹੋਇਆ ਕਰਦਾ ਹੈ, ਉਹ ਪ੍ਰਤੱਖ ਰੂਪ ਵਿਚ ਸਾਹਮਣੇ ਹੁੰਦਾ ਹੈ। ਲੇਕਿਨ ਉਥੇ ਤ੍ਰਿਕੁਟੀ ਹੁੰਦੀ ਹੈ, ਜੋ ਟੁਟਦੀ ਨਹੀਂ। ਇਕ ਧਿਆਤਾ ਹੁੰਦਾ ਹੈ, ਇਕ ਧਿਆਨ ਹੁੰਦਾ ਹੈ ਤੇ ਤੀਜਾ ਧੇਅ ਹੁੰਦਾ ਹੈ। ਉਹਦੇ ਬਾਅਦ ਜਦੋਂ ਤਿੰਨ ਘੰਟੇ ਬਿਰਤੀ ਲੱਗਣ ਲਗ ਜਾਵੇ, ਤਾਂ ਫੇਰ ਉਸ ਨੂੰ ਸਮਾਧੀ ਆਖਦੇ ਹਨ। ਸਮਾਧੀ ਵਾਸਤੇ ਜਦੋਂ ਅਸੀਂ ਆਪਣੀ ਬਿਰਤੀ ਖਿਚੀ, ਪਹਿਲਾਂ ਪੰਜੇ



Sri Satguru Jagjit Singh Ji eLibrary NamdhariElibrary@gmail.com

ਤੱਤਾਂ ਦਾ ਤਿਆਗ ਕਰੋ, 25 ਪ੍ਰਕਿਰਤੀਆਂ ਦਾ ਤਿਆਗ ਕਰੋ, ਪੰਜੇ ਪ੍ਰਾਣਾਂ ਦਾ ਤਿਆਗ ਕਰੋ, ਪੰਜੇ ਕਰਮ ਇੰਦਰਿਆਂ ਦਾ ਤਿਆਗ ਕਰੋ, ਪੰਜੇ ਗਿਆਨ ਇੰਦਰਿਆਂ ਦਾ, ਫਿਰ ਮਨ ਦਾ ਤਿਆਗ ਕਰਕੇ ਫੇਰ ਹੌਲੀ ਹੌਲੀ ਚੜ੍ਹਦੇ ਚਲੋ, ਬੁੱਧੀ ਵਿਚੋਂ ਲੰਘ ਜਾਓ, ਚਿਤ ਵਿਚੋਂ ਲੰਘ ਜਾਓ, ਅਹੰਭਾਵ ਵਿਚੋਂ ਲੰਘ ਜਾਓ, ਫਿਰ ਸਤਿਗੁਰੂ ਨੂੰ ਨਮਸ਼ਕਾਰ ਕਰ ਦਿਓ ਜਾ ਕੇ, ਉਹਦੇ ਚਰਨਾਂ ਤੇ ਜਾ ਕੇ ਆਪਣਾ ਸੀਸ ਭੇਟਾ ਕਰ ਦਿਓ, ਉਹਦੇ ਵਿਚ ਲੀਨ ਹੋ ਜਾਓ, ਨਮਸ਼ਕਾਰ ਕਰਕੇ ਆਤਮ ਸਰੂਪ ਵਿਚ ਲੀਨ ਹੋ ਜਾਓ, ਸਮਾਧੀ ਅਨੁਭਵ ਦੀ ਹੋਇਆ ਕਰਦੀ ਹੈ। ਸੰਤਾਂ ਨੂੰ ਪਤਾ ਹੁੰਦਾ ਹੈ। ਇਹਦੇ ਵਿਚ ਸਥੂਲ ਸਰੀਰ ਵੀ ਛੱਡ ਦਿਤਾ, ਸੂਖਸ਼ਮ ਵੀ ਛੱਡ ਦਿਤਾ, ਕਾਰਨ ਵੀ ਛੱਡ ਦਿਤਾ ਤੇ ਸਾਖੀ ਰੂਪ ਦੇ ਅੰਦਰ ਦੇਖਣ ਵਾਲੇ ਰੂਪ ਦੇ ਅੰਦਰ ਬਈ ਇਹ ਜੋ ਤਿੰਨੇ ਸਰੀਰ ਹਨ, ਇਹਨਾਂ ਵਿਚੋਂ ਮੈਂ ਲੰਘ ਗਿਆ।

ਉਹਦੇ ਬਾਅਦ ਫੇਰ ਜਾਗ੍ਰਤ, ਸੁਪਨ, ਸਖੋਪਤ ਤਿੰਨਾਂ ਨੂੰ ਛੱਡ ਕੇ ਤੁਰੀਆ ਅਵਸਥਾ ਵਿਚ ਜਾ ਕੇ ਆਸਣ ਲਾ ਲੈਣਾ। ਰਜੋ ਤਮੋ ਸਤੋ ਤੋਂ ਸ਼ੁਧ ਹੋ ਕੇ ਪੰਜੇ ਕੋਸ਼ - ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯਕੋਸ਼, ਇਹਨਾਂ ਪੰਜਾਂ ਪੜਦਿਆਂ ਤੋਂ ਉਪਰ ਲੰਘ ਕੇ ਆਪਣੇ ਆਪ ਨੂੰ ਗਿਆਨ ਸਰੂਪ ਆਤਮਾ ਸਮਝ ਕੇ ਬਿਰਤੀ ਵਿਚ ਲੀਨ ਹੋ ਜਾਣਾ, ਇਸ ਨੂੰ ਸਮਾਧੀ ਆਖਦੇ ਹਨ।

ਇਹ ਸਮਾਧੀ ਵੀ ਪੰਜ ਕਿਸਮ ਦੀ ਹੋਇਆ ਕਰਦੀ ਹੈ। ਪਹਿਲੀ ਸਮਾਧੀ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਇਹ ਦੋ ਤਰੀਕੇ ਨਾਲ ਲਗਦੀ ਹੈ। ਇਕ ਤਾਂ ਆਤਮ ਵੀਚਾਰ ਨਾਲ ਲਗਦੀ ਹੈ। ਇਕ ਨਾਮ ਦੀ ਧੁਨ ਸੁਣ ਕੇ ਲਗਦੀ ਹੈ। ਇਕ ਨੂੰ 'ਸਾਗਰਭ' ਸਮਾਧੀ ਕਹਿੰਦੇ ਹਨ 'ਆਗਰਭ' ਸਮਾਧੀ ਕਹਿੰਦੇ ਹਨ। ਜਿਹੜੀ ਸਮਾਧੀ ਸ਼ਬਦ ਨਾਲ ਹੁੰਦੀ ਹੈ ਉਹ 'ਸਾਗਰਭ' ਸਮਾਧੀ ਹੁੰਦੀ ਹੈ। ਜਿਹੜੀ ਸਮਾਧੀ ਆਤਮ ਵੀਚਾਰ ਨਾਲ ਲਗਦੀ ਹੈ ਉਹ 'ਅਗਰਭ' ਸਮਾਧੀ ਹੁੰਦੀ ਹੈ - ਸ਼ਬਦ ਤੋਂ ਰਹਿਤ। ਸੋ ਇਹ ਦੋਨੋਂ ਚੀਜ਼ਾਂ ਸਾਵਿਕਲਪ ਹੁੰਦੀਆਂ ਹਨ। ਇਸ ਦੇ ਉਪਰ ਨਿਰਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਕੋਈ ਵੀ ਫੁਰਨਾ ਨਹੀਂ ਹੁੰਦਾ, ਇਕ ਭਾਵਨਾ ਦੇ ਨਾਲ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਇਕ ਬ੍ਰਹਮ ਦੀ ਅਵਸਥਾ ਵਿਚ ਆ ਕੇ ਟਿਕ ਜਾਂਦਾ ਹੈ, ਆਪਣੇ ਆਪ ਨੂੰ ਭੁਲ ਕੇ 'ਤ੍ਰਿਕੁਟੀ' ਦਾ ਖਾਤਮਾ ਹੋ ਜਾਂਦਾ ਹੈ।

ਇਸ ਤੋਂ ਅੱਗੇ ਸਾਧ ਸੰਗਤ ਜੀ ਜਿਸ ਨੂੰ 'ਸਹਿਜ ਸਮਾਧ' ਆਖਦੇ ਹਨ ਉਹ ਹੁੰਦੀ ਹੈ, ਸਹਿਜ ਸਮਾਧ ਦੇ ਅੰਦਰ ਜਿੰਨੇ ਰਾਗ-ਦ੍ਵੈਦ, ਹਰਖ-ਸੋਗ, ਦੁਖ-ਸੁਖ, ਪਾਪ-ਪੁੰਨ, ਕਰਮ-ਅਕਰਮ, ਸ਼ੁਭ-ਅਸ਼ੁਭ, ਧਰਮ-ਅਧਰਮ, ਲਾਭ-ਹਾਨ, ਸ਼ਤਰੂ-ਮਿਤ੍ਰ, ਮੈਂ-ਤੂੰ-ਜੀਵ, ਕੱਲ-ਅੱਜ ਸਾਰੀਆਂ ਚੀਜ਼ਾਂ ਕਾਲ ਵਗੈਰਾ ਸਭ ਭੁਲ ਕੇ ਬੇਅੰਤ ਸ਼ਤਰੂ ਮਿਤ੍ਰ ਸਭ ਚੀਜ਼ਾਂ ਨੂੰ ਭੁਲਾ ਕੇ ਕੇਵਲ ਪ੍ਰਮੇਸ਼ਰ ਹੀ ਪ੍ਰਮੇਸ਼ਰ ਸਭ ਥਾਂ ਤੇ ਨਜ਼ਰ ਆਉਂਦਾ ਹੈ। ਉਹਦੇ ਵਿਚ ਨਾ ਬੰਧ ਹੈ, ਨਾ ਜਨਮ ਹੈ, ਨਾ ਮੋਖਸ਼ ਹੈ, ਨਾ ਪਾਪ ਹੈ, ਨਾ ਪੁੰਨ ਹੈ, ਸਾਰੀਆਂ ਬਿਰਤੀਆਂ ਸਾਰੀਆਂ ਤ੍ਰਿਕੁਟੀਆਂ, ਗਿਆਤਾ ਗਿਆਨ ਗੇਯ, ਧਿਆਤਾ ਧਿਆਨ ਧੇਅ ਦੀ ਤ੍ਰਿਕੁਟੀ ਦ੍ਰਿਸ਼ ਤੇ ਦ੍ਰਿਸ਼ਟਾ ਦੀ ਇਹ ਸਾਰੀਆਂ ਤ੍ਰਿਕੁਟੀਆਂ ਛੱਡ ਕੇ ਕੇਵਲ ਇਸ ਭਾਵ ਵਿਚ ਕਿ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਇਸ ਭਾਵ ਵਿਚ ਲੀਨ ਹੋ ਜਾਣਾ, ਉਸ ਨੂੰ 'ਸਹਿਜ ਸਮਾਧ ਕਹਿੰਦੇ ਹਨ। ਸੋ ਐਸੀ ਸਮਾਧ ਆਤਮ ਚਿੰਤਨ ਦੇ ਨਾਲ ਹੋਇਆ ਕਰਦੀ ਹੈ। ਸੋ ਇਸ ਦਾ ਰਸ ਓਹੀ ਜਾਣਦਾ ਹੈ ਜੋ ਇਸ ਵਿਚ ਪਿਆ ਹੋਵੇ।

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੈ -2, 2.***
***ਸੋ ਰਸ ਸੋਈ ਜਾਣੈ, ਸੋ ਰਸ ਸੋਈ ਜਾਣੈ -2, 2.***
***ਸਹਿਜ ਸਮਾਧ ਲਗੀ ਲਿਵ ਅੰਤਰ,... -2.***

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥***
***ਪੰਨਾ - 106***

ਲਿਵ ਲਗੀ ਹੋਈ ਹੈ ਅੰਦਰ। ਜਿਸ ਤਰ੍ਹਾਂ ਤੇਲ ਦੀ ਧਾਰ ਪਿਆ ਕਰਦੀ ਹੈ, ਬਰੇਕ ਨਹੀਂ ਆਉਂਦਾ ਇਸ ਤਰ੍ਹਾਂ ਇਕ ਟਕ ਸਮਾਧੀ ਵਿਚ ਲੀਨ ਹੈ, ਨਾ ਉਥੇ ਮੈਂ ਹੈ, ਨਾ ਤੂੰ ਹੈ, ਨਾ ਹੁਣ ਹੈ, ਨਾ ਹੋਏਗਾ, ਨਾ ਹੈਗਾ, ਉਥੇ ਕੋਈ ਚੀਜ਼ ਭੂਤ ਭਵਿੱਖ ਵਰਤਮਾਨ ਕੁਝ ਨਹੀਂ ਹੁੰਦਾ, ਜੇ ਹੁੰਦਾ ਹੈ ਤਾਂ ਕੇਵਲ ਸਾਖੀ ਪਦ ਹੁੰਦਾ ਹੈ। ਕੇਵਲ ਆਪਣਾ ਆਪ ਹੋਇਆ ਕਰਦਾ ਹੈ। ਆਪਣੇ ਆਪ ਤੋਂ ਬਗੈਰ ਕੋਈ ਚੀਜ਼ ਨਹੀਂ ਹੁੰਦੀ ਪ੍ਰਭੂ ਦੀ ਲੀਨਤਾ ਵਿਚ ਹੋ ਕੇ, ਸਾਖੀ ਹੋ ਕੇ ਸਾਰੀ ਚੀਜ਼ ਦੇਖਦਾ ਹੈ, ਸੋ ਉਸ ਨੂੰ 'ਅਨਹਦ ਸੁੰਨ' ਕਹਿੰਦੇ ਹਨ। ਬਾਣੀ ਵਿਚ ਐਸੀਆਂ ਗੱਲਾਂ ਆਉਂਦੀਆਂ ਹਨ -

***ਅਨਹਤ ਸੁੰਨਿ ਰਤੇ ਸੇ ਕੈਸੇ॥*** ***ਪੰਨਾ - 943***

ਕਿਉਂਕਿ ਪਤਾ ਨਹੀਂ ਲਗਦਾ ਇਸ ਕਰਕੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਮਹਾਰਾਜ ਕਿਥੇ ਦੀ ਗੱਲ ਕਰ ਰਹੇ ਹਨ। ਤੁਰੀਆ ਅਵਸਥਾ ਸਾਰੀਆਂ ਚੌਥੇ ਪਦ ਦੀਆਂ ਗੱਲਾਂ ਹਨ। ਸੋ ਅਨਹਤ ਸੁੰਨ ਦੇ ਵਿਚ ਰੱਤੇ ਹੁੰਦੇ ਹਨ, ਲੀਨ ਹੋਏ ਹੁੰਦੇ ਹਨ ਤੇ ਉਹਨਾਂ ਦੀ ਅਵਸਥਾ ਕੈਸੀ ਹੁੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਰੱਤੇ ਸੇ ਕੈਸੇ ਅਨਹਤ ਸੁੰਨ -2, 2.***
***ਅਨਹਦ ਸੁੰਨ ਰੱਤੇ ਸੇ ਕੈਸੇ -2, 2.***
***ਰੱਤੇ ਸੇ ਕੈਸੇ ਅਨਹਤ ਸੁੰਨ.......।***

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥*** ***ਪੰਨਾ - 943***

ਕੈਸੇ ਨੇ ਉਹ? ਮਹਾਰਾਜ ਕਹਿੰਦੇ ਹਨ -

***ਜਿਸ ਤੇ ਉਪਜੇ ਤਿਸਹੀ ਜੈਸੇ॥*** ***ਪੰਨਾ - 943***

ਉਹ ਆਪਣੇ source ਵਿਚ ਮਿਲ ਗਏ। ਸਾਧਸੰਗਤ ਜੀ, ਚਲਦਾ ਚਲਦਾ ਕਤਰਾ ਵੀ ਵਿਚ ਰਲਿਆ, ਨਦੀ ਚਲਦੀ ਚਲਦੀ ਆਪਣੇ source ਸਮੁੰਦਰ ਵਿਚ ਰਲ ਗਈ, ਪਹਿਲਾਂ ਸਮੁੰਦਰ ਵਿਚੋਂ ਸੂਰਜ ਨਾਲ ਭਾਫ ਉਠੀ, ਫੇਰ ਗਰਦ ਗਵਾਰ ਨਾਲ ਰਲ ਕੇ ਬੱਦਲ ਬਣ ਗਈ, ਦੂਰ ਤੱਕ ਹਵਾ ਦੇ ਨਾਲ ਸਫਰ ਕਰਦੀ ਰਹੀ, ਕਿਧਰੇ ਆ ਕੇ ਵਰਖਾ ਕੀਤੀ,

(ਬਾਕੀ ਪੰਨਾ 52 ਤੇ)



Sri Satguru Jagjit Singh Ji eLibrary NamdhariElibrary@gmail.com

# ਧੰਨ ਸੁ ਦੇਸੁ ਜਹਾਂ ਤੂੰ ਵਸਿਆ

***ਇੰਜ: ਜਸਵੰਤ ਸਿੰਘ ਸਿਆਣ***

ਇਹ ਬਾਣੀ ਦੀ ਪਵਿੱਤਰ ਪੰਕਤੀ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਮਹਾਰਾਜ ਦੇ, ਰਾਗ ਮਾਝ ਵਿਚ ਉਚਾਰਣ ਕੀਤੇ ਸ਼ਬਦ ਵਿਚੋਂ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 97 ਤੇ ਸੁਭਾਇਮਾਨ ਹੈ। ਸਮੁੱਚੇ ਸ਼ਬਦ ਵਿਚ ਸਤਿਗੁਰੂ ਜੀ ਆਪਣੇ ਆਪ ਨੂੰ ਪ੍ਰਤੀਕ ਬਣਾ ਕੇ ਜਗਿਆਸੂ ਦੇ ਹਿਰਦੇ ਵਿਚ, ਜੋ ਗੁਰੂ ਦੇ ਵਿਛੋੜੇ ਦੀ ਤੜਪ ਹੁੰਦੀ ਹੈ, ਉਸ ਦਾ ਵਰਨਣ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੇਰਾ ਮਨ, ਗੁਰੂ ਦੇ ਦਰਸ਼ਨਾਂ ਲਈ ਇਸ ਤਰ੍ਹਾਂ ਲੋਚਦਾ ਹੈ, ਜਿਵੇਂ ਪਪੀਹਾ ਸਵਾਂਤੀ ਬੂੰਦ ਦੀ ਪ੍ਰਾਪਤੀ ਲਈ ਤਰਲੇ ਲੈਂਦਾ ਹੋਵੇ। ਗੁਰੂ ਦੇ ਪਿਆਰ ਵਿਚ ਰੱਤੇ ਜਗਿਆਸੂ ਰੂਪੀ ਪਪੀਹੇ ਦੀ ਆਤਮਕ ਪਿਆਸ ਤਾਂ ਗੁਰੂ ਦੇ ਦਰਸ਼ਨਾਂ ਨਾਲ ਹੀ ਬੁਝ ਸਕਦੀ ਹੈ, ਮਨ ਗੁਰੂ ਦੇ ਦਰਸ਼ਨਾਂ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਧੀਰਜ ਨਹੀਂ ਧਰਦਾ। ਬਚਨ ਹੈ -

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥ ਪੰਨਾ - 97***

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੈਂ ਆਪਣੇ ਗੁਰੂ ਦੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹਾਂ, ਸਦਕੇ ਜਾਂਦਾ ਹਾਂ ਕਿਉਂਕਿ ਗੁਰੂ ਪ੍ਰਮੇਸ਼ਰ ਦਾ ਦਰਸ਼ਨ ਤਾਂ ਤਪਦੇ ਹਿਰਦਿਆਂ ਨੂੰ ਠਾਰ ਕੇ ਮਨ ਦੀ ਅਸ਼ਾਂਤੀ ਅਤੇ ਤੜਪ ਨੂੰ ਦੂਰ ਕਰਕੇ ਆਤਮਕ-ਅਨੰਦ ਦੀ ਪ੍ਰਾਪਤੀ ਦਾ ਸਾਧਨ ਬਣਦਾ ਹੈ। ਸੋ ਉਹ ਹਿਰਦਾ ਰੂਪੀ ਘਰ ਧੰਨ ਹੈ, ਪੂਜਣ ਯੋਗ ਹੈ, ਜਿਸ ਥਾਂ ਤੇ ਉਸ ਪ੍ਰਭੂ ਦਾ ਨਿਵਾਸ ਹੈ।

***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥***
***ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥***
***ਚਿਰੁ ਹੋਆ ਦੇਖੇ ਸਾਰਿੰਗਪਾਣੀ॥***
***ਧੰਨੁ ਸੁ ਦੇਸੁ ਜਹਾ ਤੂੰ ਵਸਿਆ***
***ਮੇਰੇ ਸਜਣ ਮੀਤ ਮੁਰਾਰੇ ਜੀਉ॥ ਪੰਨਾ - 97***

ਇਕ ਵਾਰੀ ਬਹੁਤ ਸਾਰੇ ਜੋਗੀਆਂ ਦੇ ਟੋਲੇ, ਭਗਤ ਕਬੀਰ ਜੀ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਦਰਸ਼ਨਾਂ ਨੂੰ ਆਏ ਤੇ ਪੁੱਛਣ ਲੱਗੇ, ਭਗਤ ਜੀ! ਸਰੀਰ ਨੂੰ ਕਸ਼ਟ ਦੇ ਦੇ ਕੇ ਅਸੀਂ ਹੱਠ ਯੋਗ ਰਾਹੀਂ ਬਹੁਤ ਸਾਰੀਆਂ ਰਿਧੀਆਂ ਸਿਧੀਆਂ ਤਾਂ ਪ੍ਰਾਪਤ ਕਰ ਲਈਆਂ ਹਨ ਪਰ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਈ ਤੇ ਨਾ ਹੀ ਸਾਨੂੰ ਉਸ ਪ੍ਰਮੇਸ਼ਰ ਦਾ ਅਸਲ ਠਿਕਾਣਾ ਲੱਭਾ ਹੈ। ਕ੍ਰਿਪਾ ਕਰਕੇ ਸਾਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਅਸਲੀ ਮਾਰਗ ਦੱਸੋ। ਬਹੁਤ ਸਾਰੇ ਨਾਂਗੇ ਸਾਧੂ ਜੋ ਉਨ੍ਹਾਂ ਨੂੰ ਮਿਲਣ ਆਏ ਸੀ, ਸਰੀਰ ਤੇ ਕੋਈ ਵੀ ਕੱਪੜਾ ਨਹੀਂ ਸਨ ਪਹਿਨਦੇ, ਉਨ੍ਹਾਂ ਨੂੰ ਸੰਬੋਧਨ ਕਰਕੇ ਭਗਤ ਜੀ ਉਚਾਰਣ ਲੱਗੇ -

***ਨਗਨ ਫਿਰਤ ਜੌ ਪਾਈਐ ਜੋਗੁ॥***
***ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥***
***ਕਿਆ ਨਾਗੇ ਕਿਆ ਬਾਧੇ ਚਾਮ॥***
***ਜਬ ਨਹੀ ਚੀਨਸਿ ਆਤਮ ਰਾਮ॥ ਪੰਨਾ - 324***

ਕਹਿੰਦੇ ਜੇ ਕੇਵਲ ਨੰਗੇ ਰਹਿਣ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਤਾਂ ਜੰਗਲਾਂ ਵਿਚ ਰਹਿਣ ਵਾਲੇ ਮਿਰਗ ਵਰਗੇ ਅਨੇਕਾਂ ਜਾਨਵਰਾਂ ਨੂੰ ਵੀ ਉਹ ਪ੍ਰਭੂ ਮਿਲ ਜਾਂਦਾ, ਜੋ ਸਦਾ ਨਗਨ ਅਵਸਥਾ ਵਿਚ ਘੁੰਮਦੇ ਰਹਿੰਦੇ ਹਨ। ਸੋ ਭਾਈ, ਕੇਵਲ ਨੰਗੇ ਰਹਿ ਕੇ ਇਹ ਇੱਛਾ ਰੱਖਣੀ ਕਿ ਪ੍ਰਭੂ ਮਿਲ ਜਾਏਗਾ, ਸਰਾਸਰ ਗਲਤ ਹੈ। ਜਦੋਂ ਤੱਕ ਕਿ ਉਸ ਪ੍ਰਭੂ ਦੀ ਅੰਤਰ ਆਤਮੇ ਖੋਜ ਨਹੀਂ ਕੀਤੀ ਜਾਂਦੀ, ਉਸਦੀ ਪ੍ਰਾਪਤੀ ਨਹੀਂ ਹੋ ਸਕਦੀ।

ਫਿਰ ਉਹ ਜੋਗੀ ਜੋ ਕੇਵਲ ਸਿਰ ਦੇ ਵਾਲ ਲੁਹਾ ਕੇ ਹੀ ਸੋਚਦੇ ਸਨ ਕਿ ਰੱਬ ਮਿਲ ਪਏਗਾ, ਉਨ੍ਹਾਂ ਨੂੰ ਸੰਬੋਧਨ ਕਰਕੇ ਭਗਤ ਜੀ ਨੇ ਫੁਰਮਾਨ ਕੀਤਾ -

***ਮੂਡ ਮੁੰਡਾਏ ਜੌ ਸਿਧਿ ਪਾਈ॥***
***ਮੁਕਤੀ ਭੇਡ ਨ ਗਈਆ ਕਾਈ॥ ਪੰਨਾ - 324***

ਕਹਿੰਦੇ ਜੇ ਤੁਹਾਡੇ ਵਾਂਗੂ ਮੂੰਡ ਮੁੰਡਾ ਕੇ ਰੱਬ ਦੀ ਪ੍ਰਾਪਤੀ ਹੋ ਜਾਂਦੀ ਤਾਂ ਵਿਚਾਰੀ ਭੇਡ ਨੂੰ ਤਾਂ, ਉਸਦਾ ਮਾਲਕ ਉੱਨ ਉਤਾਰਨ ਲਈ ਮੁੰਨਦਾ ਹੀ ਰਹਿੰਦਾ ਹੈ, ਉਸ ਨੂੰ ਵੀ ਉਹ ਰੱਬ ਮਿਲ ਜਾਣਾ ਚਾਹੀਦਾ ਸੀ। ਫਿਰ ਉਹ ਜੋਗੀ ਜੋ ਕੇਵਲ ਜਤ-ਸਤ ਰੱਖ ਕੇ ਹੀ ਪ੍ਰਭੂ ਦੀ ਪ੍ਰਾਪਤੀ ਕਰਨਾ ਲੋਚਦੇ ਸਨ, ਉਨ੍ਹਾਂ ਨੂੰ ਭਗਤ ਜੀ ਨੇ ਦੱਸਿਆ ਕਿ ਭਾਈ ਜੇ ਕੇਵਲ ਜਤ-ਸਤ ਰੱਖਣ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਤਾਂ ਖੁਸਰੇ ਨੂੰ ਕਿਉਂ ਨਾ ਉਸਦੀ ਪ੍ਰਾਪਤੀ ਹੋਈ।

ਸੋ ਕਬੀਰ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਭਾਈ, ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ ਹੀ ਉਸਦੀ ਪ੍ਰਾਪਤੀ ਹੁੰਦੀ ਹੈ ਤੇ ਉਸਦੇ ਦਰ ਤੇ ਮੁਕਤੀ ਮਿਲਦੀ ਹੈ। ਇਹ ਕਰਮ ਕਾਂਡ ਕਿਸੇ ਵੀ ਕੰਮ ਨਹੀਂ ਆਉਂਦੇ। ਬਚਨ ਕੀਤਾ -

***ਕਹੁ ਕਬੀਰ ਸੁਨਹੁ ਨਰ ਭਾਈ॥***
***ਰਾਮ ਨਾਮ ਬਿਨੁ ਕਿਨਿ ਗਤਿ ਪਾਈ॥ ਪੰਨਾ - 324***

ਸੋ ਪ੍ਰਮੇਸ਼ਰ ਦੇ ਦੇਸ ਤੱਕ ਪਹੁੰਚਣ ਦੇ ਦੋ ਹੀ ਰਸਤੇ ਪ੍ਰਚਲੱਤ ਹਨ। ਇਕ ਹੈ 'ਗਿਆਨ ਮਾਰਗ' ਤੇ ਦੂਜਾ ਹੈ 'ਭਗਤੀ ਮਾਰਗ' ਜਿਸਨੂੰ ਪ੍ਰੇਮ ਦਾ ਮਾਰਗ ਵੀ ਕਿਹਾ ਜਾਂਦਾ ਹੈ। ਦੋਵੇਂ ਹੀ ਰਾਹਾਂ ਤੇ ਤੁਰਿਆ ਮਨੁੱਖ ਭਾਵੇਂ ਆਪਣੇ 'ਧੇਯ' ਤੱਕ ਪਹੁੰਚ ਜਾਂਦਾ ਹੈ ਪਰ 'ਗਿਆਨ ਮਾਰਗ' ਕਲਜੁਗ ਵਿਚ ਵਧੇਰੇ ਅਸਰਦਾਰ ਸਾਬਤ ਨਹੀਂ ਹੁੰਦਾ, ਕਿਉਂਕਿ ਇਸ ਮਾਰਗ ਤੇ ਤੁਰਿਆ ਮਨੁੱਖ ਮੂੰਹ ਨਾਲ ਤਾਂ 'ਅਹੰ-ਬ੍ਰਹਮ-ਅੰਸਵੀ' ਭਾਵ 'ਮੈਂ ਹੀ ਪ੍ਰਮੇਸ਼ਰ ਹਾਂ' ਕਹਿ ਦਿੰਦਾ ਹੈ ਪਰ ਅੰਤਰ ਆਤਮੇ ਉਸਨੇ, ਇਸ ਅਵਸਥਾ ਨੂੰ ਅਜੇ ਪ੍ਰਾਪਤ ਨਹੀਂ ਕੀਤਾ ਹੁੰਦਾ। ਅਜੇ 'ਅਹੰ' ਭਾਵ ਦਾ ਅੰਦਰੋਂ ਪੂਰੀ ਤਰ੍ਹਾਂ ਖਾਤਮਾ ਨਾ ਹੋਣ



Sri Satguru Jagjit Singh Ji eLibrary NamdhariElibrary@gmail.com

ਕਰਕੇ, ਆਪਣੀ ਹਸਤੀ ਨੂੰ 'ਪਰਮ ਹਸਤੀ' ਵਿਚ ਪੂਰੀ ਤਰ੍ਹਾਂ ਲੀਨ ਕਰਨ ਤੋਂ ਅਸਮਰਥ ਹੁੰਦਾ ਹੈ।

ਈਰਖਾ-ਦ੍ਵੈਸ਼, ਹਾਨ-ਲਾਭ, ਮਾਨ-ਅਪਮਾਨ ਦੀਆਂ ਲਹਿਰਾਂ ਅਜੇ ਅੰਦਰ ਚਲਦੀਆਂ ਹਨ ਤੇ ਇਹ ਕੇਵਲ ਬੁੱਧੀ ਮੰਡਲ ਦਾ ਗਿਆਨ ਬਣ ਕੇ ਹੀ ਰਹਿ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਨ ਕਰਦੇ ਹਨ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥***
***ਪੰਨਾ - 930***

ਸੋ ਪ੍ਰਭੂ ਨੂੰ ਮਿਲਣ ਦਾ ਦੂਸਰਾ ਰਸਤਾ 'ਭਗਤੀ ਮਾਰਗ' ਕਲਜੁਗ ਵਿਚ ਵਧੇਰੇ ਰਸਦਾਇਕ, ਸੌਖਾ ਅਤੇ ਸ੍ਰੇਸ਼ਟ ਹੈ। ਦੁਨੀਆਂ ਦਾ ਰਚਨਹਾਰ, ਪਿਆਰ ਦਾ ਰੂਪ ਹੋਕੇ ਆਪਣੀ ਦੁਨੀਆਂ ਨੂੰ ਪਾਲ ਰਿਹਾ ਹੈ ਤੇ ਪਿਆਰ ਦਾ ਰੂਪ ਹੋ ਕੇ ਹੀ ਸੰਸਾਰ ਵਿਚ ਰਮਿਆ ਹੋਇਆ ਹੈ। ਦਸਮ ਪਿਤਾ ਜੀ ਫ਼ੁਰਮਾਨ ਕਰਦੇ ਹਨ -

***ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਸੋ ਉਸਨੇ ਪਿਆਰ ਨੂੰ ਪ੍ਰਚੰਡ ਕਰਨ ਵਾਸਤੇ ਹੀ ਇਹ ਦੁਨੀਆਂ ਬਣਾਈ ਹੈ ਤੇ ਪਿਆਰ ਦਾ ਰੂਪ ਹੋ ਕੇ ਹੀ ਆਪਣੇ ਜੀਵਾਂ ਤੇ ਦਇਆ ਦ੍ਰਿਸ਼ਟੀ ਨਾਲ ਵਿਚਰਦਾ ਹੈ ਤੇ ਆਪ ਦਇਆ ਦਾ ਸਾਗਰ ਹੈ।

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275***

ਸੋ ਉਸ ਦਇਆ ਦੇ ਖਜ਼ਾਨੇ, ਪਿਆਰ ਦੇ ਸਾਗਰ ਪ੍ਰਭੂ ਨੂੰ ਪਿਆਰ ਕਰਨ ਵਾਲਾ, ਆਪਣੀ ਹਸਤੀ ਨੂੰ ਮਿਟਾ ਕੇ, ਉਸ ਦੇ ਦੇਸ਼ ਦਾ ਵਾਸੀ ਹੋ ਜਾਂਦਾ ਹੈ। ਪਿਆਰ ਵਿਚ ਕੋਈ ਵੀ ਗਿਲਾ ਸ਼ਿਕਵਾ, ਮੰਗ, ਇੱਛਾ ਅਤੇ ਸ਼ਰਤ ਨਹੀਂ ਹੋਇਆ ਕਰਦੀ। ਇਸ ਤਰ੍ਹਾਂ ਪ੍ਰਭੂ ਦਾ ਅਨਿੰਨ ਭਗਤ, ਛੋਟੀ ਤੋਂ ਛੋਟੀ ਵਿਥ ਨੂੰ ਵੀ ਮਿਟਾ ਕੇ, ਆਪਣੇ ਪਿਆਰੇ ਵਿਚ ਲੀਨ ਹੋ ਜਾਂਦਾ ਹੈ ਤੇ ਉਸਦਾ ਪਿਆਰ ਹੀ ਉਸਦੀ ਜ਼ਿੰਦਗੀ ਦਾ ਅਧਾਰ ਬਣ ਜਾਂਦਾ ਹੈ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਇਕ ਪਲ ਨਹੀਂ ਰਹਿ ਸਕਦੀ, ਸਵਾਂਤੀ ਬੂੰਦ ਤੋਂ ਬਿਨਾਂ ਪਪੀਹੇ ਦੀ ਤ੍ਰਿਪਤੀ ਨਹੀਂ ਹੋ ਸਕਦੀ, ਹਿਰਨ ਨੂੰ ਘੰਡੇਹੇੜੇ ਦੀ ਅਵਾਜ਼ ਮੋਹ ਲੈਂਦੀ ਹੈ, ਭੰਵਰਾ ਫੁੱਲਾਂ ਦੀ ਸੁਗੰਧੀ ਦਾ ਆਸ਼ਕ, ਫੁੱਲ ਦੇ ਅੰਦਰ ਬੰਦ ਹੋ ਕੇ ਆਪਾ ਕੁਰਬਾਨ ਕਰ ਦਿੰਦਾ ਹੈ, ਤਿਉਂ ਉਸ ਪ੍ਰਮੇਸ਼ਰ ਨੂੰ ਪਿਆਰ ਕਰਨ ਵਾਲੇ, ਉਸਦੇ ਪਿਆਰ ਵਿਚ ਉਸਦਾ ਦਰਸ਼ਨ ਕਰਕੇ ਜੀਉਂਦੇ ਹਨ। ਗੁਰਬਾਣੀ ਦਾ ਫ਼ੁਰਮਾਨ ਹੈ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ - 708***

ਸੋ ਸਤਿਗੁਰੂ ਦਸਮ ਪਿਤਾ ਜੀ ਨੇ ਵੀ ਇਸ ਗੱਲ ਦਾ ਨਿਰਣਾ ਆਪਣੀ ਬਾਣੀ ਵਿਚ ਕੀਤਾ ਹੈ ਕਿ ਜਿਨ੍ਹਾਂ ਨੇ ਉਸ ਪ੍ਰਭੂ ਨੂੰ ਪ੍ਰੇਮ ਕੀਤਾ ਹੈ, ਉਨ੍ਹਾਂ ਨੇ ਆਪਣੇ ਪ੍ਰੇਮ ਦੇ ਨਾਲ, ਉਸ ਨੂੰ ਪਾ ਲਿਆ ਹੈ। ਫ਼ੁਰਮਾਨ ਹੈ -

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***
***ਤ੍ਵਪ੍ਰਸਾਦਿ ਸ੍ਵਯੇ***

ਸੋ ਪ੍ਰੇਮਾ ਭਗਤੀ ਮਾਰਗ ਇਸਤ੍ਰੀ ਮਾਰਗ ਹੈ। ਪ੍ਰਭੂ ਦੀ ਮਾਇਆ ਵੀ ਸੰਸਾਰ ਵਿਚ ਇਸਤ੍ਰੀ ਰੂਪ ਹੋ ਕੇ ਵਿਚਰ ਰਹੀ ਹੈ। ਸੋ ਮਾਇਆ ਰੂਪੀ ਇਸਤ੍ਰੀ, ਭਗਤੀ ਮਾਰਗ ਰੂਪੀ ਇਸਤ੍ਰੀ ਨੂੰ ਮੋਹ ਨਹੀਂ ਸਕਦੀ ਜਦੋਂ ਕਿ ਗਿਆਨ ਮਾਰਗ 'ਨਰ-ਮਾਰਗ' ਹੋਣ ਕਰਕੇ ਇਸਤ੍ਰੀ ਰੂਪੀ ਮਾਇਆ ਇਸ ਨੂੰ ਕਿਸੇ ਵੇਲੇ ਵੀ ਛਲ ਸਕਦੀ ਹੈ।

ਇਕ ਵਾਰੀ ਨਾਰਦ ਨੇ ਕਿਹਾ ਕਿ ਹੇ ਪ੍ਰਭੂ, "ਤੁਸੀਂ ਮੈਨੂੰ ਆਪਣਾ ਰਹਿਣ ਦਾ ਅਸਲੀ ਠਿਕਾਣਾ ਦੱਸੋ। ਤਾਂ ਪ੍ਰਭੂ ਨੇ ਉਤਰ ਦਿਤਾ ਕਿ ਹੇ ਨਾਰਦ! ਸੰਸਾਰ ਦੇ ਲੋਕੀ ਮੈਨੂੰ ਜੰਗਲਾਂ ਵਿਚ ਭਾਲਦੇ ਨੇ, ਕੋਈ ਮੈਨੂੰ ਧਰਤੀ ਅਤੇ ਅਸਮਾਨ ਵਿਚ ਲੱਭਦਾ ਹੈ, ਕੋਈ ਯੋਗੀਆਂ ਦੀਆਂ ਸੁੰਨ ਸਮਾਧੀਆਂ ਵਿਚ, ਕੋਈ ਮੈਨੂੰ ਪਰਬਤਾਂ ਦੀਆਂ ਕੰਦਰਾਂ ਵਿਚ ਖੋਜਦਾ ਹੈ। ਪਰ ਪਿਆਰਿਆ! ਮੈਂ ਤਾਂ ਉਥੇ ਨਿਵਾਸ ਰੱਖਦਾ ਹਾਂ ਜਿਥੇ ਮੇਰੇ ਪਿਆਰੇ, ਮੇਰੇ ਪ੍ਰੇਮ ਰੰਗ ਵਿਚ ਰੱਤੇ, ਮੈਨੂੰ ਯਾਦ ਕਰਦੇ ਹਨ। ਉਹਨਾਂ ਦਾ ਹਿਰਦਾ ਰੂਪੀ ਘਰ ਹੀ ਮੇਰੇ ਰਹਿਣ ਦਾ ਅਸਲ ਠਿਕਾਣਾ ਹੈ।

ਇਸੇ ਤਰ੍ਹਾਂ ਦਾ ਸਵਾਲ ਪ੍ਰਮੇਸ਼ਰ ਨੂੰ ਭਗਤ ਨਾਮਦੇਵ ਜੀ ਨੇ ਵੀ ਕੀਤਾ ਸੀ ਕਿ ਹੇ ਪ੍ਰਭੂ! ਜਦੋਂ ਮੈਂ ਆਪ ਨੂੰ ਯਾਦ ਕਰਦਾ ਹਾਂ ਤੁਸੀਂ ਦਰਸ਼ਨ ਦਿੰਦੇ ਹੋ। ਸਾਰੀ ਕਾਇਨਾਤ ਆਪ ਜੀ ਦੇ ਵਸ ਵਿਚ ਹੈ। ਕੀ ਤੁਹਾਨੂੰ ਵੀ ਕੋਈ ਵਸ ਵਿਚ ਕਰ ਸਕਦਾ ਹੈ? ਪ੍ਰਭੂ ਜੀ ਵਲੋਂ ਜਵਾਬ ਮਿਲਿਆ, ਨਾਮਦੇਵ! ਮੈਨੂੰ ਪਿਆਰ ਕਰਨ ਵਾਲੇ, ਜਿਨ੍ਹਾਂ ਨੇ ਸੰਸਾਰ ਨਾਲੋਂ ਸਭ ਪ੍ਰੀਤਾਂ ਤੋੜ ਕੇ ਮੇਰੇ ਨਾਲ ਪ੍ਰੀਤ ਪਾਈ ਹੈ, ਮੇਰੇ ਅਨਿੰਨ ਭਗਤ ਹੋ ਚੁੱਕੇ ਹਨ, ਉਹ ਮੇਰਾ ਹੀ ਰੂਪ ਹੋ ਜਾਂਦੇ ਹਨ। ਉਨ੍ਹਾਂ ਵਿਚ ਅਤੇ ਔਰ ਮੇਰੇ ਵਿਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ। ਉਨ੍ਹਾਂ ਦੇ ਦਰਸ਼ਨ ਵੀ ਬੜੇ ਦੁਰਲੱਭ ਹੋਇਆ ਕਰਦੇ ਹਨ ਤੇ ਉਚੇ ਭਾਗਾਂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੇ, ਮੈਂ ਅਜਿਹੇ ਆਪਣੇ ਪਿਆਰਿਆਂ ਦੇ ਵਸ ਵਿਚ ਆ ਜਾਂਦਾ ਹਾਂ। ਉਨ੍ਹਾਂ ਦਾ ਦਰਸ਼ਨ ਕੀਤਿਆਂ, ਆਧੀ-ਬਿਆਧੀ ਅਤੇ ਉਪਾਧੀ ਦੇ ਤਿੰਨੇ ਤਾਪ ਦੂਰ ਹੋ ਜਾਂਦੇ ਹਨ ਤੇ ਉਨ੍ਹਾਂ ਮੇਰੇ ਪਿਆਰਿਆਂ ਦੀ ਚਰਨ ਛੋਹ ਪ੍ਰਾਪਤ ਕਰਨ ਨਾਲ, ਬੰਦਾ ਘਰ-ਗ੍ਰਿਹਸਤੀ ਦੇ ਜੰਜਾਲ ਰੂਪੀ ਖੂਹ ਵਿਚੋਂ ਨਿਕਲ ਜਾਂਦਾ ਹੈ।

***ਦਾਸ ਅਨਿੰਨ ਮੇਰੋ ਨਿਜ ਰੂਪ॥***
***ਦਰਸਨ ਨਿਮਖ ਤਾਪ ਤ੍ਰਈ ਮੋਚਨ***
***ਪਰਸਤ ਮੁਕਤਿ ਕਰਤ ਗ੍ਰਿਹ ਕੂਪ॥ ਪੰਨਾ - 1252***

ਕਹਿਣ ਲੱਗੇ ਇਹੋ ਜਿਹੇ ਮੇਰੇ ਅਨਿੰਨ ਭਗਤਾਂ ਨੇ, ਮੇਰੇ ਰਹਿਣ ਦਾ ਅਸਲੀ ਠਿਕਾਣਾ ਲੱਭ ਕੇ ਮੈਨੂੰ ਅੰਤਰ ਆਤਮੇ ਖੋਜ ਲਿਆ ਹੈ। ਉਹ ਮੇਰੀ ਬੰਧੀ ਹੋਈ ਕਿਸੇ ਵੀ ਗੰਢ ਨੂੰ ਖੋਲ



Sri Satguru Jagjit Singh Ji eLibrary NamdhariElibrary@gmail.com

ਸਕਦੇ ਹਨ ਪਰ ਪਿਆਰਿਆ, ਜੇ ਉਹ ਇਕ ਵਾਰੀ ਮੈਨੂੰ ਕਿਸੇ ਗੰਢ ਵਿਚ ਬੰਨ੍ਹ ਲੈਣ ਤਾਂ ਮੇਰੇ ਕੋਲ ਛੁੱਟਣ ਦਾ ਕੋਈ ਵਸੀਲਾ ਨਹੀਂ ਰਹਿ ਜਾਂਦਾ। ਠੀਕ ਹੈ, ਮੈਂ ਸਾਰੇ ਸੰਸਾਰ ਦੇ ਜੀਵਾਂ ਦਾ ਜੀਵਨ ਅਧਾਰ ਹਾਂ ਪਰ ਮੇਰੀ ਜਿੰਦਗੀ ਦਾ ਅਧਾਰ, ਮੈਨੂੰ ਪਿਆਰ ਕਰਨ ਵਾਲੇ ਮੇਰੇ ਪਿਆਰੇ ਭਗਤ ਹਨ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥***
***ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ॥***
***ਪੰਨਾ – 1252***

ਸੋ ਅਨੰਤ ਸ਼ਕਤੀਆਂ ਦਾ ਮਾਲਕ ਪ੍ਰਭੂ ਜਿਸਦੇ ਹੁਕਮ ਵਿਚ ਪੂਰੀ ਕਾਇਨਾਤ, ਅਕਾਸ਼, ਪਾਤਾਲ, ਧਰਤੀਆਂ, ਚੰਦ, ਸੂਰਜ ਆਦਿ ਪੂਰੀ ਮਰਿਯਾਦਾ ਵਿਚ ਟਿਕੇ ਹੋਏ ਹਨ, ਉਹ ਨਾ ਤਾਂ ਬਹੁਤੀਆਂ ਮਿੰਨਤਾਂ ਤਰਲੇ ਕੀਤਿਆਂ ਵਸ ਵਿਚ ਆਉਂਦਾ ਹੈ, ਨਾ ਹੀ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਕੇ, ਨਾ ਹੀ 68 ਤੀਰਥਾਂ ਦਾ ਇਸ਼ਨਾਨ ਕਰਨ ਨਾਲ, ਤੇ ਨਾ ਹੀ ਉਹ ਉਸਦੀ ਬਣਾਈ ਹੋਈ ਦੁਨੀਆਂ ਤੇ ਕੋਈ ਘੁੰਮ ਆਵੇ ਉਸ ਤੇ, ਨਾ ਹੀ ਬਹੁਤ ਦਾਨ ਪੁੰਨ ਕਰਨ ਵਾਲਿਆਂ ਦੇ ਵਸ ਵਿਚ ਆਉਂਦਾ ਹੈ। ਉਹ ਸਾਰੀ ਦੁਨੀਆਂ ਨੂੰ ਆਪਣੇ ਹੁਕਮ ਵਿਚ ਚਲਾਉਣ ਵਾਲਾ ਆਪਣੇ ਪਿਆਰੇ ਭਗਤਾਂ ਦੇ ਵਸ ਵਿਚ ਆ ਜਾਂਦਾ ਹੈ। ਜਿਨ੍ਹਾਂ ਨੇ ਉਸ ਨਾਲ ਪ੍ਰੀਤ ਦੀਆਂ ਤੰਦਾਂ ਪਾ ਕੇ, ਉਸਦੀ ਯਾਦ ਆਪਣੇ ਹਿਰਦੇ ਘਰ ਵਿਚ ਵਸਾਈ ਹੋਈ ਹੈ। ਉਸਦੇ ਪਿਆਰੇ ਭਗਤ ਵੀ ਆਪਣੇ ਮਾਲਕ ਦੇ ਤਾਣ ਤੇ ਰਹਿੰਦੇ ਹਨ। ਸਤਿਗੁਰੂ ਜੀ ਬਚਨ ਉਚਾਰਦੇ ਹਨ –

***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥***
***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥***
***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ॥***
***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥***
***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***
***ਪੰਨਾ – 962***

ਸੋ ਭਾਵੇਂ ਉਸ ਪ੍ਰਮੇਸ਼ਰ ਦੀ ਜੋਤ ਘਟਿ ਘਟਿ ਵਿਚ ਰਮੀ ਹੋਈ ਹੈ ਪਰ ਉਸਦੇ ਪ੍ਰਗਟ ਹੋਣ ਦਾ ਅਸਥਾਨ ਕੇਵਲ ਮਨੁੱਖਾ ਸਰੀਰ ਹੈ। ਇਹ ਮਨੁੱਖਾ ਸਰੀਰ ਉਸਨੇ 10 ਦਰਵਾਜਿਆਂ ਵਾਲਾ ਆਪਣੇ ਰਹਿਣ ਲਈ ਬਣਾਇਆ ਹੈ। ਜਿਸਦੇ 9 ਦਰਵਾਜੇ, ਸੰਸਾਰ ਵੱਲ ਨੂੰ ਖੁਲ੍ਹਦੇ ਹਨ ਤੇ ਸੰਸਾਰ ਦਾ ਗਿਆਨ ਦਿੰਦੇ ਹਨ। ਤੇ ਦਸਵਾਂ ਦਰਵਾਜਾ ਜੋ ਗੁਪਤ ਹੈ, ਜਿਸ ਨੂੰ ਦਸਮ ਦੁਆਰ ਕਹਿੰਦੇ ਹਨ, ਉਹ ਪ੍ਰਮੇਸ਼ਰ ਵੱਲ ਨੂੰ ਖੁਲ੍ਹਦਾ ਹੈ ਤੇ ਸੂਖਸ਼ਮ ਰੂਪ ਵਿਚ ਮਨੁੱਖਾ ਸਰੀਰ ਦੇ ਉਪਰਲੇ ਹਿੱਸੇ ਭਾਵ ਦਿਮਾਗ ਵਿਚ ਸਥਿਤ ਹੈ। ਇਹ ਸਰੀਰ ਮਾਨੋ ਇਕ ਹੱਟ ਹੈ, ਹੱਟ ਵਿਚ ਦਿਮਾਗ ਮਾਨੋ ਇਕ ਆਲਾ ਹੈ। ਜਦੋਂ ਇਸ ਦਰਵਾਜੇ ਤੇ ਗੁਰੂ ਵਲੋਂ ਬਖਸ਼ੇ ਨਾਮ, ਭਾਵ 'ਸ਼ਬਦ' ਦੀ ਚੋਟ ਪੈਂਦੀ ਹੈ ਤਾਂ ਇਸ ਵਿਚੋਂ ਪ੍ਰਭੂ ਜੀ ਦੀ ਜੋਤ ਪ੍ਰਗਟ ਹੁੰਦੀ ਹੈ। ਭਗਤ ਬੇਣੀ ਜੀ ਫੁਰਮਾਨ ਕਰਦੇ ਹਨ –

***ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ।***
***ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥***
***ਪੰਨਾ – 974***

ਸੋ ਜਿਸਦੇ ਅੰਦਰ ਇਹ ਪ੍ਰਭੂ ਦੀ ਜੋਤ ਪ੍ਰਗਟ ਹੋ ਜਾਏ ਉਹ ਹਮੇਸ਼ਾ ਮਾਇਆ ਵਲੋਂ ਸੁਚੇਤ ਹੋ ਕੇ ਜਾਗਰਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਨੂੰ ਐਸੀ ਸਹਿਜ ਸਮਾਧ ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਥੇ ਮਾਇਆ ਦੇ ਤਿੰਨੇ ਗੁਣਾਂ ਦਾ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਉਸਦੇ ਹਿਰਦੇ ਵਿਚ ਗੁਰੂ ਦਾ ਨਾਮ, ਮੰਤਰ ਵਸਿਆ ਹੋਣ ਕਰਕੇ ਉਹ ਬਹੁਤ ਹੀ ਵਿਸਮਾਦੀ, ਅਟੱਲ ਅਤੇ ਅਫੁਰ ਅਵਸਥਾ ਨੂੰ ਮਾਣਦਾ ਹੈ। ਸਰੀਰ ਦੇ ਸਾਰੇ ਇੰਦਰੇ ਉਸਦੇ ਕਾਬੂ ਵਿਚ ਹੋ ਜਾਂਦੇ ਹਨ। ਗੁਰੂ ਦੀ ਮੱਤ ਦਾ ਉਸਦੇ ਅੰਦਰ ਪ੍ਰਕਾਸ਼ ਹੋਣ ਕਰਕੇ ਉਹ ਤਨ ਮਨ ਤੇ ਧਨ ਆਪਣੇ ਪਿਆਰੇ ਪ੍ਰੀਤਮ ਦੇ ਪਿਆਰ ਲਈ ਅਰਪਨ ਕਰ ਦਿੰਦਾ ਹੈ।

ਗੁਰੂ ਨਾਨਕ ਸਾਹਿਬ ਜੀ ਵੀ ਅਸਾਨੂੰ ਉਸ ਪ੍ਰਮੇਸ਼ਰ ਦੇ ਰਹਿਣ ਦਾ ਅਸਲੀ ਠਿਕਾਣਾ ਦੱਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ ਜੀ! ਜਿਸ ਥਾਂ ਦੇ ਉਤੇ ਤੇਰਾ ਨਿਵਾਸ ਹੈ, ਉਸ ਥਾਂ ਬਾਰੇ ਕਿਵੇਂ ਦਸਿਆ ਜਾਏ। ਉਸ ਗੁਪਤ ਥਾਂ ਨੂੰ ਕੋਈ ਵਿਰਲਾ ਹੀ ਲੱਭਦਾ ਹੈ। ਮੇਰੀ ਵੀ ਇਹ ਲੋਚਾ ਹੈ ਕਿ ਕੋਈ ਗੁਰੂ ਦਾ ਪਿਆਰਾ ਮੈਨੂੰ ਤੇਰੇ ਰਹਿਣ ਦੇ ਅਸਥਾਨ ਬਾਰੇ ਦੱਸੇ।

***ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ***
***ਦਰਾ ਭੀਤਰਿ ਦਰੁ ਕਵਨੁ ਲਹੈ॥***
***ਜਿਸੁ ਦਰ ਕਾਰਣਿ ਫਿਰਾ ਉਦਾਸੀ***
***ਸੋ ਦਰੁ ਕੋਈ ਆਇ ਕਹੈ॥ ਪੰਨਾ – 877***

ਅੱਗੇ ਚਲ ਕੇ ਸਤਿਗੁਰੂ ਜੀ ਪ੍ਰਭੂ ਦੇ ਅਸਲ ਠਿਕਾਣੇ ਬਾਰੇ ਫੁਰਮਾਨ ਕਰਦੇ ਹਨ ਕਿ ਜਿਸ ਸਤਿ ਦੇ ਆਸਣ ਤੇ ਪ੍ਰਭੂ ਬਿਰਾਜਮਾਨ ਹੈ ਉਸ ਮਹਿਲ ਨੂੰ ਦੁਖਾਂ ਦਾ ਦਰਵਾਜਾ ਹੈ, ਕ੍ਰੋਧ ਰੂਪੀ ਪਹਿਰੇਦਾਰ ਸਖਤੀ ਨਾਲ ਪਹਿਰਾ ਦੇ ਰਿਹਾ ਹੈ। ਆਸਾ ਅਤੇ ਅੰਦੇਸਾ ਦੇ ਦੋ ਕਰੜੇ ਦਰਵਾਜੇ ਲੱਗੇ ਹੋਏ ਹਨ ਅਤੇ ਉਸ ਮਹਿਲ ਦੁਆਲੇ ਮਾਇਆ ਰੂਪੀ ਖਾਈ ਹੈ, ਜੋ ਕਿ ਤ੍ਰਿਸ਼ਨਾ ਰੂਪੀ ਪਾਣੀ ਨਾਲ ਭਰੀ ਹੋਈ ਹੈ। ਸੋ ਉਸ ਪ੍ਰਮੇਸ਼ਰ ਦੇ ਮਹਿਲ ਤੱਕ ਪਹੁੰਚਣ ਲਈ ਦੁਖ ਸੁਖ ਨੂੰ ਸਮਾਨ ਸਮਝ ਕੇ ਦਰਵਾਜਾ ਲੰਘਣਾ ਪੈਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਪਹਿਰੇਦਾਰਾਂ ਤੇ ਫਤਹਿ ਪਾਉਣੀ ਪੈਂਦੀ ਹੈ ਤੇ ਆਸਾ ਅੰਦੇਸਾ ਤੋਂ ਉਪਰ ਉਠ ਕੇ, ਮਾਇਆ ਰੂਪੀ ਜਲ ਖਾਈ ਪਾਰ ਕਰਕੇ ਹੀ ਉਸ ਪ੍ਰਮੇਸ਼ਰ ਦੇ ਸਤਿ ਦੇ ਆਸਣ ਤੱਕ ਪਹੁੰਚਿਆ ਜਾ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ –

***ਦੁਖ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥ ਪੰਨਾ – 877***

ਇਸ ਤਰ੍ਹਾਂ ਉਸ ਪ੍ਰਮੇਸ਼ਰ ਦੇ ਮਹਿਲ ਤੱਕ ਪਹੁੰਚਣ ਲਈ ਸਾਡੀ ਸਿਆਣਪ, ਬੁੱਧੀ, ਚਤੁਰਾਈ, ਕਿਸੇ ਵੀ ਤਰ੍ਹਾਂ ਕੰਮ

(ਬਾਕੀ ਪੰਨਾ 63 ਤੇ)



Sri Satguru Jagjit Singh Ji eLibrary NamdhariElibrary@gmail.com

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ - 17)*

ਸ਼ਾਨ..........................................।

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ॥***
***ਨਗਰ ਮਹਿ ਆਪਿ ਬਾਹਰਿ ਫੁਨਿ ਆਪਨ***
***ਪ੍ਰਭ ਮੇਰੇ ਕੋ ਸਗਲ ਬਸੇਰਾ॥***
***ਆਪੇ ਹੀ ਰਾਜਨੁ ਆਪੇ ਹੀ ਰਾਇਆ***
***ਕਹ ਕਹ ਠਾਕੁਰੁ ਕਹ ਕਹ ਚੇਰਾ॥***
***ਕਾ ਕਉ ਦੁਰਾਉ ਕਾ ਸਿਉ ਬਲਬੰਚਾ***
***ਜਹ ਜਹ ਪੇਖਉ ਤਹ ਤਹ ਨੇਰਾ॥***
***ਸਾਧ ਮੂਰਤਿ ਗੁਰੁ ਭੇਟਿਓ ਨਾਨਕ***
***ਮਿਲਿ ਸਾਗਰ ਬੂੰਦ ਨਹੀ ਅਨਹੇਰਾ॥ ਪੰਨਾ - 827***

***ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,***
***ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.***
***ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.***
***ਪ੍ਰਭ ਸਭ ਕਿਛ ਤੇਰਾ ਜੀ, .........- 2.***

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ - 2, 2.***
***ਮੇਰੇ ਪਿਆਰੇ, ਬਈ ਸੇਵਾ ਕਰਕੇ ਮਾਣ ਪਾਈਦੈ - 2, 2***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,...- 2.***

ਕਲਜੁਗ ਦੇ ਅੰਦਰ ਸਤਿਸੰਗ ਦਾ ਬਹੁਤ ਹੀ ਵੱਡਾ ਮਹਾਤਮ ਹੈ। ਸਤਿਸੰਗਤ ਸਿਰਫ ਉਸ ਨੂੰ ਹੀ ਆਖਿਆ ਜਾਂਦਾ ਹੈ ਜਿਥੇ ਪਾਰਬ੍ਰਹਮ ਪ੍ਰਮੇਸ਼ਰ, ਗੁਰੂ ਦੀ ਬੰਦਗੀ ਕਰਨ ਵਾਲੇ ਗੁਰਸਿੱਖ, ਸੰਤ, ਮਹਾਂਪੁਰਸ਼, ਰਿਸ਼ੀ ਮੁਨੀ ਅਤੇ ਹੋਰ ਪਹੁੰਚੇ ਹੋਏ ਜੀਵਨਾਂ ਉਤੇ ਵਿਚਾਰ ਕੀਤੀ ਜਾਵੇ। ਉਹ ਸਮਾਂ ਪ੍ਰਮੇਸ਼ਰ ਦੀ ਦਰਗਾਹ ਵਿਚ ਲੇਖੇ ਵਿਚ ਪੈਂਦਾ ਹੈ ਪਰ ਇਸ ਵਿਚ ਕੁਝ ਖਾਸ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਪਹਿਲੀ ਗੱਲ ਸ਼ਰਧਾ ਹੋਇਆ ਕਰਦੀ ਹੈ। ਜਦੋਂ ਸ਼ਰਧਾ ਧਾਰ ਕੇ ਅਸੀਂ ਘਰ ਤੋਂ ਚਲਦੇ ਹਾਂ ਉਸ ਸਮੇਂ ਤੋਂ ਹੀ ਸਾਡਾ ਸਮਾਂ ਪ੍ਰਭੂ ਦੇ ਦਰਬਾਰ ਵਿਚ ਲੇਖੇ ਵਿਚ ਲਗਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਜੇ ਅਸੀਂ ਵਾਹਿਗੁਰੂ ਮੰਤਰ ਦਾ ਜਾਂ ਕਿਸੇ ਦਿਤੇ ਹੋਏ ਪ੍ਰਭੂ ਦੇ ਨਾਮ ਦਾ ਜਾਪ ਕਰਦੇ ਤੁਰੇ ਆਈਏ ਤਾਂ ਇਹ ਸਮਾਂ ਪੂਰੀ ਤਰ੍ਹਾਂ ਸਫਲ ਹੋ ਜਾਂਦਾ ਹੈ। ਜਦੋਂ ਤੁਸੀਂ ਸਤਿਸੰਗ ਵਿਚ ਪਹੁੰਚ ਗਏ ਉਸ ਵੇਲੇ ਪੂਰੀ ਨਿਮਰਤਾ ਦੇ ਨਾਲ ਨਮਸਕਾਰ ਕਰੋ, ਨਮਸਕਾਰ ਇਕ ਕਿਸਮ ਦੀ ਭਗਤੀ ਹੁੰਦੀ ਹੈ ਜੋ ਨੌਧਾ ਭਗਤੀ ਵਿਚ ਗਿਣੀ ਜਾਂਦੀ ਹੈ। ਇਸ ਦੇ ਬਾਰੇ ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਆਦਮੀ ਦੇ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ, ਜੀਵਨ ਵਿਚ ਆਉਣ ਵਾਲੇ ਵਿਘਨ, ਦੁਖ ਨਰਮ ਪੈ ਜਾਂਦੇ ਹਨ। ਸੂਲੀ ਦੀ ਸੂਲ ਬਣ ਜਾਂਦੀ ਹੈ। ਨਮਸਕਾਰ ਭਗਤੀ ਵਾਸਤੇ ਬਾਣੀ ਵਿਚ ਬਾਰ-ਬਾਰ ਦੱਸਿਆ ਗਿਆ ਹੈ-

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

ਨਮਸਕਾਰ ਕਰਕੇ ਜੋ ਵੀ ਅਸੀਂ ਆਪਣੇ ਸਤਿਗੁਰੂ ਤੋਂ ਮੰਗਦੇ ਹਾਂ ਉਸ ਦੀ ਰਹਿਮਤ ਨਾਲ ਸਾਨੂੰ ਪ੍ਰਾਪਤੀ ਹੋ ਜਾਂਦਾ ਹੈ ਅਤੇ ਹੋਰ ਅਨੇਕ ਕਿਸਮ ਦੀਆਂ ਤਕਲੀਫਾਂ ਦੇ ਜਾਲ ਵਿਚੋਂ ਅਸੀਂ ਨਿਕਲ ਜਾਂਦੇ ਹਾਂ। ਜਦੋਂ ਅਸਾਡਾ ਮਸਤਕ ਗੁਰੂ ਚਰਨਾਂ ਦੇ ਨਾਲ ਲਗਦਾ ਹੈ ਤਾਂ ਅਸਾਡੇ ਸੁਤੇ ਪਏ ਭਾਗ ਉਸੇ ਤਰ੍ਹਾਂ ਜਾਗ ਪੈਂਦੇ ਹਨ ਜਿਵੇਂ ਧਰਤੀ ਵਿਚ ਬੀਜਿਆ ਹੋਇਆ ਦਾਣਾ ਉਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਪਾਪਾਂ ਦਾ ਥਰ ਟੁੱਟ ਕੇ ਸਾਨੂੰ ਪ੍ਰਭੂ ਚਿੱਤ ਆਉਣ ਲਗ ਜਾਂਦਾ ਹੈ।

ਤੀਸਰਾ ਸਾਧਨ ਹੋਇਆ ਕਰਦਾ ਹੈ ਆਪਣੇ ਮਨ ਵਿਚ ਪੂਰੀ ਤਰ੍ਹਾਂ ਨਿਮਰਤਾ ਧਾਰਨ ਕਰਕੇ ਆਪਣੇ ਅਭਿਮਾਨ ਨੂੰ ਕੋਈ ਥਾਂ ਨਹੀਂ ਦੇਣੀ। ਜਦੋਂ ਆਪ ਸਤਿਸੰਗ ਵਿਚ ਬੈਠੇ ਜਾਵੋ ਫੇਰ ਉਸਦਾ ਪੂਰਾ ਅਸਰ ਤਾਂ ਹੋਇਆ ਕਰਦਾ ਹੈ ਜੇ ਚਿਤ ਨੂੰ ਇਕਾਗਰ ਕਰਿਆ ਜਾਵੇ, ਚਿੱਤ ਇਕਾਗਰ ਕਰਕੇ ਜਦੋਂ ਅਸੀਂ ਬੰਦਗੀ ਕਰਦੇ ਹਾਂ ਤਾਂ ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਚਿੱਤ ਇਕਾਗਰ ਕਰਨ ਦਾ ਸਹਿਲ ਤਰੀਕਾ ਕੰਨਾਂ ਨਾਲ ਗੁਰੂ ਦੀ ਬਾਣੀ ਸਰਵਣ ਕਰਨਾ, ਬੁੱਧੀ ਨਾਲ ਵਿਚਾਰ ਕਰਕੇ ਮੰਨਨ ਕਰੋ, ਹਿਰਦੇ ਵਿਚ ਧਾਰਨ ਕਰੋ ਫੇਰ ਰਸਨਾ ਦੇ ਨਾਲ ਜੋ ਬਾਣੀ ਪੜ੍ਹੀ ਜਾਂਦੀ ਹੈ ਗੱਜ ਵੱਜ ਕੇ ਸ਼ਬਦਾਂ ਵਿਚ ਬੋਲੋ। ਇਥੇ ਕਿਉਂਕਿ ਧਾਰਨਾ ਨਾਲ ਕੀਰਤਨ ਕੀਤਾ ਜਾਂਦਾ ਹੈ, ਇਸ ਕਰਕੇ ਪੜ੍ਹਿਆ-ਅਨਪੜ੍ਹਿਆ, ਜਾਣ-ਅਣਜਾਣ ਸਭ ਹੀ ਧਾਰਨਾ ਸਮਝ ਸਕਦੇ ਹਨ, ਬੋਲ ਸਕਦੇ ਹਨ। ਗੁਰਬਾਣੀ ਵਿਚੋਂ ਬਾਣੀ ਸੁਣ ਕੇ, ਗਾਉਣ ਤੇ ਮੰਨਣ ਦਾ ਮਹਾਤਮ ਦੱਸਿਆ ਹੋਇਆ ਹੈ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***
***ਪੰਨਾ - 669***

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧੁਰ ਦਰਗਾਹ ਤੋਂ ਗੁਰੂਆਂ



Sri Satguru Jagjit Singh Ji eLibrary NamdhariElibrary@gmail.com

ਦੇ ਰਾਹੀਂ ਆ ਕੇ ਪ੍ਰਗਟ ਹੋਈ ਹੈ। ਇਹ ਓਅੰਕਾਰ ਦਾ ਸ਼ਬਦ ਰੂਪ ਹੈ। ਸੋ ਇਸ ਵਿਚ ਜੋ ਕੁਝ ਵੀ ਫੁਰਮਾਨ ਕੀਤਾ ਹੋਇਆ ਹੈ ਅਸੀਂ ਉਸ ਉਪਰ ਕਿੰਤੂ ਨਹੀਂ ਕਰ ਸਕਦੇ, ਸਤਿ ਸਤਿ ਕਰਕੇ ਹੀ ਮੰਨਣੀ ਹੈ। ਇਸ ਤਰ੍ਹਾਂ ਸਤਿਸੰਗ ਕਰਦਿਆਂ ਕਈ ਕ੍ਰੋੜ ਜਗਾਂ ਦਾ ਫਲ ਅਸੀਂ ਆਪਣੇ ਪੱਲੇ ਬੰਨ੍ਹ ਲੈਂਦੇ ਹਾਂ।

***ਕਈ ਕੋਟਕ ਜਗ ਫਲਾ ਸੁਣ ਗਾਵਣਹਾਰੇ ਰਾਮ॥***
***ਪੰਨਾ – 546***

ਕਈ ਦਿਨ ਤੋਂ ਆਪ ਬਹੁਤ ਵਿਚਾਰਾਂ ਸਰਵਣ ਕਰ ਰਹੇ ਹੋ। ਇਹ ਵਿਚਾਰਾਂ ਗੁਰੂ ਦੇ ਪ੍ਰਵਾਨ ਹੋਏ ਹੋਏ ਗੁਰਸਿੱਖਾਂ ਦੀਆਂ, ਗੁਰੂ ਦੇ ਇਤਿਹਾਸ ਦੀਆਂ, ਬਾਣੀ ਦੇ ਸਿਧਾਂਤਾਂ ਦੀਆਂ ਜੋ ਆਪ ਨੇ ਸਰਵਣ ਕੀਤੇ ਹਨ ਇਨ੍ਹਾਂ ਦੀ ਰੋਸ਼ਨੀ ਵਿਚ ਆਪ ਨੇ ਆਪਣਾ ਜੀਵਨ ਗੁਜ਼ਾਰਨਾ ਹੈ। ਜਿਸ ਤਰ੍ਹਾਂ ਪੜ੍ਹਿਆ ਗਿਆ ਹੈ ਨਾਮ ਜਪਣ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਸੇਵਾ ਕਰਨ ਨਾਲ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ।

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਸੇਵਾ ਕਰਨ ਵਾਲੇ ਦੀ ਦਰਗਾਹ ਵਿਚ ਜੈ ਜੈਕਾਰ ਹੁੰਦੀ ਹੈ, ਨਾਮ ਜਪਣ ਵਾਲੇ ਨੂੰ ਸੰਸਾਰ ਦੇ ਵਿਚ ਦੁਖ ਪੋਹ ਨਹੀਂ ਸਕਦੇ, ਅਨੇਕ ਤਰ੍ਹਾਂ ਦੇ ਦੁਖ ਹਨ। ਦਰਗਾਹ ਵਿਚ ਜਾਣ ਵੇਲੇ ਪੂਰਾ ਮਾਣ ਪ੍ਰਾਪਤ ਹੁੰਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ – 252***

ਜਿਸ ਤਰ੍ਹਾਂ ਆਪ ਸਤਿਸੰਗ ਵਿਚ ਆਏ ਹੋ ਅਤੇ ਹੁਣ ਬੈਠ ਕੇ ਸੁਣ ਰਹੇ ਹੋ, ਇਸ ਨੂੰ ਬਹਿਰੰਗ ਸਤਿਸੰਗ ਕਹਿੰਦੇ ਹਨ। ਇਸ ਬਹਿਰੰਗ ਸਤਿਸੰਗ ਨੂੰ ਬਹੁਤ ਦੇਰ ਤਕ ਯਾਦਦਾਸ਼ਤ ਵਿਚ ਥਾਂ ਨਹੀਂ ਦੇ ਸਕਦੇ ਪਰ ਜਿਸ ਨੂੰ ਅੰਤਰੰਗ ਸਤਿਸੰਗ ਦੀ ਜਾਂਚ ਆਉਂਦੀ ਹੈ ਉਹਦੇ ਅੰਦਰ ਸਤਿਸੰਗ ਦੇ ਭਾਵ ਬੈਠ ਜਾਂਦੇ ਹਨ, ਗੁਰੂ ਦਾ ਸਿਧਾਂਤ ਯਾਦਦਾਸ਼ਤ ਵਿਚ ਚਲਿਆ ਜਾਂਦਾ ਹੈ ਜੋ ਸਾਡੇ ਜੀਵਨ ਨੂੰ ਸ਼ੁਧ ਮਾਰਗ ਦਰਸ਼ਨ ਕਰਾਉਂਦਾ ਹੈ। ਬਹਿਰੰਗ ਨਾਲੋਂ ਅੰਤਰੰਗ ਸਤਿਸੰਗ ਦਾ ਫਲ ਬਹੁਤ ਹੀ ਹੁੰਦਾ ਹੈ। ਵਿਚਾਰ ਚਲ ਰਹੀ ਹੈ ਕਿ ਨਾਮ ਜਪਣ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੇਵਾ ਕਰਨ ਨਾਲ ਇਥੇ ਅਤੇ ਦਰਗਾਹ ਵਿਚ ਦੋਹੀਂ ਥਾਈਂ ਮਾਣ ਪ੍ਰਾਪਤ ਹੁੰਦਾ ਹੈ।

ਕਲਜੁਗ ਦਾ ਸਮਾਂ ਬਹੁਤ ਭਿਆਨਕ ਹੈ। ਇਸ ਵਿਚ ਬਿਰਤੀਆਂ ਦਾ ਖਿੰਡਾਉ ਐਨਾ ਹੋ ਗਿਆ ਕਿ ਉਸ ਜਾਣਕਾਰੀ ਦਾ ਬੋਝ ਚੁੱਕਣ ਵਿਚ ਸਾਡੀ ਸ਼ਕਤੀ ਡਾਵਾਂਡੋਲ ਹੋ ਰਹੀ ਹੈ। ਜੋ ਪੁਰਾਣੇ ਸਾਧਨ ਮਹਾਂਪੁਰਸ਼ਾਂ ਨੇ ਪ੍ਰਚਲਤ ਕੀਤੇ ਹਨ ਜਿਨ੍ਹਾਂ ਵਿਚ ਤਪ, ਯੱਗ, ਪੂਜਾ, ਦਾਨ, ਤੀਰਥ ਇਸ਼ਨਾਨ ਅਤੇ ਯੋਗ ਦੀਆਂ ਸਾਧਨਾਵਾਂ ਉਹ ਇਸ ਕਲਜੁਗ ਦੇ ਸਮੇਂ ਵਿਚ ਹੋਣੀਆਂ ਅਸੰਭਵ ਹਨ ਕਿਉਂਕਿ ਗੁਰਮਤਿ ਮਾਰਗ ਦੁਨੀਆਂ ਛੱਡਣ ਦੇ ਹੱਕ ਵਿਚ ਨਹੀਂ ਹੈ। ਸੰਸਾਰ ਤੋਂ ਇਕ ਪਾਸੇ ਹੋ ਕੇ ਬਹਿ ਜਾਣਾ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ ਪਰ ਬਾਲ ਬੱਚੇ ਪਾਲਦਿਆਂ, ਸਾਰੇ ਕਾਰੋਬਾਰ ਕਰਦਿਆਂ ਸਾਨੂੰ ਇਸ ਸੰਸਾਰ ਰੂਪੀ ਭਵਜਲ ਵਿਚੋਂ ਤਰਨ ਵਾਸਤੇ ਬਹੁਤ ਹੀ ਸੁਖੈਨ ਮਾਰਗ ਗੁਰੂ ਮਹਾਰਾਜ ਨੇ ਦੱਸਿਆ ਹੈ ਜਿਸ ਨੂੰ ਨਾਮ ਮਾਰਗ, ਸੁਰਤਿ ਸਬਦਿ ਮਾਰਗ ਆਦਿ ਕਹਿ ਸਕਦੇ ਹਾਂ। ਕਲਜੁਗ ਦੇ ਅੰਦਰ ਗੁਰਮਤਿ ਸਿਧਾਂਤ ਅਨੁਸਾਰ ਸਿਰਫ ਨਾਮ ਜਾਪ ਨੇ ਹੀ ਫਲੀਭੂਤ ਹੋਣਾ ਹੈ, ਪਿਛਲੇ ਜੁਗਾਂ ਵਿਚ ਬਹੁਤ ਵੱਡੇ ਵੱਡੇ ਸਾਧਨ ਕੀਤੇ ਜਾਂਦੇ ਸਨ। ਉਮਰਾਂ ਵੀ ਬਹੁਤ ਸਨ, ਸਤੋ ਗੁਣੀ ਸੁਭਾਅ ਵਾਲੇ ਆਦਮੀ ਸਨ, ਉਸ ਵੇਲੇ ਸਾਰੇ ਕਠਨ ਤੋਂ ਕਠਨ ਸਾਧਨ ਕਰ ਸਕਦੇ ਸਨ ਕਿਉਂਕਿ ਆਦਮੀ ਦਾ ਮਨ ਸਤੋ ਗੁਣੀ ਸੀ, ਖੁਰਾਕ ਸਤੋਗੁਣੀ ਸੀ, ਅਹਾਰ ਵਿਚਾਰ ਸ਼ੁਧ ਸੀ ਪਰ ਕਲਜੁਗ ਵਿਚ ਇਨ੍ਹਾਂ ਚੀਜ਼ਾਂ ਦੀ ਅਣਹੋਂਦ ਹੈ। ਗੁਰੂ ਮਹਾਰਾਜ ਨੇ ਕਲਜੁਗ ਦੇ ਬੰਦਿਆਂ ਦੀ ਮਾਨਸਿਕ ਸਥਿਤੀ ਭੂਤਾਂ ਪ੍ਰੇਤਾਂ ਵਰਗੀ ਦੱਸੀ ਹੈ। ਸਤਿਜੁਗ ਅੰਦਰ ਸਤਿ ਦਾ ਗਿਆਨ ਹੋਇਆ ਕਰਦਾ ਸੀ ਉਹ ਪ੍ਰਮੇਸ਼ਰ ਨੂੰ ਹਰ ਥਾਂ ਹਾਜ਼ਰ ਨਾਜ਼ਰ ਰੂਪ ਵਿਚ ਦੇਖਦੇ ਸਨ। ਤ੍ਰਿਸ਼ਨਾ ਨਾ ਹੋਣ ਕਰਕੇ ਕਲਪਨਾਵਾਂ ਬੇਅੰਤ ਘੱਟ ਸਨ ਅਤੇ ਨਾਮ ਵਿਚ ਬਿਰਤੀ ਲੱਗੀ ਰਹਿੰਦੀ ਸੀ। ਉਸ ਸਮੇਂ ਮਹਾਂਪੁਰਸ਼ਾਂ ਦੇ ਮਤ ਅਨੁਸਾਰ ਧਰਮ ਦੇ ਚਾਰੇ ਪੈਰ ਕਾਇਮ ਸਨ, ਜਿਨ੍ਹਾਂ ਵਿਚ ਰਾਜਾ ਵੀ ਪੂਰੀ ਤਰ੍ਹਾਂ ਨਾਲ ਧਰਮੀ ਸੀ, ਵੇਦ ਸਾਸ਼ਤਰ ਵਿਚਾਰਨ ਵਾਲੇ ਪੰਡਤ ਕਰਮ ਧਰਮ ਵਿਚ ਪੂਰਨ ਸਨ। ਸਾਧੂ, ਮਹਾਂਪੁਰਸ਼, ਗਿਆਨਵਾਨ ਪੂਰਨ ਤਿਆਗੀ ਸਨ, ਤੀਰਥ ਫਲ ਦਿੰਦੇ ਸਨ, ਤੀਰਥਾਂ ਉਤੇ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਸਤਿਸੰਗ ਆਮ ਲੱਗਿਆ ਕਰਦੇ ਸਨ। ਪਰ ਕਲਜੁਗ ਵਿਚ ਧਰਮ ਲੰਗੜਾ ਹੋ ਗਿਆ ਹੈ ਸਿਰਫ ਇਕ ਪੈਰ ਰਹਿ ਗਿਆ। ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਇਆ ਕਿ ਧਰਮ ਅਲੋਪ ਹੀ ਹੋ ਗਿਆ ਜਿਵੇਂ ਕਿ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ – 145***

ਰਾਜੇ ਜੋ ਧਰਮ ਦੇ ਰਾਖੇ ਸਨ, ਨਿਆਂ ਕਰਿਆ ਕਰਦੇ ਸੀ, ਉਨ੍ਹਾਂ ਨੇ ਪਰਜਾ ਨੂੰ ਕੋਹਣਾ ਸ਼ੁਰੂ ਕਰ ਦਿਤਾ। ਬੇਅੰਤ ਕਿਸਮ ਦੇ ਟੈਕਸ, ਬੇਅੰਤ ਕਿਸਮ ਦੀਆਂ ਪਾਬੰਧੀਆਂ ਪਰਜਾ ਉਪਰ ਲਾ ਦਿਤੀਆਂ। ਜੋ ਵਿਦਵਾਨ ਸਨ, ਵੇਦਾਂ ਦਾ ਪ੍ਰਕਾਸ਼ ਕਰਨ ਵਾਲੇ, ਅਗਿਆਨ ਦਾ ਉਨ੍ਹਾਂ ਦੇ ਅੰਦਰ ਹਨ੍ਹੇਰਾ ਛਾ ਗਿਆ। ਵੇਦਾਂਤ ਦੇ ਅਸਲੀ ਸਿਧਾਂਤਾਂ ਨੂੰ ਨਾ ਜਾਣਦੇ ਹੋਏ ਕਰਮਕਾਂਡ ਵਲ ਜ਼ਿਆਦਾ ਜ਼ੋਰ ਦਿਤਾ। ਜਦੋਂ ਸਾਧੂ ਮਹਾਂਪੁਰਸ਼ ਤਤਿਕਸ਼ਾ ਤੋਂ ਖਾਲੀ ਹੋ ਗਏ, ਗਿਆਨ ਗੱਲਾਂ ਦਾ ਹੀ ਰਹਿ ਗਿਆ, ਕਰਨੀ ਕਮਾਈ ਵਾਲੇ ਮਹਾਂਪੁਰਸ਼ ਅਲੋਪ ਹੋ ਗਏ, ਤੀਰਥ ਅਪਵਿਤਰ ਹੋ ਗਏ। ਸੋ ਧਰਮ ਅਧਰਮ ਦੇ ਅੰਧਕਾਰ ਵਿਚ ਅਲੋਪ ਹੋ ਗਿਆ, ਜਿਸ ਸਤਿ ਦਾ ਪ੍ਰਕਾਸ਼ ਦੁਨੀਆਂ ਉਤੇ ਪੈ ਰਿਹਾ ਸੀ ਉਹ ਵੀ ਅਲੋਪ ਹੋ ਗਿਆ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੱਚ ਦਾ ਰਾਹ ਕਿਤੇ ਨਜ਼ਰ ਨਹੀਂ ਆ ਰਿਹਾ। ਆਪ ਨੇ ਸਾਰੀ ਸ੍ਰਿਸ਼ਟੀ ਦਾ ਭ੍ਰਮਣ ਕੀਤਾ। ਅੱਜ ਕਲ੍ਹ ਦੇ ਵਿਚਾਰਵਾਨ ਗੁਰੂ ਮਹਾਰਾਜ



Sri Satguru Jagjit Singh Ji eLibrary NamdhariElibrary@gmail.com

ਦੀਆਂ ਉਦਾਸੀਆਂ ਦਾ ਜ਼ਿਕਰ ਕਰਦੇ ਐਨਾ ਹੀ ਦਸਦੇ ਹਨ ਕਿ ਆਪ ਨੇ 24000 ਮੀਲ ਦਾ ਸਫਰ ਪੈਦਲ ਕੀਤਾ, 24 ਸਾਲ ਚਲਦੇ ਰਹੇ, ਭਾਈ ਬਾਲਾ ਤੇ ਭਾਈ ਮਰਦਾਨਾ ਜੀ ਗੁਰੂ ਜੀ ਦੇ ਬਹੁਤ ਨਿਕਟੀ ਸਨ ਅਤੇ ਭਾਈ ਗੁਰਦਾਸ ਜੀ ਥੋੜ੍ਹਾ ਸਮਾਂ ਪਿਛੋਂ ਹੋਏ ਹਨ, ਆਪ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਜਿਥੇ ਤਕ ਵੀ ਸ੍ਰਿਸ਼ਟੀ ਸੀ, ਦੁਨੀਆਂ ਸੀ, ਉਥੇ ਤਕ ਪਹੁੰਚੇ। ਜਿਸ ਦੇਸ਼ ਵਿਚ ਗਏ ਉਸੇ ਬੋਲੀ ਵਿਚ ਆਪ ਨੇ ਉਪਦੇਸ਼ ਦਿਤਾ। ਅਰਬ ਦੇਸ਼ ਵਿਚ ਗਏ ਤਾਂ ਅਰਬੀ ਵਿਚ ਬਾਤ ਕਰੀ, ਲੰਕਾਂ ਵਿਚ ਗਏ ਤਾਂ ਲੰਕਾਂ ਦੀ ਬੋਲੀ ਵਿਚ ਉਪਦੇਸ਼ ਦਿਤਾ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਕੀ ਸਾਰੀਆਂ ਬੋਲੀਆਂ ਜਾਣਦੇ ਸਨ? ਇਸ ਬਾਰੇ ਬੇਨਤੀ ਹੈ ਕਿ ਭਜਨ ਬੰਦਗੀ ਕਰਕੇ ਇਕ ਐਸੀ ਅਵਸਥਾ ਆਉਂਦੀ ਹੈ ਜਿਥੇ ਸਰਬ ਵਿਦਿਆ ਦਾ ਗਿਆਨ ਹੋ ਜਾਂਦਾ ਹੈ। ਬੋਲੀ ਦੀਆਂ ਚਾਰ ਅਵਸਥਾ ਹਨ - ਪਹਿਲੀ ਬੋਲੀ ਜੋ ਸਾਰਿਆਂ ਦੀ ਸਾਂਝੀ ਬੋਲੀ ਕਹਾਉਂਦੀ ਹੈ, ਉਸ ਨੂੰ ਪਰਾ ਬੋਲੀ ਆਖਿਆ ਜਾਂਦਾ ਹੈ, ਉਹ ਨਾਭੀ ਵਿਚੋਂ ਸ਼ੁਰੂ ਹੁੰਦੀ ਹੈ, ਦੂਸਰੀ ਬੋਲੀ ਜੋ ਹਿਰਦੇ ਦੀ ਬੋਲੀ ਕਹਾਉਂਦੀ ਹੈ ਜਿਸ ਨੂੰ ਪਸੰਤੀ ਆਖਦੇ ਹਨ ਉਹ ਭਾਵਾਂ ਦੀ ਬੋਲੀ ਹੁੰਦੀ ਹੈ। ਤੀਸਰਾ ਦਰਜਾ ਬੋਲੀ ਦਾ ਮਧਮਾ ਕਹਾਉਂਦਾ ਹੈ ਜੋ ਕੰਠ ਵਿਚੋਂ ਬਣਦੀ ਹੈ। ਚੌਥੀ ਨੂੰ ਬੈਖਰੀ ਆਖਦੇ ਹਨ ਜੋ ਜ਼ੁਬਾਨ ਨਾਲ ਬੋਲੀ ਜਾਂਦੀ ਹੈ ਸਾਧਨਾ ਸੰਪੰਨ ਪੁਰਸ਼, ਪਸ਼ੂਆਂ, ਦਰਖਤਾਂ ਆਦਿ ਦੀ ਬੋਲੀ ਜਿਸ ਨੂੰ ਪਰਾ ਬੋਲੀ ਆਖਦੇ ਹਨ ਉਸ ਵਿਚ ਵੀ ਪਹੁੰਚ ਰਖਦੇ ਹਨ। ਉਹ ਇਸ ਨੂੰ dicipher ਕਰਕੇ ਸਮਝ ਲੈਂਦੇ ਹਨ, ਪਸੰਤੀ ਬੋਲੀ ਨੂੰ ਟੈਲੀਪੈਥੀ ਕਹਿੰਦੇ ਹਨ। ਸੋ ਮਧਮਾ ਬੋਲੀ ਵਿਚ ਫੁਰਨਾ ਹੋਇਆ ਕਰਦਾ ਹੈ, ਅਜੇ ਅੱਖਰਾਂ ਦਾ ਰੂਪ ਨਹੀਂ ਧਾਰਨ ਕੀਤਾ ਹੁੰਦਾ। ਬੈਖਰੀ ਬੋਲੀ ਸਮੇਂ ਦੇ ਮੁਤਾਬਿਕ, ਦੇਸ਼ ਦੇ ਮੁਤਾਬਿਕ ਵਖਰੇ ਵਖਰੇ ਰੂਪ ਧਾਰਨ ਕਰ ਲੈਂਦੀ ਹੈ। ਸਰਬ ਵਿਦਿਆ ਯੋਗ ਨੂੰ ਜਾਨਣ ਵਾਲਾ ਸਭਨਾਂ ਬੋਲੀਆਂ ਵਿਚ ਗੱਲ ਕਰ ਸਕਦਾ ਹੈ। ਇਸ ਸਬੰਧ ਵਿਚ ਇਕ ਵਾਰੀ ਡਾ. ਸਵਾਮੀ ਵੇਦ ਭਾਰਤੀ ਜੀ ਰਿਸ਼ੀਕੇਸ਼ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਹਾਲੈਂਡ ਵਿਚੋਂ ਡੀ. ਲਿਟ ਕੀਤੀ ਸੀ। ਹਾਲੈਂਡ ਵਾਲਿਆਂ ਨੇ ਕਿਹਾ ਕਿ ਤੁਸੀਂ ਸਾਡੇ ਦੇਸ਼ ਦੀ ਬੋਲੀ ਤਾਂ ਪੜ੍ਹੀ ਨਹੀਂ, ਕਿਸ ਤਰ੍ਹਾਂ ਆਪਣੀ ਪੜ੍ਹਾਈ ਪੂਰੀ ਕਰੋਂਗੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਬੋਲੀ ਸਮੱਸਿਆ ਦੀ ਕੋਈ ਨਹੀਂ, ਥੋੜ੍ਹੇ ਦਿਨ ਚਾਹੀਦੇ ਹਨ। ਉਹ ਦਸਦੇ ਸਨ ਕਿ 10 ਦਿਨ ਪਿਛੋਂ ਉਨ੍ਹਾਂ ਨੇ ਉਸ ਬੋਲੀ ਦਾ ਇਮਤਿਹਾਨ ਦਿਤਾ ਅਤੇ ਡੀ. ਲਿਟ. ਕਰ ਲਈ। ਉਨ੍ਹਾਂ ਨੇ ਦੱਸਿਆ ਕਿ ਗੁਰੂ ਨਾਨਕ ਪਾਤਸ਼ਾਹ ਆਪ ਹੀ ਪ੍ਰਮੇਸ਼ਰ ਸਨ ਉਨ੍ਹਾਂ ਨੂੰ ਬੋਲੀ ਦੀ ਕੋਈ ਔਖ ਨਹੀਂ ਸੀ। ਭਾਈ ਬਾਲਾ, ਭਾਈ ਗੁਰਦਾਸ ਜੀ ਨੇ ਨਿਰਣਾ ਕਰਕੇ ਦੱਸਿਆ ਕਿ ਜਿਥੇ ਤਕ ਸ੍ਰਿਸ਼ਟੀ ਸੀ ਉਥੋਂ ਤਕ ਗੁਰੂ ਨਾਨਕ ਪਾਤਸ਼ਾਹ ਗਏ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦੇ ਉਧਾਰ ਵਾਸਤੇ ਸੇਵਾ ਤੇ ਸਿਮਰਨ ਦਾ ਮਾਰਗ ਦੱਸਿਆ। ਜਿਸ ਤਰ੍ਹਾਂ ਹਵਾਈ ਜਹਾਜ਼ ਉਡਦਾ ਹੈ ਉਸ ਦੇ ਦੋ ਪਰ ਹੁੰਦੇ ਹਨ ਅਤੇ ਉਨ੍ਹਾਂ ਕਰਕੇ ਜਹਾਜ਼ ਦਾ ਸੰਤੁਲਨ ਕਾਇਮ ਰਹਿੰਦਾ ਹੈ ਇਸੇ ਤਰ੍ਹਾਂ ਗੁਰਸਿੱਖ ਦੇ ਜੀਵਨ ਦਾ ਸੰਤੁਲਨ ਬਹੁਤ ਉਚੀ ਉਡਾਰੀ ਲੈ ਸਕਦਾ ਹੈ। ਇਕ ਆਦਮੀ ਗੋਸ਼ਾਨਸ਼ੀਨ (ਇਕਾਂਤੀ) ਹੋ ਕੇ ਨਾਮ ਜਪਦਾ ਹੈ, ਬਹੁਤ ਅੱਛੀ ਗੱਲ ਹੈ ਪਰ ਸੰਸਾਰ ਨੂੰ ਉਸ ਤੋਂ ਕੋਈ ਫਾਇਦਾ ਨਹੀਂ। ਪਰ ਉਸ ਨੇ ਆਪਣੀ ਖੇਤੀ ਨੂੰ ਸਿੰਜਣ ਲਈ ਖੂਹ ਲਾ ਲਿਆ। ਜੇ ਨਾਲ ਟਿਊਬਵੈਲ ਲਾ ਲਵੇ ਤਾਂ ਨਾਲ ਦੇ ਖੇਤਾਂ ਨੂੰ ਵੀ ਸਿੰਜ ਵੀ ਸਕਦਾ ਹੈ। ਜੇ ਆਦਮੀ ਇਕਲੀ ਸੇਵਾ ਕਰਦਾ ਹੈ, ਸਾਰੇ ਉਸ ਦਾ ਆਦਰ ਸਤਿਕਾਰ ਕਰਦੇ ਹਨ, ਹਰ ਥਾਂ ਉਸ ਨੂੰ ਮਾਣ ਪ੍ਰਾਪਤ ਹੁੰਦਾ ਹੈ। ਇਸ ਨਾਲ ਅੰਦਰਲਾ ਰੋਗ ਨਹੀਂ ਕੱਟਿਆ ਜਾਂਦਾ ਅਤੇ ਉਸ ਨੂੰ ਸ਼ਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇ ਉਹ ਸੇਵਾ ਦੇ ਨਾਲ ਨਾਮ ਦਾ ਜਾਪ ਵੀ ਕਰਦਾ ਹੈ ਤਾਂ ਉਹ ਨਾਮ ਉਸ ਨੂੰ ਐਨੀ ਉਚਿਆਈ ਤੇ ਲੈ ਜਾਂਦਾ ਹੈ ਜਿਥੇ 'ਹਉਮੈ' ਦਾ ਲੇਸ ਮਾਤਰ ਵੀ ਨਹੀਂ ਰਿਹਾ ਕਰਦਾ। ਉਹ ਆਪ ਵੀ ਤਰਦਾ ਹੈ ਤੇ ਦੁਨੀਆਂ ਨੂੰ ਵੀ ਤਾਰਦਾ ਹੈ।

ਇਕੱਲੀ ਸੇਵਾ ਕਰਨ ਨਾਲ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਇਕ ਆਦਮੀ ਗੁਰਦੁਆਰਾ ਬਣਾਉਂਦਾ ਹੈ, ਹੋਰ ਕੋਈ ਸਾਂਝੀ ਚੀਜ਼ ਬਣਾਉਂਦਾ ਹੈ ਪਰ ਜੇ ਉਸ ਨੂੰ ਸੰਗਤ ਨੇ ਮਾਣ ਨਾ ਦਿਤਾ ਤੇ ਹੋਰ ਹੀ ਕੋਈ ਪ੍ਰੈਜ਼ੀਡੈਂਟ ਬਣਾ ਲਿਆ ਤਾਂ ਉਸ ਦਾ ਦਿਲ ਐਨਾ ਟੁੱਟ ਜਾਂਦਾ ਹੈ ਕਿ ਉਹ ਗੁਰਦੁਆਰੇ ਆਉਣਾ ਛੱਡ ਦਿੰਦਾ ਹੈ। ਇਸ ਵਿਚ ਗੱਲ ਇਹ ਸੀ ਕਿ ਉਹ ਸੇਵਾ ਤੋਂ ਮਿਲੇ ਮਾਣ ਦੇ ਰਸ ਨੂੰ ਮਾਣ ਰਿਹਾ ਸੀ। ਸੇਵਾ ਦੀ ਪਦਵੀ ਖੋਹ ਲੈਣ ਤੇ ਉਹ ਝੁੰਝਲਾਹਟ ਵਿਚ ਆ ਗਿਆ। ਗੁਰੂ ਮਹਾਰਾਜ ਨੇ ਪ੍ਰਮੇਸ਼ਰ ਦਾ ਨਾਮ ਸਾਰੀਆਂ ਹੀ ਹੋਣ ਵਾਲੀਆਂ ਬਿਮਾਰੀਆਂ ਦਾ ਇਲਾਜ ਦੱਸਿਆ ਹੈ।

ਜਦੋਂ ਗੁਰੂ ਨਾਨਕ ਪਾਤਸ਼ਾਹ ਅਜੇ ਤਲਵੰਡੀ ਵਿਚ ਹੀ ਸਨ ਉਸ ਵੇਲੇ ਆਪ ਕੁਝ ਸਮਾਂ ਚੁੱਪ ਕਰਕੇ ਪਏ ਰਹਿੰਦੇ ਸਨ ਪਰ ਕਦੇ ਕਦੇ ਉਪਰ ਕਪੜਾ ਲੈ ਕੇ ਅਚਾਨਕ ਹੀ ਤਲਵੰਡੀ ਦੀ ਜੂਹ ਵਿਚ ਪੈਂਦੇ, ਜੰਗਲ ਵਿਚ ਚਲੇ ਜਾਂਦੇ ਸਨ ਜਿਥੇ ਉਨ੍ਹਾਂ ਦਿਨਾਂ ਵਿਚ ਬਹੁਤ ਸਾਧੂ ਆ ਕੇ ਰਿਹਾ ਕਰਦੇ ਸਨ। ਆਪ ਹਰ ਵਕਤ ਪਿਆਰ ਰਸ ਮਾਣਦੇ ਚੁੱਪ ਰਹਿੰਦੇ ਸਨ। ਪਿਤਾ ਨੇ ਸਮਝਿਆ ਕਿ ਮੇਰਾ ਪੁਤਰ ਬਿਮਾਰ ਹੈ। ਉਸ ਨੇ ਹਰਿਦਾਸ ਵੈਦ ਨੂੰ ਬੁਲਾਇਆ, ਉਸ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਈ ਆਵਾਜ਼ਾਂ ਦਿਤੀਆਂ ਪਰ ਆਪ ਆਪਣੀ ਚਾਰਪਾਈ ਤੇ ਬਿਰਾਜੇ ਹੋਏ ਸਨ। ਵੈਦ ਨੇ ਆ ਕੇ ਕਲਾਈ ਫੜ ਲਈ ਅਤੇ ਬਿਮਾਰੀ ਦੇਖਣ ਲੱਗਿਆ ਕਿਉਂਕਿ ਸਿਆਣੇ ਵੈਦ ਨਬਜ਼ ਦੇਖ ਕੇ ਰੋਗ ਦਾ ਅਨੁਮਾਨ ਲਾ ਲੈਂਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਕਲਾਈ ਖਿੱਚ ਲਈ ਅਤੇ ਕਿਹਾ ਕਿ ਵੈਦ ਜੀ! ਕੀ ਗੱਲ ਹੈ ਤੁਸੀਂ ਮੇਰੀ ਕਲਾਈ ਫੜੀ ਹੈ? ਵੈਦ ਨੇ ਕਿਹਾ ਕਿ ਨਾਨਕ ਜੀ, ਤੁਹਾਡੇ ਪਿਤਾ ਨੇ ਕਿਹਾ ਹੈ ਤੁਸੀਂ ਬਿਮਾਰ ਹੋ। ਕਹਿਣ ਲੱਗਿਆ ਕਿ ਅਸੀਂ ਸਰੀਰ ਦੇ ਤਿੰਨੇ ਤੱਤ, ਪਿੱਤ, ਵਾਏ, ਕਫ ਦਾ ਸੰਤੁਲਨ ਦੇਖ ਕੇ ਬਿਮਾਰੀ ਟੋਲ੍ਹ ਲੈਂਦੇ ਹਾਂ। ਮਹਾਰਾਜ ਜੀ ਨੇ ਕਿਹਾ ਵੈਦ ਜੀ ਤੁਸੀਂ ਕਿੰਨੀਆਂ ਬਿਮਾਰੀਆਂ ਦਾ ਇਲਾਜ ਜਾਣਦੇ ਹੋਂ? ਵੈਦ ਨੇ ਕਿਹਾ ਕਿ 99 ਰੋਗ ਜਿਨ੍ਹਾਂ ਦਾ ਚਕਿਤਸਾ ਦੇ ਗ੍ਰੰਥਾਂ ਵਿਚ ਵਰਣਨ ਹੈ, ਉਹ ਮੈਂ ਸਾਰੇ ਹੀ ਰੋਗ ਦੂਰ ਕਰਨ ਦੀ ਸਮਰਥਾ ਰਖਦਾ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ



Sri Satguru Jagjit Singh Ji eLibrary NamdhariElibrary@gmail.com

ਕਿ ਮੈਨੂੰ ਕੋਈ ਇਨ੍ਹਾਂ ਰੋਗਾਂ ਵਿਚੋਂ ਰੋਗ ਨਹੀਂ। ਮੇਰਾ ਰੋਗ ਤੁਹਾਡੇ ਤੋਂ ਪਛਾਣਿਆ ਨਹੀਂ ਜਾਣਾ ਕਿਉਂਕਿ ਮੈਨੂੰ ਪ੍ਰਮੇਸ਼ਰ ਦੇ ਪਿਆਰ ਦੀ ਧੁਨ ਲੱਗੀ ਹੋਈ ਹੈ ਅਤੇ ਮੈਂ ਉਸ ਧੁਨ ਵਿਚ ਰਹਿੰਦਾ ਹਾਂ। ਐਸਾ ਫੁਰਮਾਨ ਆਉਂਦਾ ਹੈ –

*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥*
*ਪੰਨਾ – 1279*

ਵੈਦ ਜੀ, ਮੇਰੇ ਸੀਨੇ ਵਿਚ ਖਿੱਚ ਪਈ ਹੋਈ ਹੈ। ਇਸਦੀਆਂ ਨਿਸ਼ਾਨੀਆਂ ਮਹਾਂਪੁਰਸ਼ ਦਸਦੇ ਹਨ –

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫ਼ਤਨੋ, ਕਮ ਖ਼ੁਰਦਨੋ,*
*ਖ਼ੁਆਬਸ਼-ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਪਿਆਰ ਕਰਨ ਵਾਲੇ ਬੈਰਾਗੀ ਪੁਰਸ਼ਾਂ ਦੀਆਂ ਨੌਂ ਨਿਸ਼ਾਨੀਆਂ ਹੁੰਦੀਆਂ ਹਨ – ਠੰਢੇ ਸਾਹ ਆਉਂਦੇ ਹਨ, ਰੰਗ ਪੀਲਾ, ਅੱਖਾਂ ਵਿਚ ਹਰ ਵਕਤ ਹੀ ਹੰਝੂ ਵਗਦੇ ਰਹਿੰਦੇ ਹਨ, ਥੋੜ੍ਹਾ ਬੋਲਦਾ ਹੈ, ਥੋੜ੍ਹਾ ਖਾਂਦਾ ਹੈ, ਹਰ ਵਕਤ ਇੰਤਜ਼ਾਰੀ ਵਿਚ ਰਹਿੰਦਾ ਹੈ, ਚਿੱਤ ਵਿਚ ਬੇਕਰਾਰੀ ਹੁੰਦੀ ਹੈ, ਬਾਰ-ਬਾਰ ਮੱਥੇ ਤੇ ਹੱਥ ਰਖਦਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਬਾਰੇ ਲਿਖਿਆ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ,*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
***ਡਾ. ਭਾਈ ਵੀਰ ਸਿੰਘ ਜੀ***

ਆਪ ਨੇ ਸੁਭਾਵਿਕ ਹੀ ਪੁਛਿਆ ਕਿ ਵੈਦ ਜੀ, ਤੁਸੀਂ ਰਾਜ਼ੀ ਹੋਂ। ਵੈਦ ਨੇ ਕਿਹਾ ਕਿ ਨਾਨਕ ਜੀ! ਤੁਸੀਂ ਇਹ ਪ੍ਰਸ਼ਨ ਮੇਰੇ ਤੇ ਕਿਉਂ ਕੀਤਾ ਹੈ? ਆਪ ਨੇ ਕਿਹਾ ਕਿ ਇਸ ਸ੍ਰਿਸ਼ਟੀ ਵਿਚ ਸਿਵਾਏ ਗੁਰੂ ਤੋਂ ਕੋਈ ਐਸਾ ਨਹੀਂ ਜੋ ਰੋਗ ਤੋਂ ਬਚਿਆ ਹੋਇਆ ਹੈ।

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਪੰਨਾ – 1140*

ਕੀ ਪਰਿੰਦੇ, ਕੀ ਪਸ਼ੂ, ਕੀ ਉਡਣ ਵਾਲੇ ਪੰਛੀ, ਕੀ ਪਤੰਗੇ ਸਭ ਦੇ ਅੰਦਰ ਰੋਗ ਹਨ। ਵੈਦ ਹੈਰਾਨ ਹੋ ਗਿਆ ਕਿ ਆਪ ਦਾ ਸਰੀਰ ਅਜੇ ਬਚਪਨ ਵਿਚ ਹੀ ਹੈ, ਆਪ ਕਿੰਨੀ ਵੱਡੀ ਬਾਤ ਕਹਿ ਰਹੇ ਹੋ। ਮਹਾਰਾਜ ਜੀ ਕਹਿਣ ਲੱਗੇ, ਵੈਦ ਜੀ! ਇਹ ਦੁਨੀਆਂ ਤਾਂ ਆਪ ਨੂੰ ਨਜ਼ਰ ਆਉਂਦੀ ਹੈ ਇਸ ਦੁਨੀਆਂ ਤੋਂ ਉਪਰ ਜੋ ਸੂਖਸ਼ਮ ਮੰਡਲ ਹਨ ਜਿਨ੍ਹਾਂ ਵਿਚ ਦੈਂਤ, ਦੇਵ ਨਿਵਾਸ ਰਖਦੇ ਹਨ ਉਨ੍ਹਾਂ ਦੇ ਵਾਸੀ ਵੀ ਰੋਗੀ ਹਨ ਕਿਉਂਕਿ ਸਿਆਣਿਆਂ ਨੇ ਇਕ ਬ੍ਰਹਿਮੰਡ ਵਿਚ 14 ਤਬਕ ਗਿਣੇ ਹਨ। 14 ਤਬਕਾਂ ਵਿਚ ਹੀ ਸੂਖਮ, ਸਥੂਲ ਤੇ ਕਾਰਨ ਕਿਸਮ ਦੀ ਸ੍ਰਿਸ਼ਟੀ ਹੋਂਦ ਵਿਚ ਆਈ ਹੋਈ ਹੈ। ਸੋ ਦੇਵਤੇ ਵੀ ਰੋਗੀ ਹਨ, ਦੈਂਤ ਵੀ ਰੋਗ ਹਨ, ਮਨੁੱਖ ਵੀ ਸਾਰੇ ਰੋਗੀ ਹਨ। ਜੇ ਕੋਈ ਸੰਸਾਰ ਦੇ ਅੰਦਰ ਅਰੋਗ ਹੈ ਤਾਂ ਕੇਵਲ ਸਤਿਗੁਰੂ ਹੈ, ਬ੍ਰਹਮਗਿਆਨੀ ਮਹਾਂਪੁਰਸ਼ ਹੈ। ਵੈਦ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਜਿਥੇ ਤੁਸੀਂ ਇਹ ਭੇਦ ਭਰਿਆ ਬਚਨ ਕੀਤਾ ਹੈ ਉਥੇ ਇਹ ਵੀ ਦੱਸੋ ਕਿ ਮੈਂ ਕਿਹੜੇ ਰੋਗ ਵਿਚ ਫਸਿਆ ਹੋਇਆ ਹਾਂ। ਮਹਾਰਾਜ ਜੀ ਨੇ ਕਿਹਾ ਕਿ ਰੋਗ ਮਨ ਤੋਂ ਸ਼ੁਰੂ ਹੁੰਦੇ ਹਨ ਪਹਿਲਾਂ ਮਨ ਰੋਗੀ ਹੁੰਦਾ ਹੈ ਫੇਰ ਤਨ ਰੋਗੀ ਹੋ ਜਾਂਦਾ ਹੈ। ਜਦੋਂ ਪ੍ਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕਰੀ ਤਾਂ ਸਭ ਤੋਂ ਪਹਿਲਾਂ 'ਮੈਂ' ਤੱਤ (ਅਹੰਭਾਵ) ਦੀ ਉਪਜ ਹੋਈ ਜਿਸ ਵਿਚ ਮਹਿਤੱਤ ਦੀ ਉਪਜ ਹੋ ਕੇ ਹਉਮੈ ਕਹਾਇਆ, ਉਸ ਪਿਛੋਂ ਜੋ ਕੁਝ ਵੀ ਉਪਜਿਆ ਉਹ ਸਾਰਾ ਹਉਮੈ ਤੱਤ ਤੋਂ ਹੀ ਵਜੂਦ ਵਿਚ ਆਇਆ। ਹਉਮੈ ਇਕ ਰੋਗ ਹੈ, ਹਉਮੈ ਰੋਗ ਹੋਣ ਕਰਕੇ ਸਾਰੀ ਸ੍ਰਿਸ਼ਟੀ ਵਿਚ ਰੋਗ ਗ੍ਰਸਤ ਹੋ ਗਈ। ਸਮੁੱਚਤਾ ਵਿਚੋਂ ਵਖਰਾਪੁਣ ਮਹਿਸੂਸ ਕਰਨਾ ਜਿਸ ਨੂੰ ਮਾਇਆ ਤੇ ਮੇਰੀ ਦੀ ਭਾਵਨਾ ਕਹਿੰਦੇ ਹਨ, ਹਉਮੈ ਰੋਗ ਹੋਇਆ ਕਰਦਾ ਹੈ। ਹਉਮੈ ਰੋਗ ਹੋਣ ਕਰਕੇ ਆਦਮੀ ਜੰਮਦਾ ਮਰਦਾ ਭਟਕਦਾ ਫਿਰਦਾ ਹੈ। ਜਦੋਂ ਤਕ ਹਉਮੈ ਰੋਗ ਦਾ ਇਲਾਜ ਨਹੀਂ ਹੁੰਦਾ, ਉਦੋਂ ਤਕ ਮਾਇਆ ਦੇ ਬੰਧਨਾਂ ਤੋਂ ਛੁਟ ਨਹੀਂ ਸਕਦਾ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ– 466*

ਜਦੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ ਤਾਂ ਅਗਿਆਨ ਦਾ ਮੋਤੀਆ ਬਿੰਦ ਜੋ ਅੱਖਾਂ ਵਿਚ ਆ ਕੇ ਦਿਬਦ੍ਰਿਸ਼ਟ ਬੰਦ ਕਰ ਦਿੰਦਾ ਹੈ, ਉਹ ਦਿਬਜ ਦ੍ਰਿਸ਼ਟ ਮੁੜ ਪ੍ਰਾਪਤ ਹੋ ਜਾਂਦੀ ਹੈ। ਜਿਵੇਂ ਕਿ ਫੁਰਮਾਨ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਪੰਨਾ – 922*

ਮੇਰਾ ਖਿਆਲ ਹੈ ਵੈਦ ਜੀ, ਤੁਸੀਂ ਇਹ ਗੱਲ ਸਮਝ ਗਏ ਹੋਵੋਂਗੇ ਵਾਹਿਗੁਰੂ ਦਾ ਰੂਪ ਹੁੰਦਾ ਹੋਇਆ ਭੀ ਸੰਸਾਰ ਇਸ ਕਰਕੇ ਭਾਸਦਾ ਹੈ। ਇਹ ਸੂਝ ਕਰਕੇ ਦੇਖਣ ਵਾਲੀਆਂ ਅੱਖੀਆਂ ਨੂੰ ਮੋਤੀਆਬਿੰਦ ਹੋ ਗਿਆ ਅਤੇ ਦਿਬਜ ਦ੍ਰਿਸ਼ਟੀ ਬੰਦ ਹੋ ਗਈ। ਕਿਹਾ ਜਾਂਦਾ ਹੈ ਕਿ ਸਾਵਣ ਦੇ ਮਹੀਨੇ ਅੰਨ੍ਹੇ ਹੋਏ ਬੰਦੇ ਨੂੰ ਸਭ ਕੁਝ ਹਰੇ ਰੰਗ ਦਾ ਹੀ ਦਿਸਦਾ ਹੈ। ਵੈਦ ਜੀਂ ਮੋਤੀਏ ਦਾ ਇਲਾਜ ਗਿਆਨ ਅੰਜਨ ਹੈ ਜੋ ਸਮਰੱਥ ਸਤਿਗੁਰੂ ਪਾਸ ਹੁੰਦਾ ਹੈ। ਜਦੋਂ ਗੁਰੂ ਦੀ ਕ੍ਰਿਪਾ ਰਾਹੀਂ ਹਉਮੈ ਦਾ ਅੰਧਪੁਣ ਦੂਰ ਹੁੰਦਾ ਹੈ ਤਾਂ ਇਥੇ ਇਕੋ ਵਾਹਿਗੁਰੂ ਜੀ ਦਾ ਆਪਣੇ ਆਪ ਤੋਂ ਕੀਤਾ ਪਸਾਰਾ ਹੀ ਭਾਸਦਾ ਹੈ। ਜਦੋਂ ਅਸਲੀ ਵਸਤੂ ਬ੍ਰਹਮ ਹੀ ਸਰਬ ਰਮਿਆ, ਸਭਨਾਂ ਰੂਪਾਂ, ਰੰਗਾਂ, ਜਿਨਸਾਂ ਵਿਚ ਦਿਖਣਾ ਸ਼ੁਰੂ ਹੋ ਜਾਵੇ, ਵੈਦ ਜੀ! ਇਸ ਨੂੰ ਦਿਬਜ ਦ੍ਰਿਸ਼ਟ ਦੀ ਪ੍ਰਾਪਤੀ ਕਿਹਾ ਜਾਂਦਾ ਹੈ। ਮਹਾਂਭਾਰਤ ਦੇ ਯੁੱਧ ਵਿਚ ਕ੍ਰਿਸ਼ਨ ਜੀ ਨੇ ਆਪਣਾ ਵੈਰਾਟ ਸਰੂਪ ਅਰਜਨ ਨੂੰ


Sri Satguru Jagjit Singh Ji eLibrary NamdhariElibrary@gmail.com

ਵਿਖਾਇਆ ਕਿਉਂਕਿ ਉਸ ਨੂੰ ਦਿਬਯ ਦ੍ਰਿਸ਼ਟ ਦੀ ਪ੍ਰਾਪਤੀ ਹੋ ਗਈ ਸੀ। ਇਸੇ ਤਰ੍ਹਾਂ ਸੰਜੇ ਨੇ ਮਹਾਂਭਾਰਤ ਦੀ ਲੜਾਈ ਦਾ ਸਾਰਾ ਹਾਲ ਧ੍ਰਿਤਰਾਸ਼ਟਰ ਨੂੰ ਦੱਸਿਆ। ਦ੍ਰਿਸ਼ਟੀ ਦਾ ਦੋਖ ਦੂਰ ਹੋ ਕੇ ਇਕ ਹੀ ਨਜ਼ਰੀ ਪੈਂਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਇਸ ਤਰ੍ਹਾਂ ਵੈਦ ਜੀ, ਦੂਸਰਾ ਰੋਗ ਨਿੰਦਿਆ ਹੋਇਆ ਕਰਦਾ ਹੈ ਕਿਸੇ ਦੀ ਤਰੱਕੀ ਦੇਖ ਕੇ ਜਾਂ ਉਸ ਦੇ ਪ੍ਰਤਾਪ ਨੂੰ ਦੇਖ ਕੇ ਉਸਦੇ ਬਾਰੇ ਕਿਸੇ ਦੂਸਰੇ ਕੋਲ ਉਸ ਦੇ ਖਿਲਾਫ ਬੋਲਣਾ। ਮਹਾਂਪੁਰਸ਼ਾਂ ਦੀ ਨਿੰਦਿਆ ਦਾ ਦੋਸ਼ ਬਹੁਤ ਲਗਦਾ ਹੈ –

***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ।। ਪੰਨਾ – 875***

ਪਰ ਕਿਸੇ ਆਮ ਬੰਦੇ ਦੀ ਨਿੰਦਿਆ ਕਰਨਾ ਵੀ ਗੁਰੂ ਘਰ ਵਿਚ ਬਿਵਰਜਿਤ ਹੈ।

***ਨਿੰਦਾ ਭਲੀ ਕਿਸੇ ਕੀ ਨਾਹੀ ਮਨਮੁਖ ਮੁਗਧੁ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਪੰਨਾ – 755***

ਕੋਈ ਬੰਦਾ ਚਾਹੇ ਕਿੰਨੇ ਹੀ ਹਸਪਤਾਲ ਬਣਾ ਦੇਵੇ, ਲੰਗਰ ਚਲਾ ਦੇਵੇ, ਬੇਅੰਤ ਦਾਨ ਕਰੇ, ਬੇਅੰਤ ਦੌਲਤ ਵੰਡ ਦੇਵੇ ਉਸ ਦਾ ਜੋ ਪੁੰਨ ਪ੍ਰਾਪਤ ਹੁੰਦਾ ਹੈ ਉਹ ਨਿੰਦਿਆ ਕਰਨ ਨਾਲ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ।

***ਜੇ ਓਹੁ ਅਠਸਠਿ ਤੀਰਥ ਨਾਵੈ॥***
***ਜੇ ਓਹੁ ਦੁਆਦਸ ਸਿਲਾ ਪੂਜਾਵੈ॥***
***ਜੇ ਓਹੁ ਕੂਪ ਤਟਾ ਦੇਵਾਵੈ॥***
***ਕਰੈ ਨਿੰਦ ਸਭ ਬਿਰਥਾ ਜਾਵੈ॥***
***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ॥***
***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥***
***ਅਰਪੈ ਨਾਰਿ ਸੀਗਾਰ ਸਮੇਤਿ॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥***
***ਕਰੈ ਨਿੰਦ ਕਵਨੈ ਨਹੀ ਗੁਨੈ॥***
***ਜੇ ਓਹੁ ਅਨਿਕ ਪ੍ਰਸਾਦ ਕਰਾਵੈ॥***
***ਭੂਮਿ ਦਾਨ ਸੋਭਾ ਮੰਡਪਿ ਪਾਵੈ॥***
***ਅਪਨਾ ਬਿਗਾਰਿ ਬਿਰਾਂਨਾ ਸਾਂਢੈ॥***
***ਕਰੈ ਨਿੰਦ ਬਹੁ ਜੋਨੀ ਹਾਂਢੈ॥***
***ਨਿੰਦਾ ਕਹਾ ਕਰਹੁ ਸੰਸਾਰਾ॥***
***ਨਿੰਦਕ ਕਾ ਪਰਗਟਿ ਪਾਹਾਰਾ॥***
***ਨਿੰਦਕੁ ਸੋਧਿ ਸਾਧਿ ਬੀਚਾਰਿਆ॥***
***ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥***
***ਪੰਨਾ – 875***

ਸੋ ਇਸ ਕਰਕੇ ਬਹੁਤ ਹੀ ਭਿਆਨਕ ਰੋਗ ਹੈ। ਇਥੋਂ ਤਕ ਦੱਸਿਆ ਹੈ ਕਿ ਨਿੰਦਕ ਦਾ ਕੋਈ ਦਾਰੂ ਵੀ ਨਹੀਂ ਹੈ। ਨਿੰਦਿਆ ਕਰਨ ਵਾਲੇ ਦਾ ਤਾਂ ਕੁੰਭੀ ਨਰਕ ਵਿਚ ਵਾਸਾ ਹੁੰਦਾ ਹੈ। ਇਸੇ ਤਰ੍ਹਾਂ ਚੁਗਲੀ ਵੀ ਬੜੀ ਭੈੜੀ ਬਿਮਾਰੀ ਹੈ। ਚੁਗਲੀਆਂ ਦੇ ਫਲਸਰੂਪ ਹੀ ਬਹੁਤ ਸਾਰੀਆਂ ਲੜਾਈਆਂ ਹੋ ਜਾਂਦੀਆਂ ਹਨ। ਇਨ੍ਹਾਂ ਬਿਮਾਰੀਆਂ ਨੂੰ ਵਮਨ ਦੀ ਬਿਮਾਰੀ ਆਖਦੇ ਹਨ। ਜਿਸ ਤਰ੍ਹਾਂ ਕਿਸੇ ਨੂੰ ਹੈਜ਼ਾ ਹੋ ਜਾਂਦਾ ਹੈ, ਉਹ ਉਲਟੀਆਂ ਕਰਦਾ ਹੈ ਇਸੇ ਤਰ੍ਹਾਂ ਨਾਲ ਵਮਨ ਬਿਮਾਰੀ ਹੈ, ਚੁਗਲੀ ਨਿੰਦਾ ਦੀ ਛੋਟੀ ਭੈਣ ਹੈ, ਹਉਮੈ ਨੂੰ ਕੋਹੜ ਕਿਹਾ ਗਿਆ ਹੈ। ਵੈਦ ਜੀ, ਇਨ੍ਹਾਂ ਨਾਲ ਰਲਦੀ ਮਿਲਦੀ ਬਿਮਾਰੀ ਈਰਖਾ ਹੋਇਆ ਕਰਦੀ ਹੈ। ਕਿਸੇ ਦੀ ਤਰੱਕੀ ਦੇਖ ਕੇ ਜਰ ਨਾ ਹੋਣਾ, ਕਿਸੇ ਦੇ ਬੱਚੇ ਚੰਗੀਆਂ ਪੜ੍ਹਾਈਆਂ ਕਰ ਜਾਣ, ਦੇਖ ਕੇ ਖਿਝੀ ਜਾਣਾ, ਖਿਝ ਕੇ ਨੁਕਸਾਨ ਕਰੀ ਜਾਣਾ। ਇਹ ਬਹੁਤ ਵੱਡੀ ਭੁੱਲ ਹੈ। ਇਕ ਪਾਸੇ ਅਸੀਂ ਬਹੁਤ ਪਾਠ ਕਰਦੇ ਹਾਂ, ਪੰਜ ਬਾਣੀਆਂ ਪੜ੍ਹਦੇ ਹਾਂ, ਹੋਰ ਅਨੇਕਾਂ ਕੰਮ ਕਰਦੇ ਹਾਂ, ਦੂਸਰੇ ਪਾਸੇ ਅਸੀਂ ਕਿਸੇ ਦੀ ਤਰੱਕੀ ਦੇਖ ਕੇ ਸੜਦੇ ਬਲਦੇ ਰਹਿੰਦੇ ਹਾਂ। ਇਸ ਤਰ੍ਹਾਂ ਇਸ ਬਿਮਾਰੀ ਨਾਲ ਪੁੰਨ ਕਰਮ ਫਲ ਨਹੀਂ ਦਿੰਦੇ। ਪੁੰਨਾ ਦਾ ਨਾਸ਼ ਹੋ ਜਾਇਆ ਕਰਦਾ ਹੈ।

ਈਰਖਾ ਕਰਨ ਵਾਲੇ ਦਾ ਹਿਰਦਾ ਕਮਲ ਮੂਧਾ ਹੋ ਜਾਂਦਾ ਹੈ ਅਤੇ ਹਿਰਦਾ ਸੜਦਾ ਰਹਿੰਦਾ ਹੈ। ਸਰੀਰ ਦੇ ਨਰੋਏ ਅੰਗਾਂ ਵਿਚ ਜਲਣ ਪੈਦਾ ਹੋ ਜਾਂਦੀ ਹੈ, ਚਿਹਰੇ ਦੀ ਸੁੰਦਰਤਾ ਨਾਸ਼ ਹੋ ਕੇ ਝੁਰੜੀਆਂ ਪੈ ਜਾਂਦੀਆਂ ਹਨ। ਇਸ ਸੜਦੇ ਬਲਦੇ ਹਿਰਦੇ ਵਿਚ ਪ੍ਰਭੂ ਗਿਆਨ, ਪਿਆਰ, ਪੈਦਾ ਹੋਣਾ ਤਾਂ ਇਕ ਪਾਸੇ ਰਿਹਾ, ਉਹ ਕਿਸੇ ਨਾਲ ਭੀ ਪਿਆਰ ਨਹੀਂ ਕਰ ਸਕਦਾ। ਅੰਦਰੋਂ ਸੜਦਾ ਬਲਦਾ ਰਹਿੰਦਾ ਹੈ, ਜੀਵਨ ਕੇਵਲ ਇਕ 'ਬਲਨਾ' ਹੀ ਬਣ ਜਾਂਦਾ ਹੈ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ – 308***

ਮਹਾਰਾਜ ਕਹਿੰਦੇ ਹਨ ਕਿ ਈਰਖਾ ਵਾਲੇ ਦਾ ਕਦੇ ਭੀ ਭਲਾ ਨਹੀਂ ਹੋ ਸਕਦਾ। ਇਹ ਜੋ ਹੁਕਮ ਹਨ ਇਹ ਧੁਰ ਦਰਗਾਹ ਦੇ ਹੁਕਮ ਹਨ ਇਨ੍ਹਾਂ ਨੂੰ ਅੱਖੋ ਪਰੋਖੇ ਕਰਕੇ ਅਸੀਂ ਉਸ ਦੋਸ਼ ਤੋਂ ਨਹੀਂ ਬਚ ਸਕਦੇ ਕਿ ਕਦੇ ਭਲਾ ਹੀ ਨਹੀਂ ਹੋਣਾ।

ਸੋ ਵੈਦ ਜੀ, ਜ਼ਰਾ ਵਿਚਾਰੋ! ਕਿੰਨੀਆਂ ਭਿਆਨਕ ਬਿਮਾਰੀਆਂ ਹਨ ਇਨ੍ਹਾਂ ਤੋਂ ਅੱਗੇ ਜਿਸ ਨੂੰ ਤੇਜ਼ ਬੁਖ਼ਾਰ (high fever) ਆਖਦੇ ਹਨ ਉਹ ਤ੍ਰਿਸ਼ਨਾ ਦਾ ਰੋਗ ਹੈ। ਆਦਮੀ ਵਾਸ਼ਨਾਵਾਂ ਦੇ ਅਧੀਨ ਹੈ, ਵਾਸ਼ਨਾਵਾਂ ਦੀ ਪੂਰਤੀ ਲਈ ਮੰਗਦਾ ਰਹਿੰਦਾ ਹੈ, ਕੋਈ ਪੁੱਤਰ ਮੰਗਦਾ ਰਹਿੰਦਾ ਹੈ, ਜਿਸ ਦੇ ਲੜਕੇ-ਲੜਕੀ ਨੂੰ ਵਰ ਪ੍ਰਾਪਤ ਨਹੀਂ ਹੋਇਆ, ਉਹ ਵਰ ਲੈਣ ਦੀ ਸਦਾ ਹੀ ਸੋਚ ਰਖਦਾ ਹੈ, ਪੈਸੇ ਕਮਾਉਂਦਾ ਹੈ ਉਸ ਨੂੰ ਸਬਰ ਨਹੀਂ ਆਉਂਦਾ। ਜਿਸ ਤਰ੍ਹਾਂ ਕਿ ਬਾਣੀ ਵਿਚ ਫੁਰਮਾਨ ਆਉਂਦਾ ਹੈ।

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥***
***ਪੰਨਾ – 919***

ਇਸੇ ਤਰ੍ਹਾਂ ਆਸ਼ਾ, ਤ੍ਰਿਸ਼ਨਾ, ਨਫਰਤ ਕਰਨੀ ਆਦਿ ਅਨੇਕਾਂ ਬਿਮਾਰੀਆਂ ਹਨ ਜਿਨ੍ਹਾਂ ਦਾ ਬੋਝ ਮਨ ਝੱਲ ਨਹੀਂ ਸਕਦਾ ਅਤੇ ਬਿਮਾਰ ਹੋ ਜਾਂਦਾ ਹੈ। ਮਨ ਦੇ ਬਿਮਾਰ ਹੁੰਦਿਆਂ ਹੀ ਸਰੀਰ ਵਿਚ ਵੀ ਰੋਗ ਆ ਜਾਂਦੇ ਹਨ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਮਾਨਸਿਕ ਬਿਮਾਰੀਆਂ ਤੇ ਹੋਰ ਊਣਤਾਈਆਂ



Sri Satguru Jagjit Singh Ji eLibrary NamdhariElibrary@gmail.com

ਦਾ ਜ਼ਿਕਰ ਕੀਤਾ। ਉਸ ਵੇਲੇ ਵੈਦ ਸ਼ਰਧਾ ਦੇ ਘਰ ਵਿਚ ਆ ਗਿਆ। ਕਹਿਣ ਲੱਗਿਆ ਕਿ ਹੇ ਨਾਨਕ ਜੀ, ਤੁਸੀਂ ਪਾਂਧੇ ਪਾਸ ਗਏ, ਉਸ ਨੂੰ ਵਿਦਿਆ ਦੇ ਆਏ, ਜੇ ਆਪ ਮੌਲਵੀ ਪਾਸ ਗਏ ਤਾਂ ਉਸ ਨੂੰ ਵੀ ਸੱਚ ਦਾ ਰਾਹ ਦਸ ਦਿਤਾ। ਹੁਣ ਮੇਰੇ ਉਪਰ ਵੀ ਕ੍ਰਿਪਾ ਕਰੋ ਬਿਮਾਰੀਆਂ ਬਾਰੇ ਤਾਂ ਆਪ ਨੇ ਦਸ ਦਿਤਾ, ਹੁਣ ਇਹ ਵੀ ਦੱਸੋ ਕਿ ਇਨ੍ਹਾਂ ਦਾ ਕੋਈ ਇਲਾਜ ਵੀ ਹੈ?

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਵੈਦ ਜੀ, ਸਾਰੀਆਂ ਬਿਮਾਰੀਆਂ ਦੀ ਜੜ੍ਹ ਮਨ ਵਿਚ ਹੋਇਆ ਕਰਦੀ ਹੈ। ਐਂ ਕਹਿ ਲਓ, ਅੰਤਸ਼ਕਰਣ ਵਿਚ ਹੋਇਆ ਕਰਦੀ ਹੈ ਜਿਸਦੇ ਪ੍ਰਭਾਵ ਕਰਕੇ ਚਿੱਤ ਵਿਚ ਵੀ ਦੁੱਖ ਮਹਿਸੂਸ ਹੁੰਦਾ ਹੈ, ਬੁੱਧੀ ਵੀ ਪੀੜਿਤ ਹੁੰਦੀ ਹੈ, ਮਨ ਵਿਚ ਵੀ ਪਰੇਸ਼ਾਨੀਆਂ ਹੋ ਜਾਂਦੀਆਂ ਹਨ ਅਤੇ ਮਨ ਦੇ ਫੁਰਨੇ ਨਫੀ ਵਲ (ਗਿਰਾਵਟ) ਨੂੰ ਜਾਂਦੇ ਹਨ ਅਤੇ ਮਨ ਉਦਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਮਨ ਰੋਗੀ ਹੋ ਗਿਆ, ਉਸ ਵੇਲੇ ਸਰੀਰ ਦੀ ਵੀ ਵਾਰੀ ਆਉਂਦੀ ਹੈ, ਸਰੀਰ ਨੂੰ ਸ਼ਕਤੀ ਦੇਣ ਵਾਲਾ ਖੇੜਾ, ਚਾਓ, ਹੁਲਾਰ, ਖੁਸ਼ੀਆਂ ਦਾ ਇਨ੍ਹਾਂ ਉਤੇ ਭਾਰੀ ਅਸਰ ਪੈਂਦਾ ਹੈ। ਜਦੋਂ ਖੁਸ਼ੀ ਦੀ ਥਾਂ ਤੇ ਮਨ ਵਿਚ ਸੋਗ ਰਹਿਣਾ ਸ਼ੁਰੂ ਕਰ ਜਾਵੇ, ਉਦਾਸੀ ਰਹਿਣ ਲਗ ਜਾਵੇ, ਢਹਿੰਦੀਆਂ ਕਲਾ ਪ੍ਰਵੇਸ਼ ਕਰ ਜਾਇਆ ਕਰਦੀਆਂ ਹਨ, ਉਸ ਵੇਲੇ ਆਤਮਕ ਸ਼ਕਤੀ ਜਾਂ ਚੜ੍ਹਦੀ ਕਲਾ ਦੀ ਭਾਵਨਾ ਘਟ ਜਾਂਦੀ ਹੈ ਅਤੇ ਸਰੀਰ ਵਿਚ ਅਨੇਕਾਂ ਬਿਆਧੀਆਂ ਉਠ ਖੜ੍ਹਦੀਆਂ ਹਨ। ਇਹ ਕੇਵਲ ਜੋ ਮਨ ਦੇ ਰੋਗ ਮੈਂ ਤੁਹਾਨੂੰ ਦੱਸੇ ਹਨ, ਇਹੋ ਹੀ ਨਹੀਂ ਹਨ ਜੋ ਮਨ ਵਿਚ ਉਦਾਸੀ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਭਾਈਚਾਰਕ, ਸਮਾਜਿਕ ਰੋਗ ਹਨ, ਆਰਥਿਕ ਤਰੁੱਟੀਆਂ ਦੇ ਰੋਗ ਹਨ, ਕਾਰੋਬਾਰਾਂ ਵਿਚ ਸਫਲਤਾ ਨਾ ਹੋਣ ਕਾਰਨ ਅਸਰ ਮਨ ਉਪਰ ਪੈਂਦੇ ਹਨ। ਰਾਜਸੀ ਅਸਰ ਮਨ ਨੂੰ ਘੇਰੀਂ ਰਖਦਾ ਹੈ। ਸਰੀਰਕ ਚਾਲ ਵਿਚ, ਦੁਨਿਆਵੀ ਕਾਰੋਬਾਰਾਂ ਵਿਚ ਵਿਘਨ ਖੜ੍ਹੇ ਹੋ ਜਾਂਦੇ ਹਨ, ਕੋਈ ਇਲਾਜ ਨਹੀਂ ਬਣਦਾ। ਆਧੀ, ਬਿਆਧੀ, ਉਪਾਧੀ – ਅਧਿਆਤਮਿਕ, ਆਧਿਭੌਤਿਕ, ਆਧਿਦੈਵਿਕ ਤਿੰਨ ਕਿਸਮ ਦੇ ਦੁੱਖ ਹਨ। ਅਵਿਅਕਤ ਹਸਤੀਆਂ ਦੇ ਪਾਏ ਹੋਏ ਵਿਘਨ ਅਤੇ ਹੋਰ ਅਨੇਕਾਂ ਪਰੇਸ਼ਾਨੀਆਂ ਜਦੋਂ ਆਦਮੀ ਦੇ ਸਾਮ੍ਹਣੇ ਆ ਕੇ ਖੜ੍ਹੀਆਂ ਹੁੰਦੀਆਂ ਹਨ ਇਨ੍ਹਾਂ ਦਾ ਅਸਰ ਪਹਿਲਾਂ ਚਿੱਤ ਉਪਰ ਪੈਂਦਾ ਹੈ, ਬੁੱਧੀ ਉਪਰ ਪੈਂਦਾ ਹੈ, ਮਨ ਉਪਰ ਪੈਂਦਾ ਹੈ, ਮਨ ਤੋਂ ਪ੍ਰਾਨਾਂ ਦਾ ਸੰਤੁਲਨ ਵਿਗੜ ਜਾਂਦਾ ਹੈ, ਪ੍ਰਾਨਾਂ ਦੇ ਸੰਤੁਲਨ ਵਿਗੜਨ ਨਾਲ ਸਰੀਰ ਦੇ ਤੱਤ, ਪਿੱਤ, ਵਾਇ, ਕਫ, ਗਰਮੀ ਮਰਿਆਦਾ ਛੱਡ ਦਿੰਦੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਸਰ ਦਿਮਾਗ ਉਤੇ ਪੈਂਦਾ ਹੈ, ਦਿਮਾਗ ਦਾ ਜਦੋਂ ਵੀ ਸੰਤੁਲਨ ਵਿਗੜ ਜਾਂਦਾ ਹੈ, ਉਸ ਵੇਲੇ ਉਸ ਦੀ ਕਾਬੂ ਕਰਨ ਦੀ ਸ਼ਕਤੀ ਛਿਨਭੰਗਰ ਹੋ ਜਾਂਦੀ ਹੈ। ਉਸ ਵੇਲੇ ਇਨ੍ਹਾਂ ਦਾ ਪ੍ਰਤੱਖ ਅਨੁਭਵ ਸਰੀਰ ਦੇ ਰੋਗਾਂ ਵਿਚ ਪ੍ਰਗਟ ਹੋ ਜਾਂਦਾ ਹੈ। ਵੈਦ ਜੀ! ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਸਾਰੇ ਰੋਗ ਦਿਮਾਗ ਦੀ ਕਮਜ਼ੋਰੀ ਕਰਕੇ ਹੁੰਦੇ ਹਨ ਜਿਸ ਨੂੰ ਅਸੀਂ ਆਮ ਬੋਲੀ ਵਿਚ ਕਹਿ ਦਿੰਦੇ ਹਾਂ ਕਿ ਪਹਿਲਾਂ ਮਨ ਰੋਗੀ ਹੁੰਦਾ ਹੈ ਫੇਰ ਤਨ ਰੋਗੀ ਹੁੰਦਾ ਹੈ। ਪ੍ਰਭੂ ਨੇ ਸ੍ਰਿਸ਼ਟੀ ਬਣਾਉਣ ਸਮੇਂ ਇਨ੍ਹਾਂ ਸਾਰੀਆਂ ਊਣਤਾਈਆਂ, ਤਰੁੱਟੀਆਂ ਦਾ ਇਲਾਜ ਭੀ ਇਸ ਸਰੀਰ ਵਿਚ ਰੱਖਿਆ ਹੋਇਆ ਹੈ ਅਤੇ ਉਸ ਸਮੁੱਚੀ ਦਵਾਈ ਨੂੰ ਅਸੀਂ ਨਾਮ ਆਖਦੇ ਹਾਂ। ਫੁਰਮਾਨ ਹੈ –

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥*** ***ਪੰਨਾ – 259***

ਨਾਮ ਦਾ ਮਾਰਗ ਸਮਰੱਥ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦਾ ਅਤੇ ਸਮਰੱਥ ਗੁਰੂ ਜਦੋਂ ਨਾਮ ਮਾਰਗ ਦੇ ਉਤੇ ਜਗਿਆਸੂ ਨੂੰ ਪਾਉਂਦਾ ਹੈ ਉਸ ਵੇਲੇ ਇਸ ਬੰਦੇ ਨੂੰ ਸੰਜਮ ਵਿਚ ਆਉਣਾ ਪੈਂਦਾ ਹੈ। ਇਸ ਸੰਜਮ ਵਿਚ ਕੁਝ ਉਹ ਕੰਮ ਹਨ ਜਿਨ੍ਹਾਂ ਦੇ ਕਰਨ ਨਾਲ ਬੁਰਾ ਅਸਰ ਪੈਂਦਾ ਹੈ। ਉਹ ਮਨ੍ਹਾਂ ਕਰ ਦਿਤੇ ਜਾਂਦੇ ਹਨ, ਪੂਰੀ ਤਰ੍ਹਾਂ ਪਾਬੰਦੀ ਲਾ ਦਿਤੀ ਜਾਂਦੀ ਹੈ ਕਿ ਅਜਿਹਾ ਕੰਮ ਨਹੀਂ ਕਰਨਾ। ਜਿਸ ਤਰ੍ਹਾਂ **'ਹਿੰਸਾ'** ਹੈ, ਦੂਸਰੇ ਨੂੰ ਨੁਕਸਾਨ ਪਹੁੰਚਾ ਦੇਣਾ ਸਰੀਰਕ ਤੌਰ ਤੇ, ਬਾਣੀ ਰਾਹੀਂ, ਮਨ ਰਾਹੀਂ, ਬੁੱਧੀ ਦੀਆਂ ਚਲਾਕੀਆਂ ਰਾਹੀਂ ਅਤੇ ਆਪਣੀ ਆਤਮਕ ਸਤਾ ਰਾਹੀਂ, ਜੋ ਅਸਰ ਹੈ, ਜੋ ਜੀਵਨ ਦੇ ਸੰਤੁਲਨ ਨੂੰ ਪੂਰੀ ਤਰ੍ਹਾਂ ਵਿਗਾੜ ਕੇ ਰੱਖ ਦਿੰਦਾ ਹੈ। ਚੋਰੀ ਕਰਨੀ ਹੈ, ਚੋਰੀ ਕੇਵਲ ਪਦਾਰਥਾਂ ਦੀ ਹੀ ਨਹੀਂ; ਕਿਸੇ ਦੀ ਵਿਦਵਤਾ ਦੀ ਚੋਰੀ ਕਰਨੀ, ਕਿਸੇ ਦੇ ਬਚਨ ਚੋਰੀ ਕਰ ਲੈਣੇ, ਪੁਸਤਕਾਂ ਵਿਚੋਂ ਖਿਆਲ ਚੁਰਾ ਕੇ ਆਪਣੇ ਬਣਾ ਕੇ ਦਸਣੇ, ਧਨ ਚੋਰੀ ਕਰਨਾ, ਪਰਾਏ ਰੂਪ ਮੰਦੇ ਭਾਵ ਨਾਲ ਤੱਕਣੇ ਇਹ ਸਭ ਚੋਰੀ ਵਿਚ ਆ ਜਾਂਦੇ ਹਨ। ਇਨ੍ਹਾਂ ਨਾਲ ਰਲਦੀਆਂ ਮਿਲਦੀਆਂ ਚੀਜ਼ਾਂ ਕਾਮ ਹੈ, ਈਰਖਾ ਹੈ, ਨਿੰਦਿਆ ਹੈ, ਚੁਗਲੀ ਹੈ, ਵਖੀਲੀ ਹੈ, ਇਨ੍ਹਾਂ ਵਿਚ ਪ੍ਰਵਿਰਤ ਹੋ ਜਾਣਾ। ਇਨ੍ਹਾਂ ਦੇ ਨਾਲ ਹੀ ਆਦਮੀ ਦਾ ਫਿੱਕਾ ਬੋਲਣਾ, ਮਰਿਆਦਾ ਤੋਂ ਉਲਟ ਭੋਜਨ ਛਕਣਾ, ਮਨ ਵਿਚ ਵੈਰ ਭਾਵ, ਅਪਵਿੱਤਰ ਖਿਆਲ ਰੱਖਣੇ ਅਤੇ ਅਨੇਕਾਂ ਹੋਰ ਕੁਕਰਮ ਇਸ ਵਿਚ ਆ ਜਾਂਦੇ ਹਨ। ਇਹ ਸੰਜਮ ਹੈ ਜਿਸ ਨੂੰ ਰੱਖਣਾ, ਜਿਸ ਦੀ ਪਾਲਣਾ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਜਿਸ ਤਰ੍ਹਾਂ ਵੈਦ ਲੋਕ ਆਮ ਆਖਦੇ ਹਨ ਕਿ ਜੋ ਦਵਾਈ ਮੈਂ ਤੁਹਾਨੂੰ ਦੇ ਰਿਹਾ ਹਾਂ ਇਸ ਦੇ ਨਾਲ ਖੱਟਾ ਨਹੀਂ ਖਾਣਾ, ਮਿਰਚ, ਅਚਾਰ ਵਗੈਰਾ ਨਹੀਂ ਖਾਣੇ। ਜਿਨ੍ਹਾਂ ਦੇ ਵਿਚ ਜੋ ਨਾਂਹ ਪੱਖ ਹਨ ਉਨ੍ਹਾਂ ਉਪਰ ਪੂਰੀ ਤਰ੍ਹਾਂ ਧਿਆਨ ਦੇਣਾ। ਇਸ ਦੇ ਵਿਪਰੀਤ ਜੋ ਪੱਥ ਰੱਖਿਆ ਜਾਂਦਾ ਹੈ ਜੋ ਇਸ ਨਾਮ ਦਵਾਈ ਦੇ ਅਸਰ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਹੈ ਉਸ ਨੂੰ ਥੋੜ੍ਹੇ ਅੱਖਰਾਂ ਵਿਚ ਮੈਂ ਤੁਹਾਨੂੰ ਦਸਦਾ ਹਾਂ। ਉਹ ਪੱਥ ਹੈ ਕਿ ਮਨ, ਤਨ, ਚਿਤ, ਬਚਨ ਵਿਚ ਹਿੰਸਾ ਨਹੀਂ ਆਉਣ ਦੇਣੀ। ਆਪਣੇ ਜੀਵਨ ਨੂੰ ਸਤਿਵਰਤੀ ਬਣਾਉਣਾ, ਕਿਸੇ ਦੀ ਬੇਗਾਨੀ ਚੀਜ਼ ਵਲ ਆਪਣੀ ਬਣਾਉਣ ਵਾਸਤੇ ਭਾਵਨਾ ਪੈਦਾ ਨਾ ਕਰਨਾ, ਮੋਟੇ ਅੱਖਰਾਂ ਵਿਚ ਚੋਰੀ ਨਾ ਕਰਨੀ, ਮਨ ਵਿਚੋਂ ਕਾਮ ਵਾਸ਼ਨਾਵਾਂ ਖਤਮ ਕਰਕੇ 'ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ' ਦਾ ਵਰਤ ਧਾਰਨਾ ਕਰਨਾ, ਸੁਖ ਦੁਖ ਵਿਚ ਕਾਹਲੇ ਨਾ ਪੈਣਾ, ਇਸ ਦੇ ਵਿਪਰੀਤ ਧੀਰਜ ਰੱਖਣੀ ਅਤੇ ਸ਼ਾਂਤ ਚਿੱਤ ਹੋ ਕੇ ਆਪਣੀ ਮੁਸ਼ਕਲ ਦਾ ਹੱਲ ਸੋਚਣਾ। ਇਕ ਹੋਰ ਸੁਨਿਹਰੀ ਗੁਣ ਹੈ ਜਿਸ ਨੂੰ ਖਿਮਾ ਆਖਿਆ ਜਾਂਦਾ ਹੈ। ਦੂਸਰੇ ਦੇ ਅਵਗੁਣ ਦੇਖ ਕੇ ਆਪਣੇ ਅੰਦਰ ਮੰਦ ਭਾਵਨਾ ਨਾ ਆਉਣ



Sri Satguru Jagjit Singh Ji eLibrary NamdhariElibrary@gmail.com

ਦੇਣਾ, ਇਹ ਸੋਚਣਾ ਕਿ ਇਸ ਦਾ ਕਿਵੇਂ ਭਲਾ ਹੋ ਸਕਦਾ ਹੈ। ਸੰਸਾਰ ਦੇ ਵਿਚ ਕਈ ਮੰਦ ਕਰਮਾਂ ਕਰਕੇ ਦੁਖੀ ਹੁੰਦੇ ਹਨ, ਕਈ ਵੈਸੇ ਹੀ ਆਪਣੇ ਹਾਲਾਤ ਦੇ ਮੁਤਾਬਿਕ ਕੋਈ ਵਾਹ ਨਹੀਂ ਲਗਦੀ ਕਰਕੇ ਦੁਖੀ ਹੋ ਜਾਂਦੇ ਹਨ, ਜਿਥੋਂ ਤਕ ਵੀ ਹੋਵੇ ਯਥਾਸ਼ਕਤ ਹਮਦਰਦੀ ਕਰਨੀ। ਬਹੁਤ ਆਦਮੀਆਂ ਦਾ ਸੁਭਾਅ ਹੈ ਕਿ ਉਹ ਬੋਲਣ ਵੇਲੇ ਇਹ ਨਹੀਂ ਦੇਖਦੇ ਕਿ ਮੇਰੀ ਗੱਲ ਨਾਲ ਕਿਸੇ ਦਾ ਦਿਲ ਦੁਖ ਜਾਵੇਗਾ। ਬੋਲ ਦਾ ਹੀ ਅਸਰ ਇਕ ਦੂਸਰੇ ਉਪਰ ਬਹੁਤ ਪੈਂਦਾ ਹੈ। ਤੁਸੀਂ ਕਿਸੇ ਨੂੰ ਮੰਦਾ ਆਖ ਦੇਵੋ, ਉਸ ਦੇ ਉਪਰ ਕੋਈ ਅਰੋਪ ਲਾ ਦੇਵੋ, ਫਿੱਕਾ ਬੋਲ ਦੇਵੋ, ਉਸ ਦਾ ਦਿਲ ਟੁਕੜੇ ਟੁਕੜੇ ਹੋ ਜਾਵੇਗਾ। ਵੈਦ ਜੀ ਤੁਹਾਨੂੰ ਪਤਾ ਹੀ ਹੋਣਾ ਹੈ ਕਿ ਮਹਾਂਭਾਰਤ ਦੇ ਯੁੱਧ ਵਿਚ ਪਰਸਪਰ ਵੈਰ ਵਧਾਉਣ ਵਾਲਾ ਇਕ ਕਾਰਨ ਦਰੋਪਤੀ ਜੀ ਦਾ ਦੁਰਯੋਧਨ ਨੂੰ ਫਿੱਕਾ ਬੋਲਣਾ ਹੀ ਸੀ। ਫਿੱਕਾ ਬੋਲਣ ਵਾਲਾ ਆਪ ਫਿੱਕਾ ਹੋ ਜਾਂਦਾ ਹੈ, ਉਸ ਅੰਦਰ ਨਾਮ ਦਾ ਅਸਰ ਖਤਮ ਹੋ ਜਾਂਦਾ ਹੈ। ਇਸ ਕਰਕੇ ਮਿੱਠਾ ਬੋਲਣਾ ਚਾਹੀਦਾ ਹੈ ਜੋ ਦੂਸਰੇ ਦੇ ਮਨ ਨੂੰ ਸ਼ਾਂਤ ਕਰ ਦੇਵੇ। ਮਨ ਵਿਚ ਕਠੋਰਤਾ ਨਾ ਆਉਣ ਦੇਣੀ, ਮਿੱਠਾ ਬੋਲਣਾ ਚਾਹੀਦਾ ਹੈ। ਉਸ ਦੇ ਅੰਦਰ ਸਰਬੱਤ ਦੇ ਭਲੇ ਦੀ ਭਾਵਨਾ ਹੋਣੀ ਚਾਹੀਦੀ ਹੈ। ਇਹ ਕੋਮਲ ਹਿਰਦੇ ਦੀ ਨਿਸ਼ਾਨੀ ਹੁੰਦੀ ਹੈ। ਇਸ ਤੋਂ ਇਲਾਵਾ ਜੀਵਨ ਦੇ ਵਿਚ ਸੌਣਾ, ਜਾਗਣਾ, ਕੰਮ ਕਰਨਾ, ਪੜ੍ਹਨ ਲਿਖਣ ਦਾ ਕੰਮ ਕਰਨਾ, ਭੋਜਨ ਛਕਣਾ, ਵਰਜਿਸ਼ ਕਰਨਾ, ਇਹ ਸਭ ਮਰਿਆਦਾ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਬੁੱਧੀ ਵਿਚ ਪਵਿੱਤਰਤਾ ਲਿਆਉਣ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨੀ ਅਤੇ ਸਤਿ ਸਾਸ਼ਤਰਾਂ ਦੀ ਵੀ ਵਿਚਾਰ ਕਰਨੀ। ਸਤਿ ਸਾਸ਼ਤਰ ਉਨ੍ਹਾਂ ਹਿਰਦਿਆਂ ਵਿਚੋਂ ਸਾਕਾਰ ਹੁੰਦੇ ਹਨ ਜੋ ਸਤਿ ਨਾਲ ਜੁੜੇ ਹੁੰਦੇ ਹਨ ਅਤੇ ਸਤਿ ਨੂੰ ਪਰੀਪੂਰਨ ਪਿਆਰ ਕਰਨ ਵਾਲੀ ਮਹਾਨ ਸ਼ਕਤੀ ਸਮਝਦੇ ਹਨ, ਉਨ੍ਹਾਂ ਦੀ ਸੰਗਤ ਸਤਿਸੰਗ ਕਹਾਉਂਦੀ ਹੈ। ਇਹ ਜੋ ਮੈਂ ਉਪਰ ਤੁਹਾਨੂੰ ਸੰਜਮ ਦੱਸੇ ਹਨ ਇਨ੍ਹਾਂ ਨੂੰ ਸਾਸ਼ਤਰੀ ਬੋਲੀ ਵਿਚ ਯਮ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਨੇਮ ਹੋਇਆ ਕਰਦੇ ਹਨ। ਉਨ੍ਹਾਂ ਵਿਚ ਤਪ ਹੈ, ਤਪ ਕੇਵਲ ਅੱਗ ਤਾਪਣੀ ਜਾਂ ਪਾਣੀ ਵਿਚ ਖੜ੍ਹੇ ਹੋਣਾ, ਭੁੱਖੇ ਰਹਿਣਾ, ਕੰਡਿਆਂ ਉਪਰ ਪੈ ਜਾਣਾ, ਬੇ-ਮਰਿਆਦਾ ਗੱਲਾਂ ਕਰਨ ਨੂੰ ਨਹੀਂ ਕਹਿੰਦੇ। ਤਪ ਸਰੀਰ, ਮਨ, ਬੁੱਧੀ, ਚਿੱਤ ਦੇ ਨਾਲ ਸਬੰਧ ਰਖਦਾ ਹੈ। ਸਰੀਰ ਦੇ ਵਿਚ ਸਰੀਰਕ ਨਿਯਮਾਂ ਨੂੰ ਸਾਮ੍ਹਣੇ ਰਖਦੇ ਹੋਏ ਭਜਨ ਬੰਦਗੀ ਕਰਨੀ। ਮਾਨਸਕ ਤਪ ਵਿਚ ਮਨ ਨੂੰ ਕੁਕਰਮਾਂ ਤੋਂ, ਬੁਰੇ ਫੁਰਨਿਆਂ ਤੋਂ ਰੋਕਣਾ, ਬੇਮਤਲਬੀਆਂ ਉਡਾਰੀਆਂ ਤੋਂ ਰੋਕ ਕੇ ਸ਼ਬਦ ਵਿਚ ਲਾਉਣਾ, ਬਿਰਤੀ ਨੂੰ ਨਾਮ ਵਿਚ ਟਿਕਾਉਣਾ, ਜੋ ਸਮਰੱਥ ਗੁਰੂ ਮੰਤਰ ਦਿੰਦਾ ਹੈ ਉਸ ਦੀ ਸਾਧਨਾ ਇਕ ਮਨ ਇਕ ਚਿਤ ਹੋ ਕੇ ਕਰਨੀ। ਦੂਸਰੇ ਲਈ ਵੈਰ ਭਾਵ, ਮੰਦੀ ਭਾਵਨਾ ਅੰਦਰ ਨਾ ਰੱਖਣੀ, ਇਸ ਨੂੰ ਤਪ ਆਖਿਆ ਜਾਂਦਾ ਹੈ। ਮਨ ਵਿਚ ਤ੍ਰਿਸ਼ਨਾ ਦੀ ਅੱਗ ਜਲਦੀ ਰਹਿੰਦੀ ਹੈ ਜੋ ਕਿਸੇ ਵਿਰਲੇ ਦੀ ਹੀ ਬੁਝਦੀ ਹੈ। ਇਹ ਸਰੀਰ ਨੂੰ ਜਾਲ ਕੇ ਰੱਖ ਦਿੰਦੀ ਹੈ, ਸੁਆਹ ਬਣਾ ਦਿੰਦੀ ਹੈ। ਸਰੀਰ ਕੇਵਲ 'ਬਲਣਾ' ਬਣ ਜਾਂਦਾ ਹੈ। ਇਸ ਦਾ ਕੇਵਲ ਇਕੋ ਇਕ ਇਲਾਜ ਸੰਤੋਖ ਹੈ। ਜੀਅ ਭਰ ਕੇ ਮਿਹਨਤ ਕਰਨੀ, ਪ੍ਰਭੂ ਰਜ਼ਾ ਵਿਚ ਜੋ ਕੁਝ ਹੱਥ ਆ ਗਿਆ, ਉਸ ਉਪਰ ਸੰਤੁਸ਼ਟ ਰਹਿਣਾ। ਮਨ ਨੂੰ ਹੋਰ ਹੋਰ ਦੀ ਇੱਛਾ ਰੱਖ ਕੇ ਭਟਕਣ ਨਾ ਦੇਣਾ। ਅੱਖਾਂ ਦਾ ਵੀ ਸੰਤੋਖ ਹੁੰਦਾ ਹੈ ਕਿ ਪਰਾਈਆਂ ਵਸਤੂਆਂ, ਪਰਾਇਆ ਰੂਪ ਦੇਖ ਕੇ ਪਰਾਏ ਤਨ ਨੂੰ ਹਾਸਲ ਕਰਨ ਲਈ ਲਲਚਾਉਂਦੇ ਰਹਿਣਾ, ਇਸ ਤੋਂ ਮਨ ਨੂੰ ਵਰਜ ਕੇ ਰਖਣਾ, ਇਹ ਮਨ ਦਾ ਸੰਤੋਖ ਹੋਇਆ ਕਰਦਾ ਹੈ। ਆਪਣੇ ਸਾਰੇ ਇੰਦਰਿਆਂ ਨੂੰ ਮਰਿਆਦਾ ਵਿਚ ਰੱਖਣਾ ਅਤੇ ਉਨ੍ਹਾਂ ਤੋਂ ਯਥਾਸ਼ਕਤ ਕੰਮ ਲੈਣਾ ਇਹ ਮਨ ਅਤੇ ਸਰੀਰ ਦਾ ਸੰਤੋਖ ਹੋਇਆ ਕਰਦਾ ਹੈ। ਵੈਦ ਜੀ, ਬਹੁਤ ਜ਼ਰੂਰੀ ਜੋ ਅਸੂਲ ਹੈ ਉਹ ਇਹ ਹੈ ਕਿ ਆਦਮੀ ਦੇ ਅੰਦਰ ਪ੍ਰਮੇਸ਼ਰ ਉਪਰ ਪੂਰਾ ਭਰੋਸਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਮੇਸ਼ਰ ਕੌਣ ਹੈ, ਕਿਹੋ ਜਿਹਾ ਹੈ ਉਸ ਦਾ ਸਾਡੇ ਨਾਲ ਕੀ ਸਬੰਧ ਹੈ, ਇਹ ਅਵਸਥਾ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਨ ਨਾਲ ਪ੍ਰਾਪਤ ਹੋ ਜਾਂਦੀ ਹੈ ਅਤੇ ਆਸਤਕ ਬੁੱਧੀ ਆ ਜਾਂਦੀ ਹੈ। ਨਾਸਤਕ ਬੁੱਧੀ ਮਨ ਨੂੰ ਕਿਸੇ ਸੰਤੁਲਨ ਵਿਚ ਨਹੀਂ ਆਉਣ ਦਿੰਦੀ, ਐਉਂ ਸਮਝੋ ਇਹ ਇਕ ਤਰ੍ਹਾਂ ਬਾਰੂਦ ਦਾ ਗੋਲਾ ਹੈ ਜੋ ਜਦੋਂ ਫਟਦਾ ਹੈ ਉਸ ਸਮੇਂ ਬਹੁਤ ਨੁਕਸਾਨ ਕਰ ਦਿੰਦਾ ਹੈ। ਨਾਮ ਮਾਰਗ ਤੇ ਚੱਲਣ ਲਈ ਆਸਤਕ ਬੁੱਧੀ ਆਵੱਸ਼ਕ ਹੈ। ਜਿਸ ਤਰ੍ਹਾਂ ਵੇਦਾਂ, ਸਾਸ਼ਤਰਾਂ, ਕੁਰਾਨ ਸਰੀਫ, ਉਪਨਿਸ਼ਦ ਹੋਰ ਮਹਾਂਪੁਰਸ਼ਾਂ ਦੀਆਂ ਸਤਿ ਨਾਲ ਸਬੰਧ ਰੱਖਣ ਵਾਲੀਆਂ ਸਿਖਿਆਵਾਂ ਨੂੰ ਸਤਿ ਕਰਕੇ ਮੰਨਣਾ। ਇਨ੍ਹਾਂ ਦੇ ਉਤੇ ਕਿੰਤੂ ਅਤੇ ਸ਼ੱਕ ਕਰਨਾ ਨਾਸਤਕ ਬੁੱਧੀ ਹੋਇਆ ਕਰਦਾ ਹੈ। ਇਨ੍ਹਾਂ ਦਾ ਪੂਰਨ ਸਤਿਕਾਰ ਕਰਕੇ ਮੰਨਣਾ, ਆਸਤਕ ਬੁੱਧੀ ਹੁੰਦੀ ਹੈ। ਇਸ ਤੋਂ ਅੱਗੇ ਹੋਰ ਸੰਜਮ ਹੈ ਜੋ ਬਹੁਤ ਜ਼ਰੂਰੀ ਹੈ ਉਹ ਹੈ ਕਿ ਕਮਾਈ ਕਰਕੇ ਜੋ ਧਨ ਪ੍ਰਾਪਤ ਹੋਇਆ ਹੈ


Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਆਪਣੀ ਜ਼ਰੂਰਤ ਅਨੁਸਾਰ ਖਰਚ ਕਰਕੇ ਜੋ ਕੁਝ ਬਚਦਾ ਹੈ ਉਸ ਨਾਲ ਦੂਜੇ ਦੀ ਮਦਦ ਕਰਨੀ। ਇਸ ਨੂੰ ਦਾਨ ਵੀ ਆਖਿਆ ਜਾਂਦਾ ਹੈ। ਭੁੱਖੇ ਨੂੰ ਪ੍ਰਸ਼ਾਦਾ ਦੇਣਾ, ਬਿਮਾਰ ਨੂੰ ਦਵਾਈ ਦਿਵਾਉਣੀ, ਕਿਸੇ ਮਜ਼ਬੂਰ ਦੀ ਪੈਸੇ ਟਕੇ ਨਾਲ ਮਦਦ ਕਰਨੀ। ਮਾਨਸਕ ਦਾਨ - ਕਿਸੇ ਨੂੰ ਵਿਦਿਆ ਦੇ ਦੇਣੀ, ਸ਼ੁਭ ਮਤ ਦੇਣੀ ਆਦਿ ਹੋਇਆ ਕਰਦਾ ਹੈ। ਜੇ ਪ੍ਰਮੇਸ਼ਰ ਨੇ ਕੋਈ ਸਤਾ ਬਖਸ਼ੀ ਹੈ, ਸੂਝ ਬਖਸ਼ੀ ਹੈ, ਉਸ ਦੀ ਵਰਤੋਂ ਕਰਕੇ ਜੀਵਾਂ ਨੂੰ ਸਿੱਧੇ ਰਾਹ ਤੇ ਲਾ ਦੇਣਾ, ਨਾਮ ਮਾਰਗ ਤੇ ਚਲਾ ਦੇਣਾ ਸ੍ਰੇਸ਼ਟ ਦਾਨ ਹੋਇਆ ਕਰਦਾ ਹੈ, ਇਸਨੂੰ ਜੀਅ ਦਾਨ ਕਹਿੰਦੇ ਹਨ। ਵੈਦ ਜੀ, ਇਹ ਸੰਜਮ ਹਨ ਜਿਹੜੇ ਰੱਖਣੇ ਜ਼ਰੂਰੀ ਹੋਇਆ ਕਰਦੇ ਹਨ। ਵੈਸੇ ਆਮ ਵਿਸ਼ਵਾਸ਼ ਅਨੁਸਾਰ ਪੈਸੇ ਟਕੇ ਦੇ ਦਾਨ ਨੂੰ ਹੀ ਦਾਨ ਆਖਿਆ ਜਾਂਦਾ ਹੈ ਪਰ ਇਹਦੇ ਵਿਚ ਵੀ ਭੇਦ ਹੋਇਆ ਕਰਦਾ ਹੈ। ਇਕ ਦਾਨ ਹੋਇਆ ਕਰਦਾ ਹੈ ਕਿ ਕਿਸੇ ਦੂਸਰੇ ਦੇ ਕਹਿਣ ਕਹਾਉਣ ਤੇ ਆਪਣੀ ਵਿਤ ਤੋਂ ਵੱਧ ਦਾਨ ਕਰ ਦੇਣਾ ਅਤੇ ਮਨ ਵਿਚ ਖਿਆਲ ਆਉਣਾ ਕਿ ਐਵੇਂ ਹੀ ਦਾਨ ਕਰ ਦਿਤਾ, ਇਹ ਕ੍ਰੋਧ ਦਾਨ ਹੁੰਦਾ ਹੈ, ਤਮੋ ਗੁਣੀ ਦਾਨ ਹੁੰਦਾ ਹੈ, ਇਸ ਨਾਲ ਚਿੱਤ ਵਿਚ ਕ੍ਰੋਧ ਆ ਜਾਂਦਾ ਹੈ, ਚਿੱਤ ਅਸ਼ਾਂਤ ਹੋ ਜਾਂਦਾ ਹੈ। ਦੂਸਰਾ - ਬੰਦੇ ਦੇ ਅੰਦਰ ਇਹ ਲਾਲਸਾ ਛੁਪੀ ਰਹਿੰਦੀ ਹੈ ਕਿ ਮੇਰਾ ਨਾਮ ਵੱਡਾ ਹੋਵੇ, ਉਸ ਨੂੰ ਪ੍ਰਾਪਤ ਕਰਨ ਲਈ ਕੋਈ ਦਾਨ ਕਰਨਾ, ਮਾਇਕ ਸਹਾਇਤਾ ਦੇਣੀ ਅਤੇ ਇਹ ਆਸ ਰੱਖਣੀ ਕਿ ਮੈਨੂੰ ਦਾਨ ਲੈਣ ਵਾਲੇ ਯਾਦ ਰੱਖਣ। ਧਾਰਮਕ ਮੰਦਰਾਂ ਵਿਚ ਦਾਨ ਕਰਕੇ ਪੱਥਰ ਲਵਾਉਣੇ ਇਹ ਇਕ ਭਾਵਨਾ ਹੋਇਆ ਕਰਦੀ ਕਿ ਮੈਨੂੰ ਲੋਕ ਚੰਗਾ ਕਹਿਣ। ਇਹ ਵੀ ਨਾਮ ਮਾਰਗ ਤੇ ਚੱਲਣ ਨਹੀਂ ਦਿੰਦੀ। ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਕ ਸਾਂਤਕੀ ਦਾਨ ਹੁੰਦਾ ਹੈ। ਇਹ ਨਿਰਾ ਪੈਸੇ ਦਾ ਹੀ ਨਹੀਂ ਹੁੰਦਾ, ਇਸ ਵਿਚ ਮਿੱਠਾ ਬੋਲਣਾ ਵੀ ਹੁੰਦਾ ਹੈ, ਜਿਵੇਂ ਕਿਸੇ ਬਿਮਾਰ ਨੂੰ ਸ਼ੁਭ ਉਪਦੇਸ਼ ਦੇ ਕੇ ਡੋਲਦਾ ਮਨ ਸ਼ਾਂਤ ਕਰ ਦੇਣਾ। ਇਹ ਬਾਣੀ ਦਾ ਦਾਨ ਹੁੰਦਾ ਹੈ। ਇਹ ਆਮ ਤੌਰ ਤੇ ਮਹਾਂਪੁਰਸ਼ ਕਰਦੇ ਹੀ ਰਹਿੰਦੇ ਹਨ। ਮਨ ਦਾ ਇਹ ਸੁਭਾਅ ਹੈ ਕਿ ਦੇਖਣ ਵਾਲੀਆਂ ਚੀਜ਼ਾਂ ਨਾਲ ਕਿਸੇ ਨਾਲ ਤਾਂ ਪਿਆਰ ਕਰਦਾ ਹੈ, ਕਿਸੇ ਨਾਲ ਦ੍ਵੈਸ਼ ਕਰਦਾ ਹੈ। ਸਮੁੱਚੇ ਤੌਰ ਉਪਰ ਇਹ ਭਾਵਨਾ ਮਨ ਵਿਚ ਰਖਦੇ ਹਨ ਕਿ ਹੇ ਵਾਹਿਗੁਰੂ! ਬੇਅੰਤ ਮਤ ਹਨ ਜੋ ਅਨੇਕਾਂ ਅਚਾਰੀਆਂ, ਮਹਾਂਪੁਰਸ਼ਾਂ ਨੇ ਪ੍ਰਚਲਤ ਕੀਤੇ ਹਨ, ਤੂੰ ਇਨ੍ਹਾਂ ਸਭ ਉਪਰ ਦਇਆ ਕਰ ਅਤੇ ਇਨ੍ਹਾਂ ਸਭ ਨੂੰ ਉਬਾਰ ਦੇ ਜਿਵੇਂ ਕਿ ਫੁਰਮਾਨ ਹੈ -

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***

***ਪੰਨਾ - 853***

ਅਤੇ ਇਸ ਤੋਂ ਵੀ ਸ੍ਰੇਸ਼ਟ ਅਵਲ ਹੈ ਕਿ ਕਿਸੇ ਦਾ ਬੁਰਾ ਨਾ ਚਿਤਵੇ, ਪਉਣ, ਪਾਣੀ, ਬੈਸੰਤਰ ਸਭ ਦਾ ਹੀ ਭਲਾ ਮੰਗਦਾ ਹੋਇਆ ਆਪਣਾ ਜੀਵਨ ਬਤੀਤ ਕਰੇ। ਅਰਦਾਸ ਕਰਦਾ ਰਹੇ ਕਿ ਸਰਬੱਤ ਦਾ ਭਲਾ ਹੋਵੇ, ਅਨਾਜ ਪੈਦਾ ਹੋਵੇ, ਵਾਤਾਵਰਣ ਦੂਸ਼ਿਤ ਨਾ ਹੋਵੇ, ਸਾਰੇ ਜੀਵਾਂ ਨੂੰ ਹਵਾ ਸ਼ੁੱਧ ਮਿਲੇ, ਇਹ ਸਭ ਚੀਜ਼ਾਂ ਸਰਬੱਤ ਦੇ ਭਲੇ ਵਿਚ ਆ ਜਾਂਦੀਆਂ ਹਨ। ਜਦੋਂ ਇਹ ਭਾਵਨਾਵਾਂ ਮਨ ਵਿਚ ਆ ਜਾਣ ਫੇਰ ਸੰਸਾਰ ਨਾਲ ਪਿਆਰ ਹੋ ਜਾਂਦਾ ਹੈ। ਅਤਿ ਦਾ ਸੁੰਦਰ ਹੋਵੇ, ਉਚੀ ਕੁਲ ਦਾ ਹੋਵੇ, ਮੂੰਹ ਤੋਂ ਗਿਆਨ ਦੀਆਂ ਗੱਲਾਂ ਕਰਨ ਵਾਲਾ ਹੋਵੇ, ਜੇ ਉਸ ਅੰਦਰ ਜੀਵਨ ਦੀ ਰੌ ਨਹੀਂ ਰੁਮਕੀ ਤਾਂ ਉਹ ਮੁਰਦਾ ਹੋਇਆ ਕਰਦਾ ਹੈ। ਮੁਰਦਾ ਸੜਿਆਂਦ ਮਾਰਦਾ ਹੈ, ਦੂਸਰਿਆਂ ਨੂੰ ਵੀ ਦੁਖੀ ਕਰਦਾ ਹੈ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ - 253***

ਸੋ ਇਹ ਚੀਜ਼ਾਂ ਦਾਨ ਵਿਚ ਆ ਜਾਇਆ ਕਰਦੀਆਂ ਹਨ। ਆਤਮਕ ਦਾਨ ਸਭ ਤੋਂ ਸ੍ਰੇਸ਼ਟ ਹੈ - ਕਿਸੇ ਜੀਵ ਨੂੰ ਆਤਮਕ ਗਿਆਨ ਕਰਾ ਕੇ ਉਸ ਦਾ ਜੰਮਣ ਮਰਨ ਕੱਟ ਦੇਣਾ। ਇਹ ਅਤਿ ਉਤਮ ਦਾਨ ਹੈ। ਇਸੇ ਤਰ੍ਹਾਂ ਵੈਦ ਜੀ, ਹੋਰ ਸੰਜਮ ਹਨ ਜਿਨ੍ਹਾਂ ਵਿਚ ਪੂਜਾ ਵੀ ਆਉਂਦੀ ਹੈ। ਉਹ ਹੈ ਕਿ ਅੰਤਰ ਆਤਮੇ ਗੁਰੂ ਦਾ ਧਿਆਨ ਕਰਨਾ ਅਤੇ ਗੁਰੂ ਦੀ ਮਾਨਸਕ ਤੌਰ ਤੇ ਪੂਜਾ ਕਰਨੀ। ਇਸੇ ਤਰ੍ਹਾਂ ਬਾਹਰਲੀ ਪੂਜਾ ਵੀ ਹੁੰਦੀ ਹੈ ਪਰ ਅੰਦਰਲੀ ਪੂਜਾ ਬਹੁਤ ਸ੍ਰੇਸ਼ਟ ਹੁੰਦੀ ਹੈ ਜਿਸ ਨੂੰ ਆਮ ਬੋਲੀ ਵਿਚ ਉਪਾਸਨਾ ਵੀ ਕਿਹਾ ਜਾਂਦਾ ਹੈ। ਜਦੋਂ ਅਸੀਂ ਸਤਿ ਸਾਸ਼ਤਰਾਂ ਦਾ ਅਧਿਐਨ ਕਰੀਏ ਤਾਂ ਪੂਰੀ ਸ਼ਰਧਾ ਨਾਲ ਜੋ ਸਤਿ ਸਿਧਾਂਤ ਹੈ ਉਸ ਦਾ ਆਪਣੇ ਜੀਵਨ ਵਿਚ ਪ੍ਰਵੇਸ਼ ਕਰਾ ਕੇ ਉਸ ਦੀ ਵਰਤੋਂ ਕਰੋ। ਸਤਿ ਸਾਸ਼ਤਰਾਂ ਅਤੇ ਬਾਣੀ ਦਾ ਪਾਠ ਕਰਨਾ। ਸਾਰਿਆਂ ਨਾਲੋਂ ਜ਼ਰੂਰੀ ਸੰਜਮ ਜੋ ਹੈ ਜਿਸ ਦਾ ਵਾਹ ਪਾਖੰਡ ਨਾਲ ਪੈਂਦਾ ਹੈ। ਆਦਮੀ ਅੰਦਰ ਰੁਚੀ ਹੁੰਦੀ ਹੈ ਕਿ ਮੈਨੂੰ ਸਾਰੇ ਜਾਣ ਜਾਣ। ਧਾਰਮਿਕ ਜੀਵਨ ਵਾਲੇ ਚਾਹੁੰਦੇ ਹਨ ਕਿ ਮੇਰਾ ਮਾਣ ਸਤਿਕਾਰ ਹੋਵੇ, ਇਸ ਦੀ ਪ੍ਰਾਪਤੀ ਲਈ ਉਹ ਕੋਈ ਖਾਸ ਰੂਪ ਰੇਖਾ ਬਣਾ ਲੈਂਦੇ ਹਨ, ਭੇਖ ਧਾਰ ਲੈਂਦੇ ਹਨ, ਜੀਵਨ ਤੋਂ ਖਾਲੀ ਰਹਿ ਕੇ ਭੇਖ ਕਰਨਾ, ਦੰਭ ਕਰਨਾ, ਪਾਖੰਡ ਕਰਨਾ ਇਸ ਵਿਚ ਸ਼ਾਮਲ ਹਨ। ਸੋ ਦੰਭ ਤੋਂ ਬਿਨਾਂ ਜੀਵਨ ਬਤੀਤ ਕਰਨਾ, ਸਹਿਜ ਨਾਲ ਜਿਸ ਤਰ੍ਹਾਂ ਦਾ ਆਦਮੀ ਹੈ ਉਸ ਤਰ੍ਹਾਂ ਦਾ ਜੀਵਨ ਬਤੀਤ ਕਰਨਾ। ਕੋਈ ਖਾਸ ਰੂਪ ਰੇਖਾ ਨਾ ਧਾਰਨ ਕਰਨਾ, ਇਹ ਮਾਨਸਕ ਸੰਤੁਲਨਤਾ ਦੀ ਨਿਸ਼ਾਨੀ ਹੁੰਦੀ ਹੈ, ਇਸ ਨਾਲ ਨਾਮ ਮਾਰਗ ਤੇ ਤਰੱਕੀ ਹੁੰਦੀ ਹੈ। ਹੋਰ ਅੰਦਰਲੇ ਗੁਣ ਹਨ ਕਿ ਬਿਰਤੀ ਰਾਜਸੀ ਵੀ ਹੁੰਦੀ ਹੈ, ਤਾਮਸੀ ਵੀ ਹੁੰਦੀ ਹੈ, ਇਹ ਵਿਘਨਕਾਰੀ ਹਨ ਨਾਮ ਮਾਰਗ ਵਿਚ। ਇਸ ਦੇ ਵਿਪਰੀਤ ਸਾਂਤਕੀ ਬਿਰਤੀ ਰੱਖਣੀ, ਨੀਵਾਂ ਰਹਿਣਾ, ਪਿਆਰ ਦੀ ਭਾਵਨਾ ਰੱਖਣੀ ਇਹ ਸਾਂਤਕੀ ਬਿਰਤੀ ਹੁੰਦੀ ਹੈ। ਵੈਦ ਜੀ, ਜਦੋਂ ਪੂਰਾ ਸਤਿਗੁਰੂ ਮਿਲਦਾ ਹੈ ਤਾਂ ਉਹ ਸੰਜਮ ਬਾਰੇ ਦਸਦਾ ਹੈ। ਜਦੋਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ ਮਨ ਅਬੋਲ ਹੋਣਾ ਚਾਹੀਦਾ ਹੈ, ਫੁਰਨਾ ਮਨ ਵਿਚ ਨਹੀਂ ਹੋਣਾ ਚਾਹੀਦਾ। ਮਨ ਨੂੰ ਫੁਰਨੇ ਤੋਂ ਰੋਕ ਕੇ ਅਬੋਲ ਅਵਸਥਾ ਵਿਚ ਰਹਿਣਾ ਇਹ ਨਾਮ ਮਾਰਗ ਤੇ ਚੱਲਣ ਲਈ ਬਹੁਤ ਹੀ ਸਹਿਜ ਦਾ ਸਾਧਨ ਹੈ। ਇਸੇ ਤਰ੍ਹਾਂ ਸੰਸਾਰ ਵਿਚ ਕੋਈ ਭੁਖਾ ਹੈ, ਦੁਖੀ ਹੈ, ਉਨ੍ਹਾਂ ਦੇ ਦੁੱਖ ਦੀ ਨਵਿਰਤੀ ਲਈ ਭੁੱਖੇ ਨੂੰ ਅੰਨ ਦੇਣਾ, ਬਿਮਾਰ ਨੂੰ ਦਵਾਈਆਂ,



Sri Satguru Jagjit Singh Ji eLibrary NamdhariElibrary@gmail.com

ਨੰਗੇ ਨੂੰ ਵਸਤਰ ਦੇਣਾ, ਦੁਖੀ ਬੰਦਿਆਂ ਨੂੰ ਨਾਮ ਦੇ ਬਚਨ ਸੁਣਾਉਣੇ ਅਤੇ ਹਉਮੈ ਰੋਗ ਨੂੰ ਕੱਟਣ ਲਈ ਨਾਮ ਮਾਰਗ ਦੇ ਪ੍ਰਯੋਗ ਦਾ ਸਹੀ ਰਸਤਾ ਦੱਸਣਾ ਹੋਮ ਆਖਿਆ ਜਾਂਦਾ ਹੈ। ਇਸ ਸੰਜਮ ਵਿਚ ਸੁਣਨਾ, ਫੇਰ ਮੰਨਣਾ ਫੇਰ ਸਾਧਨ ਸੰਪੰਨ ਹੋਣਾ, ਲਕਸ਼ ਦੀ ਪ੍ਰਾਪਤੀ ਕਰਨ ਲਈ ਇਸ ਸਾਰੇ ਨੂੰ ਨਾਮ ਮਾਰਗ ਨਾਲ ਸਬੰਧਿਤ ਕਿਹਾ ਜਾਂਦਾ ਹੈ। ਜਦੋਂ ਕੋਈ ਵੀ ਪ੍ਰਾਣੀ ਪੂਰੀ ਤਰ੍ਹਾਂ ਸੰਜਮ ਰੱਖ ਕੇ ਨਾਮ ਮਾਰਗ ਤੇ ਚਲੇਗਾ, ਉਸ ਨੂੰ ਸੁਪਨੇ ਵਿਚ ਵੀ ਰੋਗ ਨਹੀਂ ਲਗਣਗੇ।

ਸੋ ਵੈਦ ਜੀ! ਸਮੁੱਚੇ ਤੌਰ ਤੇ ਜੇ ਇਸ ਦਾ ਸਿਧਾਂਤਕ ਰੂਪ ਵਿਚ ਨਿਰਣਾ ਕਰਨਾ ਹੋਵੇ ਤਾਂ ਇਸ ਨੂੰ ਨਾਮ ਆਖਦੇ ਹਨ। ਨਾਮ ਦੀ ਜੋ ਆਖਰੀ ਹੱਦ ਹੈ ਉਹ ਹੈ ਨਾਮ ਦਾ ਗਿਆਨ ਹੋ ਜਾਣਾ। ਆਪਣੇ ਨਿੱਕੇ ਆਪੇ ਨੂੰ ਪ੍ਰਮ ਆਪੇ ਵਿਚ ਲੀਨ ਕਰ ਦੇਣਾ ਅਤੇ ਮਾਇਆ ਦੇ ਛਲਾਵਿਆਂ ਤੋਂ ਉਚੇ ਕਰਕੇ ਆਤਮ ਅਨੰਦ ਮਾਣਨਾ। ਸੋ ਸਦਾ ਹੀ ਪ੍ਰਮੇਸ਼ਰ ਵਿਚ ਲੀਨ ਰਹਿਣਾ, ਪ੍ਰਭੂ ਨੂੰ ਹਾਜ਼ਰ ਨਾਜ਼ਰ ਜਾਨਣਾ ਇਹ ਨਾਮ ਹੈ। ਇਥੇ ਇਕ ਗੱਲ ਹੋਰ ਦਸਣੀ ਜ਼ਰੂਰੀ ਹੈ। ਇਹ ਜੀਵ, ਹੈ ਤਾਂ ਪ੍ਰਮੇਸ਼ਰ ਦਾ ਰੂਪ, ਕੋਈ ਵੀ ਫਰਕ ਨਹੀਂ ਹੈ ਪਰ ਇਹ ਪ੍ਰਮੇਸ਼ਰ ਦਾ ਰੂਪ ਹੁੰਦਾ ਹੋਇਆ ਪ੍ਰਮੇਸ਼ਰ ਨਹੀਂ ਹੋ ਸਕਦਾ। ਉਸ ਸਮੇਂ ਤਕ ਜਦੋਂ ਤਕ ਆਪ ਪ੍ਰਭੂ ਇਸ ਉਪਰ ਨਦਰ ਦਾ ਕਰਿਸ਼ਮਾ ਨਾ ਕਰ ਦੇਵੇ ਅਤੇ ਇਸ ਨੂੰ ਖਿੱਚ ਕੇ ਆਪਣੇ ਆਪ ਵਿਚ ਅਭੇਦ ਨਾ ਕਰ ਲਵੇ। ਕੇਵਲ ਇਹ ਕਹਿਣਾ ਕਿ ਮੈਂ ਹੀ ਬ੍ਰਹਮ ਹਾਂ, ਇਹ ਇਕ ਨਿੱਕੇ ਆਪੇ ਦੀ ਸੂਝ ਹੈ, ਪਰਮ ਆਪੇ ਦੀ ਸੂਝ ਨਹੀਂ। ਜਦੋਂ ਇਹ ਪਰਮ ਆਪੇ ਵਿਚ ਲੀਨ ਹੋ ਜਾਂਦਾ ਹੈ ਫੇਰ ਨਹੀਂ ਕਹਿੰਦਾ ਕਿ ਮੈਂ ਬ੍ਰਹਮ ਹਾਂ ਕਿਉਂਕਿ ਉਥੇ ਗਿਆਨ ਹੋ ਕੇ ਪ੍ਰਕਾਸ਼ ਹੋ ਜਾਂਦਾ ਹੈ। ਹਨ੍ਹੇਰੇ ਵਿਚ ਪਈ ਰੱਸੀ ਜੋ ਸੱਪ ਪ੍ਰਤੀਤ ਦਿੰਦੀ ਸੀ, ਉਹ ਸਤਿ ਪ੍ਰਤੀਤ ਦਿੰਦੀ ਹੈ। ਰੱਸੀ ਦਾ ਸੱਪ ਕਹਿਣਾ ਇਹ ਓਪਰੀ ਬਾਤ ਹੈ, ਰੱਸੀ ਤਾਂ ਰੱਸੀ ਹੀ ਹੈ। ਇਸੇ ਤਰ੍ਹਾਂ ਇਹ ਜੀਵ ਜਦੋਂ ਹਉਮੈ ਰੋਗ ਤੋਂ ਬਰੀ ਹੋ ਕੇ ਪ੍ਰਮ ਤੱਤ ਵਿਚ ਲੀਨ ਹੋ ਜਾਂਦਾ ਹੈ ਫੇਰ ਇਹ ਇਸ ਤਰ੍ਹਾਂ ਨਹੀਂ ਕਹਿੰਦਾ ਕਿ ਮੈਂ ਬ੍ਰਹਮ ਹਾਂ ਕਿਉਂਕਿ ਉਹ ਤਾਂ ਹੈ ਹੀ ਬ੍ਰਹਮ, ਉਸ ਨੂੰ ਕੀ ਸ਼ੱਕ ਪੈ ਗਿਆ ਕਿ ਮੈਂ ਬ੍ਰਹਮ ਹਾਂ। ਸੋ ਵੈਦ ਜੀ, ਜੋ ਬਚਨ ਮੈਂ ਤੁਹਾਡੇ ਨਾਲ ਕੀਤੇ ਹਨ ਉਸ ਤੇ ਪੂਰੀ ਸ਼ਰਧਾ ਲਿਆਵੋ।

ਇਹ ਗੱਲਾਂ ਸੁਣ ਕੇ ਵੈਦ ਪੂਰਨ ਸ਼ਰਧਾ ਵਿਚ ਆ ਗਿਆ। ਉਸ ਵੇਲੇ ਉਸ ਨੇ ਪੂਰਨ ਸ਼ਰਧਾ ਵਿਚ ਆ ਕੇ ਗੁਰੂ ਨਾਨਕ ਦੇ ਚਰਨਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਤੁਸੀਂ ਹੋਰਾਂ ਨੂੰ ਇਸ ਰਸਤੇ ਪਾ ਦਿਤਾ, ਮੇਰੇ ਤੇ ਵੀ ਕ੍ਰਿਪਾ ਕਰੋ, ਨਾਮ ਮਾਰਗ ਤੇ ਚੱਲਣ ਦੀ ਜੁਗਤੀ ਮੁਤਾਬਿਕ ਸੂਝ ਅਤੇ ਸ਼ਕਤੀ ਦੇਵੋ ਕਿ ਮੈਂ ਸਾਰੇ ਰੋਗਾਂ ਤੋਂ ਬਰੀ ਹੋ ਜਾਵਾਂ।

ਸਾਧਸੰਗਤ ਜੀ! ਅਸਾਨੂੰ ਇਸ ਵਿਸ਼ੇ ਉਪਰ ਹੋਰ ਵਿਚਾਰ ਕਰਨ ਦੀ ਲੋੜ ਹੈ ਕਿਉਂਕਿ ਇਹ ਤਾਂ ਇਕ ਸਾਧਨ ਪੱਖ ਦੱਸਿਆ ਸੀ, ਇਸ ਨਾਲ ਸ਼ੰਕੇ ਨਵਿਰਤ ਨਹੀਂ ਹੁੰਦੇ। ਜੇ ਤਾਂ ਆਦਮੀ ਅੰਦਰ ਪੂਰਨ ਸ਼ਰਧਾ ਆ ਜਾਵੇ ਫੇਰ ਤਾਂ ਸਾਰੇ ਦੁਖਾਂ ਦਾ ਖਾਤਮਾ ਕਰ ਸਕਦਾ ਹੈ ਪਰ ਮਨ ਵਿਚ ਬਹੁਤ ਕੂੜ ਕਬਾੜ ਪਿਆ ਹੈ, ਜਦੋਂ ਤਕ ਉਹ ਸਾਫ ਨਹੀਂ ਹੁੰਦਾ ਓਨੀ ਦੇਰ ਤਕ ਅਸੀਂ ਨਾਮ ਮਾਰਗ ਤੇ ਨਹੀਂ ਚਲ ਸਕਦੇ। ਅੰਤਸ਼ਕਰਣ ਇਕ ਚੁਬੱਚੇ ਦੀ ਤਰ੍ਹਾਂ ਹੁੰਦਾ ਹੈ ਜਿਸ ਵਿਚ ਅਨੇਕ ਕਿਸਮ ਦੀਆਂ ਮੈਲਾਂ ਜਮ੍ਹਾਂ ਹੋ ਜਾਂਦੀਆਂ ਹਨ ਅਤੇ ਜੀਵ ਨੂੰ ਹਉਮੈ ਦਾ ਰੋਗ ਲਗਣ ਕਰਕੇ ਇਹ ਜੀਵਨ ਵਿਚ ਅਗਿਆਨ ਪੈਦਾ ਕਰ ਦਿੰਦੀਆਂ ਹਨ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਸ੍ਰਿਸ਼ਟੀ ਰਚਨਾ ਬਾਰੇ ਸਾਰੇ ਸਿਆਣੇ ਆਪੋ ਆਪਣੇ ਵਿਚਾਰ ਦਿੰਦੇ ਹਨ –

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***
***ਤੁਮਰਾ ਲਖਾ ਨ ਜਾਇ ਪਸਾਰਾ॥***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥***
***ਕਬਯੋ ਬਾਚ ਬੇਨਤੀ ਚੌਪਈ***

ਪਰ ਆਮ ਰਾਏ ਜੋ ਸਾਸ਼ਤਰਾਂ ਵਿਚ ਪ੍ਰਚਲਤ ਹੈ ਉਹ ਹੈ ਕਿ ਇਸ ਸੰਸਾਰ ਵਿਚ ਦੋ ਅਨਾਦੀ ਤੱਤ ਹਨ – ਇਕ ਨੂੰ ਚੇਤਨ ਤੱਤ ਆਖਿਆ ਹੈ, ਦੂਸਰਾ ਇਸ ਦੇ ਵਿਪਰੀਤ ਸੁਭਾਅ ਵਾਲਾ ਪ੍ਰਕ੍ਰਿਤੀ ਤੱਤ ਹੈ। ਚੇਤਨ ਤੱਤ ਦਾ ਪਰਛਾਵਾਂ (ਸ਼ਕਤੀ) ਜਦੋਂ ਜੜ੍ਹ ਤਤੂ ਤੇ ਪੈਂਦਾ ਹੈ ਉਸ ਵੇਲੇ ਉਸ ਵਿਚ ਤਿੰਨ ਚੀਜ਼ਾਂ ਪੈਦਾ ਹੁੰਦੀਆਂ ਹਨ – ਪਹਿਲੀ ਹੈ ਕਿ ਜੜ੍ਹ ਤਤੂ ਵਿਚ ਸੂਝ ਪੈਦਾ ਹੁੰਦੀ ਹੈ ਜਿਸ ਨੂੰ ਮਹਿ ਤਤੂ ਆਖਦੇ ਹਨ, ਬੁੱਧੀ ਆਖਦੇ ਹਨ, ਜਾਗ੍ਰਤ ਆਖਦੇ ਹਨ। ਇਸ ਬੁੱਧੀ ਤੱਤ 'ਚੋਂ ਮੈਂ ਤੇ ਮੇਰੀ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਨੂੰ ਹਉਮੈ ਕਿਹਾ ਜਾਂਦਾ ਹੈ। ਹਉਮੈ ਪ੍ਰਕ੍ਰਿਤੀ ਦਾ ਅਨਿਖੜਵਾਂ ਅੰਗ ਹੈ, ਇਸ ਪ੍ਰਕ੍ਰਿਤੀ ਨੂੰ ਮਾਇਆ ਅਗਿਆਨ, ਅਵਿਦਿਆ ਆਦਿ ਦੇ ਵੀ ਨਾਮ ਦਿਤੇ ਗਏ ਹਨ। ਇਹ ਸਾਰੇ ਜੜ੍ਹ ਤਤੂ ਹਨ ਇਨ੍ਹਾਂ ਸਿਆਣਿਆਂ ਦਾ ਮਤ ਹੈ ਕਿ ਮਹਿ ਤੱਤ ਤੋਂ ਪੰਜ ਸੂਖਮ ਭੂਤ ਸ਼ਬਦ, ਸਪਰਸ਼, ਰੂਪ, ਰਸ, ਗੰਧ ਹੋਂਦ ਵਿਚ ਆਉਂਦੇ ਹਨ। ਪੰਜ ਗਿਆਨ ਇੰਦਰੇ, ਕਰਮ ਇੰਦਰੇ, ਪੰਜ ਪ੍ਰਾਣ, ਪੰਜ ਸਥੂਲ ਭੂਤ ਹੋਂਦ ਵਿਚ ਆ ਜਾਂਦੇ ਹਨ। ਜਿਨ੍ਹਾਂ ਦੇ ਰਾਹੀਂ ਅਨੇਕਾਂ ਰੂਪਾਂ, ਰੰਗਾਂ ਦੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ ਪਰ ਗੁਰੂ ਸਾਹਿਬ ਦਾ ਇਹ ਸਿਧਾਂਤ ਨਹੀਂ ਹੈ। ਉਨ੍ਹਾਂ ਦਾ ਸਿਧਾਂਤ ਕੇਵਲ ਇਕੋ ਹੀ ਤੱਤ, ਜਿਸ ਨੂੰ ਵਾਹਿਗੁਰੂ ਆਖਦੇ ਹਨ ਜਾਂ ਏਕੰਕਾਰ ਆਖਦੇ ਹਨ, ਓਹੋ ਹੀ ਹੈ ਦੂਜਾ ਕੋਈ ਨਹੀਂ, ਇਸ ਨੂੰ ਪ੍ਰਗਟ ਕਰਨ ਲਈ ਆਪ ਨੇ ਮੂਲਮੰਤਰ ਵਿਚ ਕਿਹਾ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥***
***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਇਹ ਸਾਰੀ ਰਚਨਾ ਪ੍ਰਮੇਸ਼ਰ ਨੇ ਆਪਣੇ ਆਪ ਵਿਚੋਂ


Sri Satguru Jagjit Singh Ji eLibrary NamdhariElibrary@gmail.com

ਕੀਤੀ, ਆਪ ਹੀ ਨਾਮ ਪ੍ਰਗਟ ਕਰਿਆ, ਆਪ ਹੀ ਮਾਇਆ ਪ੍ਰਗਟ ਕਰੀ ਜਿਵੇਂ ਕਿ ਫੁਰਮਾਨ ਹੈ –

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਪੰਨਾ – 463***

ਸਭ ਤੋਂ ਪਹਿਲਾਂ ਹਉਮੈ ਤੱਤ ਦੀ ਉਪਜ ਹੋਈ, ਹਉਮੈ ਤੱਤ ਤੋਂ ਤ੍ਰਿਗੁਣੀ ਮਾਇਆ ਹੋਂਦ ਵਿਚ ਆਈ ਜਿਸ ਵਿਚ ਰਜੋ, ਤਮੋ, ਸਤੋ ਤਿੰਨ ਲਹਿਰਾਂ ਸ਼ਾਮਲ ਹਨ ਫੇਰ ਕ੍ਰਮਵਾਰ ਸ੍ਰਿਸ਼ਟੀ ਦੀ ਰਚਨਾ ਹੋਈ। ਇਸ ਹਉਮੈ ਨੇ ਸਮਸ਼ਟਤਾ (ਸਮੁੱਚਤਾ) ਨੂੰ ਵਿਅਸ਼ਟਤਾ (ਵੱਖੋ ਵਖਰੇ) ਵਿਚ ਬਦਲ ਦਿਤਾ, ਇਸ ਸਮੁੱਚੇ ਪ੍ਰਭੂ ਦੇ ਪਸਾਰੇ ਨੂੰ ਇਕ ਰੂਪ ਨਾ ਦੇਖਦਿਆਂ ਹੋਇਆਂ ਵਖਰਾ ਵਖਰਾ ਦੇਖਣਾ ਹਉਮੈ ਕਰਕੇ ਸੂਝ ਵਿਚ ਆਇਆ ਹੈ। ਇਹ ਹਉਮੈ ਹੀ ਸਾਰੇ ਦੁਖਾਂ ਦਾ ਮੂਲ ਹੈ। ਜੇ ਹਉਮੈ ਦਾ ਨਾਸ਼ ਹੋ ਜਾਵੇ ਤਾਂ ਕੋਈ ਵੀ ਦੁਖ ਨਹੀਂ ਰਿਹਾ ਕਰਦਾ। ਐਸੀ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ ਕਿ ਆਪਣਾ ਆਪ ਵੀ ਅਤੇ ਸਾਰਾ ਸੰਸਾਰ ਵੀ ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਅਨੁਭਵ ਹੁੰਦਾ ਹੈ ਜੋ ਕਿ ਸਤਿ ਗਿਆਨ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ ਤੇ ਸਿੱਧਾਂ ਪਾਸ ਗਏ ਤਾਂ ਉਥੇ ਗੋਰਖਨਾਥ, ਚਰਪਟਨਾਥ ਅਤੇ ਹੋਰ ਸਿੱਧਾਂ ਪਾਸ ਵੀ ਗਏ। ਜਿਨ੍ਹਾਂ ਨੇ ਆਪਣੀਆਂ ਉਮਰਾਂ ਰਿੱਧੀਆਂ ਸਿੱਧੀਆਂ, ਪ੍ਰਾਣਾਯਾਮ ਦੇ ਸਾਧਨ ਕਰਕੇ ਬਹੁਤ ਵਧਾ ਲਈਆਂ ਸਨ। ਉਨ੍ਹਾਂ ਦਾ ਮਤ ਪ੍ਰਾਣਾਯਾਮ ਉਪਰ ਅਧਾਰਤ ਕਰਦਾ ਸੀ। ਗੁਰੂ ਨਾਨਕ ਪਾਤਸ਼ਾਹ ਨਾਮ ਮਾਰਗ ਨੂੰ ਸਹੀ ਦਸਦੇ ਸਨ। ਨਾਮ ਮਾਰਗ ਦੀ ਪਉੜੀ ਹਰ ਥਾਂ ਤੇ ਪ੍ਰਭੂ ਨੂੰ ਦੇਖਣਾ ਹੋਇਆ ਕਰਦਾ ਹੈ। ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਤੇ ਸਵਾਲ ਕੀਤਾ ਕਿ ਹੇ ਨਾਨਕ! ਤੂੰ ਕਿਹਾ ਹੈ ਕਿ ਇਥੇ ਸਾਰੇ ਪ੍ਰਮੇਸ਼ਰ ਹੈ, ਹੋਰ ਕੋਈ ਨਹੀਂ ਹੈ, ਏਕੰਕਾਰ ਦਾ ਹੀ ਪਸਾਰਾ ਹੈ, ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। ਅਸੀਂ ਕਹਿੰਦੇ ਹਾਂ ਕਿ ਦੋ ਤੱਤ ਹਨ – ਚੇਤਨ ਹੈ, ਦੂਜਾ ਪ੍ਰਕ੍ਰਿਤੀ। ਪ੍ਰਕ੍ਰਿਤੀ ਵਿਚ ਚੇਤਨ ਦੀ ਛਾਇਆ ਪੈਣ ਕਰਕੇ ਇਕ ਮਹਿ ਤੱਤ ਹੋਇਆ ਜਿਸ ਵਿਚੋਂ ਅਹੰਭਾਵ ਨੂੰ ਪੈਦਾ ਕਰਿਆ। ਪ੍ਰਕ੍ਰਿਤੀ ਤੱਤ, ਜਿਸ ਵਿਚ ਜਦੋਂ ਚੇਤਨਤਾ (awareness) ਆਉਂਦੀ ਹੈ ਉਸ ਵੇਲੇ ਜਾਗ੍ਰਤ ਆ ਗਈ। ਦੂਸਰੀ ਕ੍ਰਿਆਸ਼ੀਲਤਾ ਹੈ, ਤੀਸਰਾ ਉਸ ਵਿਚ ਨਿਯਮ ਆ ਗਿਆ, ਉਹ ਨਿਯਮਬੱਧ ਹੋ ਗਈ। ਪ੍ਰਕ੍ਰਿਤੀ ਜੋ ਦੁਖਾਂ ਦਾ ਕਾਰਨ ਹੈ ਉਹ ਪ੍ਰਮੇਸ਼ਰ ਤੋਂ ਵਿਪਰੀਤ ਤੱਤ ਹੈ। ਤੇ ਤੂੰ ਜੋ ਆਖਦਾ ਹੈਂ ਕਿ ਇਕੋ ਪ੍ਰਭੂ ਅਨੇਕ ਰੂਪਾਂ ਵਿਚ ਖੇਲ੍ਹ ਰਿਹਾ ਹੈ ਤਾਂ ਇਹ ਦੱਸ ਕਿ ਸੰਸਾਰ ਕਿਥੋਂ ਬਣ ਗਿਆ ਅਤੇ ਦੁਖ ਕਿਥੋਂ ਬਣ ਗਏ? ਆਪ ਨੇ ਕਿਹਾ, "ਨਾਥ ਜੀ! ਸੰਸਾਰ ਹਉਮੈ ਤੱਤ ਕਰਕੇ ਪ੍ਰਤੀਤ ਦੇ ਰਿਹਾ ਹੈ। ਸਤਿ ਅਵਸਥਾ ਇਹ ਹੈ ਕਿ ਪ੍ਰਮੇਸ਼ਰ ਆਪ ਹੀ ਆਪਣੀ ਮਹਿਮਾ ਵਿਚ ਪ੍ਰਵਿਰਤ ਹੋਇਆ ਖੇਲ੍ਹ ਕਰ ਰਿਹਾ ਹੈ। ਇਸ ਗਿਆਨ ਨੂੰ ਭੁੱਲ ਕੇ ਸਰੀਰ ਦੇ ਵਿਚ ਜੋ ਸੋਝੀ ਹੈ ਉਹ ਮੈਂ ਦਾ ਵਿਕਲੋਤਰਾ ਰੂਪ ਧਾਰਨ ਕਰ ਗਿਆ ਜਿਸ ਨੂੰ ਅਸੀਂ ਹਉਮੈ ਕਹਿੰਦੇ ਹਾਂ, ਹਉਮੈ ਕਰਕੇ ਸਾਰੇ ਦੁਖ ਪੈਦਾ ਹੋ ਗਏ। ਪ੍ਰਸ਼ਨ ਇਹ ਸੀ ਕਿ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥***
***ਪੰਨਾ – 946***

ਦੁਖਾਂ ਦਾ ਮੂਲ ਕਾਰਨ ਹਉਮੈ ਹੈ, ਜਦੋਂ ਤਕ ਇਸ ਸਰੀਰ ਦੇ ਵਿਚੋਂ ਨਾਮ ਤੱਤ ਪ੍ਰਗਟ ਨਹੀਂ ਹੁੰਦਾ ਓਨਾਂ ਚਿਰ ਦੁਖਾਂ ਦਾ ਖਾਤਮਾ ਨਹੀਂ ਹੋਇਆ ਕਰਦਾ। ਹਉਮੈ ਦੇ ਨਾਸ਼ ਹੋਣ ਤੋਂ ਦਿਬਯ ਦ੍ਰਿਸ਼ਟ ਉਤਪਤ ਹੁੰਦੀ ਹੈ ਜਿਸ ਨੂੰ ਤੀਸਰਾ ਤਿਲ, ਬਿਅੰਨ ਅਖੜੀਆਂ ਅਤੇ ਹੋਰ ਅਨੇਕਾਂ ਨਾਮਾਂ ਨਾਲ ਦੱਸਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਮਝ ਲਓ ਕਿ ਇਕ ਆਦਮੀ ਨੂੰ ਮੋਤੀਆਬਿੰਦ ਹੋ ਗਿਆ, ਉਸ ਦੀ ਅੱਖਾਂ ਦੀ ਰੋਸ਼ਨੀ ਜਾਂਦੀ ਰਹੀ, ਦਿਸਣਾ ਬੰਦ ਹੋ ਗਿਆ। ਉਹ ਆਪਣੇ ਅਨੁਮਾਨ ਨਾਲ ਚੀਜ਼ਾਂ ਚਿਤਵਦਾ ਹੈ। ਉਨ੍ਹਾਂ ਦੀ ਵਿਲੱਖਣਤਾ ਨੂੰ ਦੇਖਦਾ ਹੈ ਜਿਵੇਂ ਕਿ ਹਾਥੀ ਨੂੰ ਕਈ ਸੂਰਮਿਆਂ (ਅੰਧ ਦ੍ਰਿਸ਼ਟੀ ਵਾਲਿਆਂ) ਨੇ ਦੇਖਿਆ ਅਤੇ ਬਹਿਸ ਕਰਨ ਲੱਗੇ ਕਿ ਹਾਥੀ ਥਮਲਿਆਂ ਵਰਗਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਹਾਥੀ ਦੀ ਲੱਤ ਨੂੰ ਹੱਥ ਲਾਇਆ ਸੀ। ਜਿਸ ਦੇ ਹੱਥ ਸੁੰਢ ਆਈ ਉਸ ਨੇ ਕਿਹਾ ਕਿ ਹਾਥੀ ਬੜਾ ਕੋਮਲ ਹੁੰਦਾ ਹੈ, ਜਿਸ ਦੇ ਹੱਥ ਵਿਚ ਦੰਦ ਆਏ ਉਹ ਕਹਿੰਦੇ ਹਨ ਕਿ



Sri Satguru Jagjit Singh Ji eLibrary NamdhariElibrary@gmail.com

ਹਾਥੀ ਕਠੋਰ ਚੀਜ਼ ਹੈ, ਜਿਸ ਦਾ ਪੇਟ ਨਾਲ ਹੱਥ ਲਗਿਆ ਉਸ ਨੇ ਕਿਹਾ ਕਿ ਹਾਥੀ ਤਾਂ ਇਕ ਬਹੁਤ ਵੱਡਾ ਢੇਰ ਹੈ। ਇਹ ਇਸ ਕਰਕੇ ਹੋਇਆ ਕਿਉਂਕਿ ਦ੍ਰਿਸ਼ਟੀ ਪ੍ਰਾਪਤ ਨਹੀਂ। ਜਦੋਂ ਗੁਰੂ ਦਾ ਅੰਜਨ ਅੱਖਾਂ ਵਿਚ ਪੈ ਜਾਂਦਾ ਹੈ ਤਾਂ ਦੋਖ ਦ੍ਰਿਸ਼ਟੀ ਦੂਰ ਹੋ ਜਾਂਦੀ ਹੈ, ਸਤਿ ਦ੍ਰਿਸ਼ਟੀ ਮਿਲ ਜਾਂਦੀ ਹੈ ਅਤੇ ਸਤਿ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਹਰ ਥਾਂ ਦੇ ਉਤੇ ਪ੍ਰਮੇਸ਼ਰ ਰਮਿਆ ਹੋਇਆ ਹੀ ਨਜ਼ਰ ਆਉਂਦਾ ਹੈ। ਇਸ ਦੀ ਪ੍ਰਾਪਤੀ ਨੂੰ ਨਾਮ ਆਖਿਆ ਜਾਂਦਾ ਹੈ।

ਹਉਮੈ ਤੱਤ ਕਰਕੇ ਸੰਸਾਰ ਦਿਸਦਾ ਹੈ, ਹਉਮੈ ਦਾ ਨਾਸ਼ ਹੋ ਜਾਵੇ ਤਾਂ ਇਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਦਿਸਦਾ ਹੈ। ਜਿੰਨਾਂ ਚਿਰ ਹਉਮੈ ਤੱਤ ਹੈ ਉਨਾਂ ਚਿਰ ਆਪਣੇ ਬੇਗਾਨੇ, ਚੰਗੇ-ਮਾੜੇ, ਦ੍ਰਿਸ਼ਟੀ ਪੈਂਦੇ ਹਨ ਪਰ ਜਦੋਂ ਇਸ ਦਾ ਨਾਸ਼ ਹੋ ਜਾਂਦਾ ਹੈ ਤਾਂ ਉਸ ਵੇਲੇ ਇਕ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ ਜਾਂ ਐਂ ਕਹੋ ਆਪਣਾ ਆਪ ਹੀ ਨਜ਼ਰ ਆਉਂਦਾ ਹੈ। ਸੋ ਸਾਰੀ ਵਿਚਾਰ ਦਾ ਸਿੱਟਾ ਹੈ ਕਿ ਹਉਮੈ ਤੱਤ ਕਰਕੇ ਹੀ ਪ੍ਰਮੇਸ਼ਰ ਦਿਸਦਾ ਹੈ। ਜਦੋਂ ਹਉਮੈ ਦਾ ਨਾਸ਼ ਹੋ ਗਿਆ ਫੇਰ -

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਪੰਨਾ - 407*

ਮਹਾਂਪੁਰਸ਼ਾਂ ਦਾ ਵੀ ਇਹ ਮਤ ਹੈ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥*
*ਪੰਨਾ - 1350*

ਜਦੋਂ ਇਹ ਭਾਵਨਾ ਪੈਦਾ ਹੋ ਜਾਂਦੀ ਹੈ, ਤੱਤ ਗਿਆਨ ਹੋ ਜਾਂਦਾ ਹੈ ਉਸ ਵੇਲੇ ਕੋਈ ਬੁਰਾ ਨਜ਼ਰ ਨਹੀਂ ਆਉਂਦਾ। ਇਸ ਤਰ੍ਹਾਂ ਫੁਰਮਾਨ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥*
*ਪੰਨਾ - 610*

ਇਸ ਦੇ ਵਿਪਰੀਤ ਜਦੋਂ ਤਕ ਬੁਰੇ ਭਲੇ, ਪਾਪੀ ਪੁੰਨੀ, ਆਪਣੇ ਬੇਗਾਨੇ ਨਜ਼ਰ ਆਉਂਦੇ ਹਨ, ਉਨਾਂ ਚਿਰ ਉਸ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਕੇਵਲ ਰਸਤੇ ਤੇ ਚੱਲਣ ਵਾਲਾ ਰਾਹੀ ਹੈ ਮੰਜ਼ਲ ਤੇ ਨਹੀਂ ਪਹੁੰਚਿਆ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥*
*ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ॥*
*ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ॥*
*ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ॥*
*ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥*
*ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥*
*ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥*
*ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥*
*ਪੰਨਾ - 757*

ਸੋ ਨਾਮ ਭੁੱਲਣ ਕਰਕੇ ਦੁਖ ਪੈਦਾ ਹੋ ਗਿਆ ਪਰ ਪ੍ਰਮੇਸ਼ਰ ਨੇ ਦਵਾਈ ਅੰਦਰ ਰੱਖੀ ਹੋਈ ਹੈ, ਕੋਈ ਐਸਾ ਜੀਵ ਨਹੀਂ ਜਿਸ ਦੇ ਅੰਦਰ ਪ੍ਰਮੇਸ਼ਰ ਨੇ ਦਵਾਈ ਨਾ ਰੱਖੀ ਹੋਵੇ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ ਕਿ 'ਹਰਿ ਅਉਖਧੁ ਸਭ ਘਟ ਹੈ ਭਾਈ' ਨਾਮ ਦੀ ਦਵਾਈ ਹਰੇਕ ਸਰੀਰ ਵਿਚ ਰੱਖੀ ਹੋਈ ਹੈ। ਉਸ ਦਵਾਈ ਦਾ ਪ੍ਰਾਣੀ ਮਾਤਰ ਨੂੰ ਕੁਝ ਪਤਾ ਨਹੀਂ ਲਗਦਾ ਕਿਉਂਕਿ ਸੂਝ ਨਹੀਂ ਹੈ, ਨਾ ਹੀ ਉਹ ਇਸ ਗੱਲ ਨੂੰ ਪੁੱਛਣ ਦਾ ਯਤਨ ਕਰਦਾ ਹੈ ਕਿ ਦਵਾਈ ਕਿਵੇਂ ਮਿਲਦੀ ਹੈ। ਵੱਡੇ ਵੱਡੇ ਹਸਪਤਾਲਾਂ ਵਿਚ ਜਾ ਕੇ ਇਲਾਜ ਲਈ ਲੱਖਾਂ ਰੁਪਏ ਖਰਚ ਕਰਦਾ ਹੈ ਪਰ ਆਰਾਮ ਪੂਰੀ ਤਰ੍ਹਾਂ ਫੇਰ ਵੀ ਨਹੀਂ ਆਉਂਦਾ। ਠੀਕ ਹੋ ਜਾਂਦਾ ਹੈ, ਬਿਮਾਰੀ ਹਟ ਜਾਂਦੀ ਹੈ ਪਰ ਫੇਰ ਦੁਬਾਰਾ ਹੋ ਜਾਂਦੀ ਹੈ। ਗੁਰਬਾਣੀ ਦਾ ਸਿਧਾਂਤ ਕੋਈ ਅਟਕਲਪਚੂ ਬਾਤ ਨਹੀਂ ਹੈ ਬਿਲਕੁਲ ਪ੍ਰਤੱਖ ਹੈ, ਗੁਰਬਾਣੀ ਵਿਚ ਜੋ ਕੁਝ ਹੈ ਸਭ ਸਤਿ ਹੈ, ਪਰਤਿਆ ਕੇ ਦੇਖ ਲਓ ਕਿ ਨਾਮ ਸਾਧਨ ਨਾਲ ਵੱਡੇ ਵੱਡੇ ਰੋਗ ਜੋ ਡਾਕਟਰਾਂ ਤੋਂ ਨਹੀਂ ਹਟਦੇ ਉਹ ਹਟ ਗਏ ਹਨ। ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੋ ਸੰਜਮ ਹੈ ਜੋ ਪਹਿਲਾਂ ਵਿਸਥਾਰ ਨਾਲ ਦੱਸਿਆ ਗਿਆ ਹੈ ਉਹ ਸੰਜਮ ਜ਼ਰੂਰ ਹੀ ਅਪਨਾਉਣਾ ਪੈਂਦਾ ਹੈ। ਡਾਕਟਰਾਂ ਦੀ ਰਾਏ ਹੈ ਕਿ ਸੰਜਮ ਰੱਖ ਕੇ ਬਿਮਾਰੀ ਦੂਰ ਹੋ ਸਕਦੀ ਹੈ ਪਰ ਜਦੋਂ ਨਾਮ ਅਉਖਧ ਵਰਤਣ ਦੀ ਜਾਂਚ ਆ ਜਾਵੇ ਫੇਰ ਸਭ ਰੋਗ ਦੂਰ ਹੋ ਜਾਂਦੇ ਹਨ। ਪਰ ਵਿਧੀ ਦੱਸਣ ਵਾਲਾ ਪੂਰਾ ਸਤਿਗੁਰੂ ਹੋਣਾ ਚਾਹੀਦਾ ਹੈ। ਇਸ ਉਪਰ ਬਹੁਤ ਲੰਮੀ ਚੌੜੀ ਵਿਚਾਰ ਹੋ ਸਕਦੀ ਹੈ ਪਰ ਸਾਡੇ ਨਿਸ਼ਚੇ ਅਜਿਹੇ ਬਣ ਗਏ ਹਨ ਕਿ ਅਸੀਂ ਆਪਣੇ ਹੀ ਗਲਤ ਨਿਸ਼ਚਿਆਂ ਕਾਰਨ ਉਸ ਦਵਾਈ ਤਕ ਪਹੁੰਚ ਨਹੀਂ ਸਕਦੇ। ਇਸ ਦਵਾਈ ਨੂੰ ਗੁਰੂ ਮਹਾਰਾਜ ਜੀ ਨਾਮ ਆਖਦੇ ਹਨ। ਜਦੋਂ ਤਕ ਸਮਰੱਥ ਮਹਾਂਪੁਰਸ਼ ਆਪਣੀ ਕ੍ਰਿਪਾ ਨਾਲ ਉਸ ਥਾਂ ਨਾ ਪਹੁੰਚਾ ਦੇਵੇ ਜਿਥੇ ਇਹ ਦਵਾਈ ਪ੍ਰਮੇਸ਼ਰ ਨੇ ਸੁਰਖਸ਼ਤ ਥਾਂ ਤੇ ਰੱਖੀ ਹੋਈ ਹੈ ਓਨੀਂ ਦੇਰ ਤਕ ਅਸਰ ਨਹੀਂ ਕਰਦੀ। ਬਾਣੀ ਵਿਚ ਫੁਰਮਾਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥* *ਪੰਨਾ - 293*

ਦੇਖਦਾ ਕੌਣ ਹੈ? ਜਿਸ ਉਪਰ ਪੂਰੇ ਗੁਰੂ ਦੀ ਮਿਹਰ ਹੋ ਜਾਵੇ ਅਤੇ ਉਹ ਸੋਝੀ ਦੇ ਦੇਵੇ। ਪਹਿਲਾਂ ਸਮਰੱਥ ਗੁਰੂ ਮੰਤਰ ਦੀ ਦਾਤ ਦਿੰਦਾ ਹੈ। ਗੁਰੂ ਘਰ ਵਿਚ ਪੰਜ ਪਿਆਰੇ ਅੰਮ੍ਰਿਤ ਛਕਾਉਣ ਵੇਲੇ ਮੰਤਰ ਦਿੰਦੇ ਹਨ। ਪੰਜ ਪਿਆਰਿਆਂ ਬਾਰੇ ਵੱਖੋ ਵੱਖਰੇ ਆਪੋ ਆਪਣੀ ਬੁੱਧੀ ਅਨੁਸਾਰ ਖਿਆਲ ਹਨ, ਜੋ ਆਪਸ



Sri Satguru Jagjit Singh Ji eLibrary NamdhariElibrary@gmail.com

ਵਿਚ ਨਹੀਂ ਮਿਲਦੇ ਪਰ ਜੋ ਰਿਵਾਇਤ ਹੈ ਉਸ ਵਿਚ ਐਸੇ ਖਿਆਲ ਆਉਂਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਪੰਜ ਪਿਆਰਿਆਂ ਨੂੰ ਮਹੱਤਤਾ ਦਿੰਦਿਆਂ ਹੋਇਆਂ ਖਾਲਸੇ ਦਾ ਦਰਜਾ ਦਿਤਾ ਹੈ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ 'ਚੋਂ***

ਇਨ੍ਹਾਂ ਪੰਜਾਂ ਨੂੰ ਖਾਲਸਾ ਆਖਿਆ ਗਿਆ ਹੈ ਪਰ ਇਨ੍ਹਾਂ ਪੰਜਾਂ ਵਿਚ ਜੋ ਸੋਝੀ ਹੈ ਇਹ ਇਕ ਮਹਾਤਮਾ ਵਿਚ ਵੀ ਸੋਝੀ ਆ ਜਾਂਦੀ ਹੈ ਪਰ ਇਸ ਨੂੰ ਮਰਿਆਦਾ ਅਨੁਸਾਰ ਪੰਜਾਂ ਵਿਚ ਸੀਮਤ ਕਰ ਦਿਤਾ ਅਤੇ ਇਨ੍ਹਾਂ ਰਾਹੀਂ ਜਦੋਂ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ ਤਾਂ ਇਨ੍ਹਾਂ ਵਿਚ ਗੁਰੂ ਜੋਤ ਵਰਤਦੀ ਹੈ, ਕੋਈ ਦੋਖ ਦ੍ਰਿਸ਼ਟੀ ਇਨ੍ਹਾਂ ਅੰਦਰ ਨਹੀਂ ਹੁੰਦੀ, ਇਹ ਉਨ੍ਹਾਂ ਪੰਜਾਂ ਪਿਆਰਿਆਂ ਦਾ ਰੂਪ ਹੁੰਦੇ ਹਨ ਜੋ ਗੁਰੂ ਮਹਾਰਾਜ ਨੇ ਕਰੜੀ ਪਰੀਖਿਆ ਲੈ ਕੇ ਚੁਣੇ ਸਨ, ਜਿਨ੍ਹਾਂ ਨੂੰ ਗੁਰੂ ਮਹਾਰਾਜ ਨੇ ਨਵਾਂ ਜੀਵਨ, ਨਵਾਂ ਉਤਸ਼ਾਹ ਬਖਸ਼ਿਆ ਸੀ। ਸੋ ਆਪ ਨੇ ਇਕ ਦੀ ਥਾਂ ਦੇ ਉਤੇ ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਪੰਜ ਪ੍ਰਵਾਨ ਨੂੰ ਪ੍ਰਧਾਨਤਾ ਦਿਤੀ ਅਤੇ ਪਿਆਰ ਨਾਲ ਇਨ੍ਹਾਂ ਦਾ ਨਾਮ ਪੰਜ ਪਿਆਰੇ ਰੱਖਿਆ। ਗੁਰਸਿੱਖੀ ਮਾਰਗ ਵਿਚ ਇਸ ਨਾਮ ਖਜ਼ਾਨੇ ਤਕ ਪਹੁੰਚਣ ਵਾਸਤੇ ਪਹਿਲਾਂ ਪੰਜ ਪਿਆਰਿਆਂ ਦੇ ਪੇਸ਼ ਹੋਣਾ ਪੈਂਦਾ ਹੈ। ਉਹ ਕਾਰਜ ਕਰਕੇ ਮੰਤਰ ਦੀ ਦਾਤ ਦਿੰਦੇ ਹਨ। ਉਸ ਮੰਤਰ ਨੂੰ ਜਪਣ ਦੀ ਵਿਧੀ ਦਸਦੇ ਹਨ। ਉਸ ਵੇਲੇ ਸੰਜਮ ਵੀ ਨਾਲ ਹੀ ਦਸਦੇ ਹਨ ਜਿਨ੍ਹਾਂ ਨੂੰ ਅਸੀਂ ਰਹਿਤਾਂ ਆਖਦੇ ਹਾਂ। ਅਜਿਹੇ ਜਾਗੇ ਹੋਏ ਪੁਰਸ਼ਾਂ ਦੇ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ। ਉਸ ਵੇਲੇ ਰੂਹਾਨੀ ਨੇਤਰਾਂ ਤੇ ਆਏ ਮੋਤੀਆਬਿੰਦ ਦਾ ਓਪਰੇਸ਼ਨ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਅੰਦਰਲੀ ਦ੍ਰਿਸ਼ਟੀ ਉਸ ਦੇ ਬਲ ਨਾਲ ਸ਼ੁਧ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਆਹਿਸਤਾ-ਆਹਿਸਤਾ ਤਰੱਕੀ ਕਰਕੇ ਇਹ ਜੀਵ ਉਥੇ ਪਹੁੰਚ ਜਾਂਦਾ ਹੈ ਜਿਥੇ ਹਰ ਥਾਂ ਪ੍ਰਮੇਸ਼ਰ ਹੀ ਦ੍ਰਿਸ਼ਟੀ ਆਉਂਦਾ ਹੈ, ਉਥੇ ਉਹ ਅਨੰਦ ਪ੍ਰਾਪਤ ਹੁੰਦਾ ਹੈ ਜੋ ਜੀਵ ਦੇ ਕਣ ਕਣ ਵਿਚ ਆਤਮ ਅਨੰਦਤਾ ਬਖਸ਼ ਦਿੰਦਾ ਹੈ, ਜੀਵਨ ਦੇ ਸੈਲ ਸਾਰੇ ਠੀਕ ਹੋ ਜਾਂਦੇ ਹਨ ਅਤੇ ਰੋਗ ਦਾ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ। ਇਥੇ ਹੀ ਬਸ ਨਹੀਂ, ਜਦੋਂ ਆਦਮੀ ਇਸ ਮੰਡਲ ਵਿਚ ਪਹੁੰਚ ਜਾਂਦਾ ਹੈ ਉਥੇ ਨਾਮ ਅੰਦਰ ਵਸ ਜਾਂਦਾ ਹੈ, ਸਾਰੀਆਂ ਰਿਧੀਆਂ ਸਿੱਧੀਆਂ ਪਿਛੇ ਲਗੀਆਂ ਫਿਰਦੀਆਂ ਹਨ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਸੋ ਨਾਮ ਪ੍ਰਾਪਤੀ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ। ਜਦੋਂ ਗੁਰੂ ਪੂਰੀ ਵਿਧੀ ਨਾਲ ਨਾਮ ਪ੍ਰਾਪਤੀ ਬਾਰੇ ਦਸਦਾ ਹੈ ਤਾਂ ਸੁਪਨੇ ਵਿਚ ਵੀ ਰੋਗ ਨੇੜੇ ਨਹੀਂ ਆਉਂਦੇ। ਨਾਮ ਤੋਂ ਬਿਨਾਂ ਪ੍ਰਾਣੀ ਮਾਤਰ ਦੀ ਕਲਿਆਣ ਵੀ ਨਹੀਂ ਹੁੰਦੀ।

ਗੁਰੂ ਮਹਾਰਾਜ ਨੇ ਸਮੇਂ ਦੀ ਵਿਚਾਰ ਕੀਤੀ ਜੋ ਸਮਾਂ ਹੁਣ ਚਲ ਰਿਹਾ ਹੈ, ਇਸ ਦੇ ਅੰਦਰ ਆਦਮੀ ਦੀ ਮਾਨਸਿਕ ਅਵਸਥਾ ਹਾਲਾਤ ਦੇ ਅਧੀਨ ਉਸ ਤਰ੍ਹਾਂ ਦੀ ਨਹੀਂ ਰਹੀ ਜੋ ਪਹਿਲਿਆਂ ਜੁਗਾਂ ਵਿਚ ਸੀ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਹੁਣ ਕਲਜੁਗ ਦੇ ਵਿਚ ਆਦਮੀ ਦੀ ਬੁੱਧੀ ਭੂਤਾਂ ਪ੍ਰੇਤਾਂ ਵਾਲੀ ਹੋ ਗਈ ਹੈ। ਜੀਵਨ ਦੇ ਵਿਚ ਬਹੁਤ ਵੱਡੀ ਕਮਜ਼ੋਰੀ ਆ ਚੁਕੀ ਹੈ ਮਨ ਇਕਾਗਰ ਨਹੀਂ ਹੁੰਦਾ ਅਤੇ ਨਾ ਹੀ ਆਦਮੀ ਕੋਲ ਐਨਾ ਸਮਾਂ ਹੈ ਕਿ ਜੋ ਸਾਧਨ ਲੰਮੇ ਸਮੇਂ ਤਕ ਕਰਦਾ ਸੀ ਉਹ ਕਰ ਸਕੇ। ਹੁਣ ਕਰਮਾਂ ਧਰਮਾਂ ਦੀ ਪੇਸ਼ ਨਹੀਂ ਜਾਂਦੀ ਕਿਉਂਕਿ ਹੁਣ ਨਾਮ ਬੀਜਣ ਦੀ ਰੁੱਤ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਕਲਜੁਗ ਮਹਿ ਬਹੁ ਕਰਮ ਕਮਾਹਿ॥***
***ਨਾ ਰੁਤਿ ਨ ਕਰਮ ਥਾਇ ਪਾਹਿ॥***
***ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥***
***ਗੁਰਮੁਖਿ ਸਾਚਾ ਲਗੈ ਪਿਆਰੁ॥***
***ਤਨੁ ਮਨੁ ਖੋਜਿ ਘਰੈ ਮਹਿ ਪਾਇਆ॥***
***ਗੁਰਮੁਖਿ ਰਾਮ ਨਾਮਿ ਚਿਤੁ ਲਾਇਆ॥***
***ਗਿਆਨ ਅੰਜਨੁ ਸਤਿਗੁਰ ਤੇ ਹੋਇ॥***
***ਰਾਮ ਨਾਮੁ ਰਵਿ ਰਹਿਆ ਤਿਹੁ ਲੋਇ॥***
***ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥***
***ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥***
***ਪੰਨਾ - 1130***

ਇਸੇ ਤਰ੍ਹਾਂ ਨਾਲ ਇਕ ਹੋਰ ਥਾਂ ਫੁਰਮਾਨ ਹੈ -

***ਕਲਜੁਗ ਮਹਿ ਰਾਮ ਨਾਮੁ ਉਰ ਧਾਰੁ॥***
***ਬਿਨੁ ਨਾਵੈ ਮਾਥੈ ਪਾਵੈ ਛਾਰੁ॥ ਪੰਨਾ - 1129***

ਕਲਜੁਗ ਦਾ ਸਮਾਂ ਨਾਮ ਬੀਜਣ ਦਾ ਸਮਾਂ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥***
***ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ॥***
***ਪੰਨਾ - 321***

ਕਿਉਂਕਿ ਇਸ ਜੁਗ ਦੇ ਅੰਦਰ ਧਰਮ ਦੇ ਤਿੰਨ ਪੈਰ ਖਿਸਕ ਚੁੱਕੇ ਹਨ। ਧਰਮ ਦੇ ਚਾਰ ਪੈਰ ਹੁੰਦੇ ਹਨ -

***ਕਲਿਜੁਗਿ ਹਰਿ ਕੀਆ ਪਗ ਤ੍ਰੈ ਖਿਸਕੀਆ***
***ਪਗੁ ਚਉਥਾ ਟਿਕੈ ਟਿਕਾਇ ਜੀਉ॥***
***ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ***
***ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥ ਪੰਨਾ - 446***

ਗੁਰੂ ਮਹਾਰਾਜ ਜੀ ਨੇ ਕਲਜੁਗ ਵਿਚ ਨਾਮ ਬੀਜਣ ਦਾ ਹੋਕਾ ਦਿਤਾ ਕਿਉਂਕਿ ਕੋਈ ਕਰਮ ਧਰਮ ਹੁਣ ਫਲ ਨਹੀਂ ਦਿੰਦਾ। ਹੁਣ ਕਰਮ ਕਿਰਤ ਦੀ ਕੋਈ ਪੇਸ਼ ਨਹੀਂ ਜਾਂਦੀ। ਹੁਣ ਸਿਮਰਨ ਦੀ ਰੁੱਤ ਆਈ ਹੋਈ ਹੈ। ਸਿਮਰਨ ਯਾਦ ਨੂੰ ਆਖਦੇ ਹਨ। ਜੇ ਮੂੰਹ ਦੇ ਨਾਲ ਵਾਹਿਗੁਰੂ ਵਾਹਿਗੁਰੂ ਆਖਦਾ ਹੈ, ਜੇ ਚਿੱਤ ਵਿਚ ਪ੍ਰਮੇਸ਼ਰ ਦੀ ਹੋਂਦ ਨਹੀਂ ਵਸੀ ਤਾਂ ਸਿਮਰਨ ਨਹੀਂ ਕਹਾਉਂਦਾ। ਜਿਵੇਂ ਕੂੰਜ ਦੀ ਯਾਦ ਵਿਚ ਉਸ ਦੇ ਬੱਚੇ ਵਸੇ ਹੁੰਦੇ ਹਨ, ਉਹ ਯਾਦ ਸ਼ਕਤੀ ਦੇ ਰਾਹੀਂ ਹਜ਼ਾਰਾਂ ਕੋਹਾਂ ਤੇ ਸਿਮਰਨ ਨਾਲ ਬੱਚਿਆਂ ਨੂੰ ਪਾਲਦੀ ਹੈ।

***ਉਡੈ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥***
***ਪੰਨਾ - 10***

ਸੋ ਨਾਮ ਜਪਣ ਦਾ ਯੁੱਗ ਆ ਗਿਆ। ਜਦੋਂ ਸਾਨੂੰ ਇਸ ਖੇਤੀ ਦੇ ਬੀਜਣ ਦੀ ਜੁਗਤ ਆ ਜਾਵੇਗੀ ਉਸ ਵੇਲੇ ਇਹ


Sri Satguru Jagjit Singh Ji eLibrary NamdhariElibrary@gmail.com

ਖੇਤੀ ਲਹਿਲਹਾਂਦੀ ਨਜ਼ਰ ਆਵੇਗੀ।

ਗੁਰੂ ਨਾਨਕ ਪਾਤਸ਼ਾਹ ਨੇ ਇਸ ਬਾਰੇ ਕਈ ਸੰਕੇਤ ਦਿਤੇ ਹਨ। ਜਦੋਂ ਆਪ ਏਮਨਾਬਾਦ ਤੋਂ ਤਲਵੰਡੀ ਰਾਇ ਭੋਇੰ, ਰਾਏ ਬੁਲਾਰ ਨੂੰ ਦਰਸ਼ਨ ਦੇਣ ਗਏ ਤਾਂ ਮਹਿਤਾ ਕਾਲੂ ਦੇ ਕਹਿਣ ਤੇ ਰਾਏ ਜੀ ਨੇ ਕਿਹਾ ਕਿ ਮੈਂ ਤੁਹਾਨੂੰ ਕਈ ਖੂਹਾਂ ਦੀ ਜ਼ਮੀਨ ਖੇਤੀ ਕਰਨ ਲਈ ਮੁਆਫੀਨਾਮੇ ਵਿਚ ਦਿੰਦਾ ਹਾਂ, ਬਲਦ ਵਗੈਰਾ ਦੇ ਦਿੰਦਾ ਹਾਂ ਤੁਸੀਂ ਖੇਤੀ ਕਰੋ। ਆਪ ਨੇ ਅਸਲੀ ਖੇਤੀ ਵਲ ਇਸ਼ਾਰਾ ਕਰਦੇ ਕਿਹਾ ਕਿ ਮੇਰਾ ਮਨ ਤਾਂ ਕਿਰਸਾਣੀ ਕਰ ਰਿਹਾ ਹੈ, ਹਲ ਜੋਤ ਰਿਹਾ ਹੈ, ਖੇਤੀ ਨੂੰ ਪਾਣੀ ਦੇ ਰਿਹਾ ਹੈ। ਮੈਂ ਖੇਤ ਜੋਤ ਕੇ ਉਸ ਵਿਚ ਨਾਮ ਦਾ ਬੀਜ ਪਾ ਕੇ ਸਾਰੇ ਇੰਦਰਿਆਂ ਰਾਹੀਂ ਸੰਤੋਖ ਦਾ ਸੁਹਾਗਾ ਦੇ ਰਿਹਾ ਹਾਂ ਅਤੇ ਭਗਤੀ ਦੇ ਨਾਲ ਇਸ ਦਾ ਨਦੀਣ ਕੱਢ ਰਿਹਾ ਹਾਂ। ਇਸ ਦੀ ਖੇਤੀ ਦੀ ਗੁਡਾਈ ਕਰ ਰਿਹਾ ਹਾਂ ਜਿਸ ਨਾਲ ਮੇਰੀ ਫਸਲ ਭਰਪੂਰ ਹੋਵੇਗੀ। ਉਹ ਘਰ ਭਾਗਾਂ ਵਾਲੇ ਹਨ ਜਿਥੇ ਨਾਮ ਦੀ ਖੇਤੀ ਭਰਪੂਰ ਹੋ ਜਾਂਦੀ ਹੈ। ਰਾਏ ਜੀ ਜਿਸ ਖੇਤੀ ਦੀ ਗੱਲ ਤੁਸੀਂ ਕਰਦੇ ਹੋ ਇਹ ਸੰਸਾਰ ਦੀਆਂ ਪ੍ਰਾਪਤੀਆਂ ਸੰਸਾਰ ਵਿਚ ਹੀ ਰਹਿ ਜਾਂਦੀਆਂ ਹਨ ਅੰਤ ਵੇਲੇ ਹੱਥ ਝਾੜ ਕੇ ਸੰਸਾਰ ਤੋਂ ਜੀਵ ਚਲਿਆ ਜਾਂਦਾ ਹੈ, ਮਾਇਆ ਸਾਥ ਨਹੀਂ ਜਾਂਦੀ, ਜੀਵ ਇਸ ਮਾਇਆ ਦੀ ਚਮਕ ਦਮਕ ਨਾਲ ਮੋਹਿਆ ਜਾਂਦਾ ਹੈ।

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥***
***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥***
***ਬਾਬਾ ਮਾਇਆ ਸਾਥਿ ਨ ਹੋਇ॥***
***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥***
***ਪੰਨਾ - 595***

ਸੋ ਇਹ ਨਾਮ ਦੀ ਖੇਤੀ ਨਿਮਰਤਾ ਦੀ ਵਾੜ ਕੀਤਿਆਂ ਫਲੀਭੂਤ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਸਾਧਨ ਕਰਦੇ ਹੋਏ ਗੁਰੂ ਦੀ ਕ੍ਰਿਪਾ, ਗੁਰੂ ਦੇ ਦੱਸੇ ਮਤ ਅਨੁਸਾਰ ਨਾਮ ਮੰਜ਼ਲ ਤੱਕ ਪਹੁੰਚ ਜਾਵਾਂਗੇ, ਫੇਰ ਕੇਵਲ ਆਪਣੇ ਹੀ ਦੁੱਖ ਦੂਰ ਨਹੀਂ ਹੁੰਦੇ, ਸੰਸਾਰ ਦੇ ਦੁਖ ਦੂਰ ਕਰਨ ਦੀ ਸਮਰੱਥਾ ਆ ਜਾਂਦੀ ਹੈ। ਜੇ ਉਸ ਨੇ ਬਚਨ ਕਰ ਦਿਤਾ ਵਿਘਨਾਂ ਦਾ, ਬਿਮਾਰੀਆਂ ਦਾ ਨਾਸ਼ ਹੋ ਜਾਂਦਾ ਹੈ। ਨਿਪੁਤਿਆਂ ਨੂੰ ਪੁਤਰਾਂ ਦੀ ਦਾਤ ਮਿਲ ਜਾਂਦੀ ਹੈ।

ਸੋ ਸਾਧਸੰਗਤ ਜੀ! ਇਥੇ ਹੀ ਬੱਸ ਨਾ ਕਰੋ ਕਿ ਅੰਮ੍ਰਿਤ ਛਕ ਲਿਆ, ਬਾਹਰਲੀਆਂ ਰਹਿਤਾਂ ਤੇ ਪਹਿਰਾ ਦੇ ਦਿਤਾ, ਪਰ ਜੀਵਨ ਨੂੰ ਸੰਜਮ ਵਿਚ ਨਾ ਲਿਆਂਦਾ। ਜੋ ਰਹਿਤਾਂ ਹਨ ਇਕ ਬਾਹਰਲੀ ਹੈ ਜੋ ਸਰੀਰ ਨਾਲ ਥੋੜ੍ਹਾ ਬਹੁਤ ਸਬੰਧ ਰਖਦੀ ਹੈ ਕਿ ਕਕਾਰ ਪਹਿਨ ਲਏ, ਪਰ ਹੱਥ ਜੋ ਹਨ ਬੁਰਾ ਕਰਦੇ ਹਨ, ਪੈਰ ਗਲਤ ਥਾਂ ਤੇ ਜਾਂਦੇ ਹਨ, ਕੰਨਾਂ ਦੇ ਨਾਲ ਕਚ ਪਿਚ ਸੁਣਦੇ ਹਾਂ, ਰਸਨਾ ਨਾਲ ਫਿੱਕਾ ਬੋਲਦੇ ਹਾਂ। ਇਹ ਰਹਿਤਾਂ ਨਾ ਰੱਖਣ ਕਰਕੇ ਕੋਈ ਪ੍ਰਾਪਤੀ ਨਹੀਂ ਹੁੰਦੀ। ਮਹਾਰਾਜ ਜੀ ਕਹਿੰਦੇ ਹਨ ਕਿ ਜੇ ਈਰਖਾ ਹੀ ਹੋਵੇ ਤਾਂ ਵੀ ਭਲਾ ਨਹੀਂ ਹੋਇਆ ਕਰਦਾ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ - 308***

ਸਾਡੇ ਅੰਦਰ ਸੁਭਾਵਿਕ ਹੀ ਈਰਖਾ ਪੈਦਾ ਹੋ ਜਾਂਦੀ ਹੈ। ਜਦੋਂ ਅਸੀਂ ਕਿਸੇ ਨੂੰ ਮਾਇਕ, ਪਰਿਵਾਰਕ ਰੂਪ ਵਿਚ ਵਧਦਾ ਫੁਲਦਾ ਦੇਖਦੇ ਹਾਂ ਤਾਂ ਅਸੀਂ ਉਸ ਬਾਰੇ ਮਾੜਾ ਚਿਤਵਦੇ ਹਾਂ, ਇਸ ਨੂੰ ਈਰਖਾ ਕਹਿੰਦੇ ਹਨ। ਜਿਸ ਦੇ ਅੰਦਰ ਇਹ ਹੈ ਉਸ ਦਾ ਕਦੇ ਵੀ ਭਲਾ ਨਹੀਂ ਹੁੰਦਾ। ਸੋ ਨਾਮ ਦੀ ਭਰਪੂਰ ਖੇਤੀ ਲੈਣ ਲਈ ਬਹੁਤ ਹੀ ਮਿਹਨਤ ਦੀ ਲੋੜ ਹੈ, ਇਸ ਵਿਚ ਇਹ ਨਹੀਂ ਕਿ ਠੰਢੇ ਪਾਣੀਆਂ ਵਿਚ ਖੜ੍ਹੀਏ, ਕੰਡਿਆਂ ਤੇ ਸੌਂਈਏ, ਇਹ ਸਭ ਫੋਕਟ ਕਰਮ ਹਨ ਇਸ ਨਾਲ ਤਮੋ ਗੁਣ ਪੈਦਾ ਹੋ ਕੇ ਕ੍ਰੋਧ ਵਧ ਜਾਂਦਾ ਹੈ। ਸੌ ਸੌ ਘੜਾ ਠੰਢੇ ਪਾਣੀ ਦਾ ਉਪਰ ਪਾਉਣਾ ਕੋਈ ਮਤਲਬ ਨਹੀਂ ਰਖਦਾ। ਸਰੀਰ ਨੂੰ ਸੰਜਮ ਵਿਚ ਨਰੋਆ ਰੱਖ ਕੇ ਅਸੀਂ ਨਾਮ ਮੰਜ਼ਲ ਤੇ ਨਾਮ ਦੇ ਪਿਆਲੇ ਤਕ ਪਹੁੰਚ ਸਕਦੇ ਹਾਂ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ॥***
***ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ***
***ਹਰਿ ਹਰਿ ਨਾਮੁ ਧਿਆਏ ਰਾਮ॥ ਪੰਨਾ - 538***

ਸੋ ਇਸ ਕਰਕੇ ਸਾਰੀ ਵਿਚਾਰ ਦਾ ਸਿੱਟਾ ਕਢਦਿਆਂ ਹੋਇਆਂ ਬੇਨਤੀ ਕੀਤੀ ਜਾਂਦੀ ਹੈ ਕਿ ਹੁਣ ਸਮਾਂ ਕਲਜੁਗ ਦਾ ਹੈ। ਕਲਜੁਗ ਦੇ ਅੰਦਰ ਜੇ ਕੋਈ ਸਾਧਨਾ ਫਲੀਭੂਤ ਹੁੰਦੀ ਹੈ ਤਾਂ -

***ਧਾਰਨਾ - ਕਲੂ ਆਇਓ ਰੇ ਇਕ ਨਾਮ ਬੀਜ ਲਓ - 2, 2.***
***ਇਕ ਨਾਮ ਬੀਜ ਲਓ - 4, 2.***
***ਕਲੂ ਆਇਓ ਰੇ ਇਕ ਨਾਮ ਬੀਜ ਲਓ -2***

ਮਹਾਰਾਜ ਫੁਰਮਾਨ ਕਰਦੇ ਹਨ ਕਿ ਭਾਈ, ਹੁਣ ਕਲਜੁਗ ਆ ਗਿਆ, ਹੁਣ ਹੋਰ ਕੁਝ ਕਰਨ ਦੀ ਰੁੱਤ ਨਹੀਂ, ਐਵੇਂ ਨਾ ਭਰਮ ਦੇ ਵਿਚ ਭੁੱਲੋ।

***ਅਬ ਕਲੂ ਆਇਓ ਰੇ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥***
***ਪੰਨਾ - 1185***

ਕਿਸਾਨ ਲੋਕ ਜਾਣਦੇ ਹਨ ਕਿ ਕਰੁਤਾ ਬੀਜ ਬੀਜਿਆ ਨਹੀਂ ਫਲਦਾ। ਸੋ ਹੁਣ ਜੋ ਸਮਾਂ ਚਲ ਰਿਹਾ ਹੈ ਕਲਜੁਗ ਦਾ ਹੈ, ਆਪਣਾ ਵਾਸਾ ਕਲਜੁਗ ਵਿਚ ਹੈ।

ਜਨਮਸਾਖੀ ਅੰਦਰ ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਕਲਜੁਗ ਮਨੁੱਖ ਰੂਪ ਵਿਚ ਮਿਲਿਆ। ਗੁਰੂ ਨਾਨਕ ਪਾਤਸ਼ਾਹ ਉਜਾੜ ਵਿਚ ਬੈਠੇ ਹਨ ਕਿ ਅਚਾਨਕ ਇਕ ਕਾਲੀ ਬੋਲੀ ਹਨ੍ਹੇਰੀ ਉਠ ਖੜ੍ਹੀ ਹੋਈ, ਦਰਖਤਾਂ ਨੂੰ ਜੜ੍ਹਾਂ ਤੋਂ ਉਖੇੜਦੀ ਹੋਈ ਰੋੜ੍ਹੀ ਆਉਂਦੀ ਸੀ, ਦਰਖਤ ਐਉਂ ਰੁੜ੍ਹਦੇ ਸਨ ਜਿਵੇਂ ਰੂੰ ਦੇ ਗੋੜ੍ਹੇ ਉਡਦੇ ਹਨ। ਬਹੁਤ ਸਖਤ ਠੰਢ ਹੋ ਗਈ, ਮਰਦਾਨਾ ਦੇਖ ਕੇ ਕਹਿਣ ਲੱਗਿਆ ਕਿ ਮੈਨੂੰ ਬਹੁਤ ਠੰਢ ਲਗ ਰਹੀ ਹੈ, ਮੇਰੀ ਜਾਨ ਨਿਕਲ ਜਾਣੀ ਹੈ, ਇਸ ਉਜਾੜ ਵਿਚ ਨਾ ਕੋਈ ਕਫਨ ਮਿਲਣਾ ਹੈ। ਉਹ ਕਪੜਾ ਲੈ ਕੇ ਪੈ ਗਿਆ। ਮਹਾਰਾਜ ਜੀ ਨੇ ਕਿਹਾ ਮਰਦਾਨਿਆਂ! ਕਿਉਂ ਡਰਦਾ ਹੈਂ, ਇਹਨੇ ਤੇਰਾ ਕੁਝ ਨਹੀਂ ਵਿਗਾੜਨਾ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਪਉਣ, ਪਾਣੀ, ਬੈਸੰਤਰ ਸਭ ਭੈ ਵਿਚ ਚਲਦੇ ਹਨ। ਆਪਾਂ ਨਿਰੰਕਾਰ ਦੇ ਚਾਕਰ ਹਾਂ। ਇਹ ਆਪਾਂ ਨੂੰ ਕੁਝ ਵੀ ਨਹੀਂ ਕਹਿ ਸਕਦੇ।

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥ ਪੰਨਾ - 464*

ਸਾਧਸੰਗਤ ਜੀ! ਡਰ ਭੀ ਇਕ ਤਰ੍ਹਾਂ ਦੀ ਬਿਮਾਰੀ ਹੈ। ਬਹੁਤ ਸਾਰੇ ਆਦਮੀ ਤਾਂ ਕਹਿੰਦੇ ਹਨ ਹੱਠ ਨਾਲ ਕਿ ਸਾਨੂੰ ਡਰ ਨਹੀਂ ਲਗਦਾ ਪਰ ਅੰਦਰੋਂ ਡਰਦੇ ਹਨ। ਕੇਵਲ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਡਰ ਨਹੀਂ ਲਗਦਾ। ਜਿਵੇਂ ਪ੍ਰਹਿਲਾਦ ਨੂੰ ਭੈ ਦਿਤੇ ਗਏ, ਉਸ ਨੂੰ ਹਨ੍ਹੇਰੀਆਂ ਕੋਠੜੀਆਂ ਵਿਚ ਬੰਦ ਕੀਤਾ ਗਿਆ, ਪਹਾੜਾਂ ਤੋਂ ਰੋੜ੍ਹਿਆ ਗਿਆ, ਅੱਗ ਵਿਚ ਬਿਠਾਇਆ ਗਿਆ, ਪਰ ਉਹ ਕਿਸੇ ਤਰ੍ਹਾਂ ਵੀ ਡਰਾਇਆ ਹੋਇਆ ਡਰਿਆ ਨਾ। ਜਿਵੇਂ ਕਿ ਫੁਰਮਾਨ ਹੈ -

*ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥*
*ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥*
*ਪੰਨਾ - 1154*

ਇਸੇ ਤਰ੍ਹਾਂ ਨਾਲ ਕਬੀਰ ਸਾਹਿਬ ਨੂੰ ਹੱਥ ਪੈਰ ਬੰਨ੍ਹ ਕੇ ਗੰਗਾ ਦਰਿਆ ਵਿਚ ਸੁੱਟਿਆ ਗਿਆ। ਉਸ ਵੇਲੇ ਆਪ ਨੇ ਫੁਰਮਾਨ ਕਰਿਆ ਕਿ ਪਿਆਰਿਓ! ਮੇਰਾ ਮਨ ਤਾਂ ਡਰਦਾ ਨਹੀਂ, ਤਨ ਨੂੰ ਕਿਉਂ ਡਰਾਉਂਦੇ ਹੋ?

*ਗੰਗ ਗੁਸਾਇਨਿ ਗਹਿਰ ਗੰਭੀਰ॥*
*ਜੰਜੀਰ ਬਾਂਧਿ ਕਰਿ ਕਰੇ ਕਬੀਰ॥*
*ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥*
*ਚਰਨ ਕਮਲ ਚਿਤੁ ਰਹਿਓ ਸਮਾਇ॥*
*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥*
*ਮ੍ਰਿਗਛਾਲਾ ਪਰ ਬੈਠੇ ਕਬੀਰ॥*
*ਕਹਿ ਕੰਬੀਰ ਕੋਊ ਸੰਗ ਨ ਸਾਥ॥*
*ਜਲ ਥਲ ਰਾਖਨ ਹੈ ਰਘੁਨਾਥ॥ ਪੰਨਾ - 1162*

ਪ੍ਰਹਿਲਾਦ ਨੂੰ ਪਾਣੀ ਵਿਚ ਡੋਬਿਆ ਗਿਆ, ਤੱਤੇ ਥੰਮ੍ਹ ਨਾਲ ਜੱਫੀ ਪਾਉਣ ਲਈ ਕਿਹਾ ਗਿਆ ਪਰ ਬੱਚਾ ਡਰਦਾ ਨਹੀਂ, ਕਿਉਂਕਿ ਨਿਰਭਉ ਨੂੰ ਜਪਣ ਨਾਲ ਸਾਰੇ ਭੈ ਖਤਮ ਹੋ ਜਾਂਦੇ ਹਨ। ਮਹਾਰਾਜ ਫੁਰਮਾਨ ਕਰਦੇ ਹਨ ਕਿ ਮਰਦਾਨਿਆਂ! ਤੇਰੇ ਅੰਦਰ ਡਰ ਕਿਥੋਂ ਆ ਗਿਆ? ਹਰ ਘਟ ਦੇ ਅੰਦਰ ਵਾਹਿਗੁਰੂ ਦਾ ਵਾਸਾ ਹੈ ਉਸ ਦੀ ਪਛਾਣ ਰੱਖ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਉਹ ਅਬਿਨਾਸੀ ਰਾਇਆ॥*
*ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥*
*ਪੰਨਾ - 206*

ਜਦੋਂ ਨਿਸ਼ਚੇ ਪੂਰਵਕ ਅੰਦਰ ਸਮਾਇਆ ਹੋਵੇ ਕਿ ਵਾਹਿਗੁਰੂ ਜੀ ਮੇਰੇ ਨਾਲ ਹਨ ਜਦੋਂ ਦੇਖਦਾ ਹੈ ਕਿ ਹਰ ਪਾਸੇ ਵਾਹਿਗੁਰੂ ਜੀ ਮੇਰੇ ਨਾਲ ਹਨ ਤਾਂ ਫਿਰ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਹੁੰਦਾ ਇਹ ਹੈ ਕਿ ਅਸੀਂ ਵਾਹਿਗੁਰੂ ਜੀ ਨੂੰ ਬੁੱਝਿਆ ਤਾਂ ਹੈ ਨਹੀਂ ਕਿ ਵਾਹਿਗੁਰੂ ਮੇਰੇ ਅੰਦਰ ਬਾਹਰ ਹੈ ਪਰ ਅਕਲ ਦੇ ਨਾਲ ਬੁੱਝਿਆ ਹੈ ਜਿਵੇਂ ਕਿ ਫੁਰਮਾਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਪ੍ਰਤੱਖ ਰੂਪ ਨਾਲ ਤਾਂ ਸਮਝਣਾ ਨਾ, ਪਰ ਇਸ ਨੂੰ ਬੁੱਧੀ ਮੰਡਲ ਦੇ ਬਲ ਕਰਕੇ ਸਮਝ ਲਿਆ ਕਿ ਵਾਹਿਗੁਰੂ ਮੇਰੇ ਨਾਲ ਹੈ। ਪਰ ਨਿਸ਼ਚੇਪੂਰਵਕ ਨਹੀਂ ਮੰਨਿਆ, ਬੌਧਿਕ ਰੂਪ ਵਿਚ ਪ੍ਰਮੇਸ਼ਰ ਨੂੰ ਮੰਨ ਲੈਣਾ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677*

ਇਸ ਨੂੰ ਮੰਨ ਲੈਣਾ ਕਿ ਹਰ ਥਾਂ ਦੇ ਉਤੇ ਵਾਹਿਗੁਰੂ ਹੈ। ਇਸ ਗੱਲ ਦੇ ਉਤੇ ਵੀ ਨਿਸ਼ਚਾ ਲੈ ਆਉਣਾ ਕਿ -

*ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥*
*ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥*
*ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥*
*ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥*
*ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥*
*ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥*
*ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥*
*ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥*
*ਪੰਨਾ - 23*

ਇਹ ਮਿਥਿਆ ਗਿਆਨ ਦੀਆਂ ਅਵਸਥਾਂ ਹਨ ਇਸ ਨੂੰ ਸਤਿ ਗਿਆਨ ਨਹੀਂ ਕਿਹਾ ਜਾਂਦਾ ਕਿਉਂਕਿ ਸਤਿ ਦਾ ਅੰਦਰੋਂ ਗਿਆਨ ਨਹੀਂ, ਅਸੀਂ ਜਿਥੇ ਖੜ੍ਹੇ ਹਾਂ ਉਥੇ ਹੀ ਖੜ੍ਹੇ ਹਾਂ। ਇਸ ਗੱਲ ਨੂੰ ਅਸੀਂ ਨਿਸ਼ਚੇਪੂਰਵਕ ਮੰਨਣ ਨੂੰ ਤਿਆਰ ਨਹੀਂ ਕਿ ਜਲਾਂ ਥਲਾਂ ਵਿਚ ਵਾਹਿਗੁਰੂ ਹੈ। ਜੇ ਮੰਨਿਆ ਸੀ ਤਾਂ ਕਬੀਰ ਸਾਹਿਬ, ਨਾਮਦੇਵ ਜੀ, ਰਵਿਦਾਸ ਜੀ ਨੇ ਮੰਨਿਆ ਸੀ। ਇਹ ਜਾਨਣਾ ਬੁੱਧੀ ਮੰਡਲ ਦਾ ਕੰਮ ਹੁੰਦਾ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ। ਇਸ ਨੂੰ ਬੁੱਝਣਾ ਨਹੀਂ ਕਿਹਾ ਜਾਂਦਾ।

ਇਕ ਉਦਾਹਰਨ ਦੇ ਨਾਲ ਗੱਲ ਸਮਝ ਆ ਜਾਵੇਗੀ ਸਾਨੂੰ ਪੱਕੀ ਤਰ੍ਹਾਂ ਪਤਾ ਹੈ ਕਿ ਧਰਤੀ ਵਿਚ ਪਾਣੀ ਹੈ। ਕੋਈ ਆਦਮੀ ਮਾਰੂਥਲ ਵਿਚ ਚਲਿਆ ਜਾ ਰਿਹਾ ਹੈ। ਉਸ ਨੂੰ ਪਤਾ ਹੈ ਕਿ ਤਿੰਨ ਫੁੱਟ ਪੁਟਿਆਂ ਤੇ ਪਾਣੀ ਨਿਕਲ ਆਵੇਗਾ। ਉਹ ਪਿਆਸ ਨਾਲ ਬਿਹਬਲ ਹੋ ਰਿਹਾ ਹੈ ਉਹ ਕੇਵਲ ਜਾਣਦਾ ਹੈ ਪਰ ਉਸ ਦੇ ਅਨੁਭਵ ਵਿਚ ਸਮਾਈ ਹੋਈ ਬਾਤ ਨਹੀਂ। ਜਿਸ ਤਰ੍ਹਾਂ ਅਸੀਂ ਧਰਤੀ ਵਿਚੋਂ ਪਾਣੀ ਕੱਢਦੇ ਹਾਂ ਫੇਰ ਪਾਣੀ ਹਾਂਡੇ ਲਾ ਕੇ ਫਿਲਟਰ ਲਾਉਂਦੇ ਹਾਂ reflex volve ਲਾਉਂਦੇ ਹਾਂ, ਮੋਟਰ ਫਿੱਟ ਕਰਕੇ ਅਸੀਂ ਬਟਨ ਦਬਾਂਦੇ ਹਾਂ, ਫੇਰ ਪਾਣੀ ਪਿਛੇ ਨਹੀਂ ਹਟਦਾ reflex volve ਤਕ ਭਰਿਆ ਰਹਿੰਦਾ ਹੈ ਜਦੋਂ ਜੀਅ ਚਾਹੇ ਪਾਣੀ ਪ੍ਰਾਪਤ ਹੋ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਦੋ ਤਰ੍ਹਾਂ ਦੀਆਂ ਚੀਜ਼ਾਂ ਹਨ ਇਕ ਜਾਣੀ ਹੋਈ ਚੀਜ਼ ਹੈ। ਇਕ ਤਾਂ ਇਸ ਤਰ੍ਹਾਂ ਜਾਣ ਲਿਆ ਕਿ -

***ਚਤ੍ਰ ਚਕ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਪਰ ਉਸ ਨਾਲ ਕੋਈ ਪਿਆਰ ਨਹੀਂ ਪਿਆ ਕਰਦਾ। ਸੋ ਇਹ ਕੇਵਲ ਜਾਨਣਾ ਹੀ ਹੈ ਇਹ ਬੁੱਧੀ ਮੰਡਲ ਦੀ ਚੀਜ਼ ਹੈ। ਇਕ ਪ੍ਰਤੱਖ ਰੂਪ ਵਿਚ ਪ੍ਰਮੇਸ਼ਰ ਨੂੰ ਦੇਖ ਲਿਆ ਕਿਉਂਕਿ ਉਹ ਤਾਂ ਹੈ ਹੀ ਪਰੀਪੂਰਨ। ਸੋ ਇਸ ਤਰ੍ਹਾਂ ਨਾਲ ਡਰ ਦਾ ਸਵਾਲ ਹੈ ਜਿਸ ਨੇ ਹਰ ਚੀਜ਼ ਅੰਦਰ ਪ੍ਰਮੇਸ਼ਰ ਦੇਖ ਲਿਆ ਉਸ ਨੂੰ ਫੇਰ ਕੋਈ ਡਰ ਨਹੀਂ। ਇਸੇ ਤਰ੍ਹਾਂ ਕਬੀਰ ਸਾਹਿਬ ਨੂੰ ਹਾਥੀ ਅੱਗੇ ਬੰਨ੍ਹ ਕੇ ਸੁੱਟਿਆ ਜਾਂਦਾ ਹੈ। ਹਾਥੀ ਵਿਚ ਵੀ ਉਹ ਪ੍ਰਮੇਸ਼ਰ ਨੂੰ ਦੇਖਦੇ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਲਿਖਿਆ ਹੈ -

***ਭੁਜਾ ਬਾਂਧਿ ਭਿਲਾ ਕਰਿ ਡਾਰਿਓ॥***
***ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥***
***ਹਸਤਿ ਭਾਗਿ ਕੈ ਚੀਸਾ ਮਾਰੈ॥***
***ਇਆ ਮੂਰਤਿ कै ਹਉ ਬਲਿਹਾਰੈ॥***
***ਆਹਿ ਮੇਰੇ ਠਾਕੁਰ ਤੁਮਰਾ ਜੋਰੁ॥***
***ਕਾਜੀ ਬਕਿਬੋ ਹਸਤੀ ਤੋਰੁ॥***
***ਰੇ ਮਹਾਵਤ ਤੁਝੁ ਡਾਰਉ ਕਾਟਿ॥***
***ਇਸਹਿ ਤੁਰਾਵਹੁ ਘਾਲਹੁ ਸਾਟਿ॥***
***ਹਸਤਿ ਨ ਤੋਰੈ ਧਰੈ ਧਿਆਨੁ॥***
***ਵਾ ਕੈ ਰਿਦੈ ਬਸੈ ਭਗਵਾਨੁ॥***
***ਕਿਆ ਅਪਰਾਧੁ ਸੰਤ ਹੈ ਕੀਨਾ॥***
***ਬਾਂਧਿ ਪੋਟ ਕੁੰਚਰ ਕਉ ਦੀਨਾ॥***
***ਕੁੰਚਰੁ ਪੋਟ ਲੈ ਲੈ ਨਮਸਕਾਰੈ॥***
***ਬੂਝੀ ਨਹੀ ਕਾਜੀ ਅੰਧਿਆਰੈ॥***
***ਤੀਨਿ ਬਾਰ ਪਤੀਆ ਭਰਿ ਲੀਨਾ॥***
***ਮਨ ਕਠੋਰੁ ਅਜਹੂ ਨ ਪਤੀਨਾ॥***
***ਕਹਿ ਕਬੀਰ ਹਮਰਾ ਗੋਬਿੰਦੁ॥***
***ਚਉਥੇ ਪਦਮ ਮਹਿ ਜਨ ਕੀ ਜਿੰਦੁ॥ ਪੰਨਾ - 871***

ਇਸ ਵਿਚ ਕਬੀਰ ਸਾਹਿਬ ਹਾਥੀ ਨੂੰ ਵੇਖਣ ਦੀ ਥਾਂ ਪ੍ਰਮੇਸ਼ਰ ਨੂੰ ਦੇਖ ਰਹੇ ਹਨ ਕਿ ਹੇ ਮੇਰੇ ਪ੍ਰਮੇਸ਼ਰ! ਮੈਨੂੰ ਤੇਰਾ ਆਸਰਾ ਹੈ। ਸੋ ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆ! ਆਪਾਂ ਨਿਰੰਕਾਰ ਦੇ ਚਾਕਰ ਹਾਂ, ਡਰਨ ਦੀ ਕੋਈ ਗੱਲ ਨਹੀਂ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੇਰੀ ਸੰਗਤ ਕਰਕੇ ਤਾਂ ਮੈਂ ਵੀ ਜਾਣ ਗਿਆ ਹਾਂ ਕਿ ਵਾਹਿਗੁਰੂ ਹਰ ਥਾਂ ਹੈ ਪਰ ਲੋਕਾਂ ਵਿਚ ਆਮ ਪ੍ਰਚਲਤ ਹੈ ਕਿ ਦੱਸੋ ਘਸੁੰਨ ਨੇੜੇ ਹੈ ਕਿ ਵਾਹਿਗੁਰੂ। ਘਸੁੰਨ ਤਾਂ ਸਾਮ੍ਹਣੇ ਨਜ਼ਰ ਆ ਰਿਹਾ ਹੈ। ਅਜੇ ਗੱਲ ਕਰਦੇ ਹੀ ਸੀ ਕਿ ਅਚਾਨਕ ਧਰਤੀ ਤੇ ਅੱਗ ਦੇ ਭਾਂਬੜ ਮਚਣੇ ਸ਼ੁਰੂ ਹੋ ਗਏ। ਗੁਰੂ ਮਹਾਰਾਜ ਨੇ ਕਿਹਾ ਕਿ ਮਰਦਾਨਿਆ! ਘਬਰਾ ਨਾ। ਥੋੜ੍ਹੀ ਦੇਰ ਬਾਅਦ ਵੱਡੇ ਵੱਡੇ ਗੜ੍ਹੇ ਪੈਣੇ ਸ਼ੁਰੂ ਹੋ ਗਏ। ਮਰਦਾਨੇ ਨੇ ਕਿਹਾ ਕਿ ਸੱਚੇ ਪਾਤਸ਼ਾਹ ਬਾਕੀਆਂ ਤੋਂ ਬਚ ਗਏ ਪਰ ਹੁਣ ਜੇ ਇਕ ਗੜ੍ਹਾ ਵੀ ਸਰੀਰ ਤੇ ਲਗ ਗਿਆ ਫੇਰ ਤਾਂ ਮਰ ਜਾਵਾਂਗੇ। ਮਹਾਰਾਜ ਨੇ ਕਿਹਾ ਕਿ ਮਰਦਾਨਿਆਂ! ਵਾਹਿਗੁਰੂ ਕਹਿ ਕੇ ਕਾਰ ਕੱਢ ਲੈ। ਮਰਦਾਨੇ ਨੇ ਕਾਰ ਕੱਢ ਦਿਤੀ, ਕੋਈ ਗੜ੍ਹਾ ਅੰਦਰ ਨਹੀਂ ਆਇਆ, ਬਾਹਰ ਹੀ ਗਿਰਦੇ ਨੇ। ਕੀ ਦੇਖਦੇ ਹਨ ਕਿ ਇਕ ਬਹੁਤ ਹੀ ਵੱਡੇ ਵੱਡੇ ਦੰਦਾਂ ਵਾਲਾ, ਭਿਆਨਕ ਮੂੰਹ ਵਾਲਾ ਬੰਦਾ ਨਗਨ ਤੁਰਿਆ ਆ ਰਿਹਾ ਹੈ। ਉਸ ਨੂੰ ਦੇਖ ਕੇ ਮਰਦਾਨਾ ਫੇਰ ਭੈ ਭੀਤ ਹੋ ਗਿਆ। ਕਹਿਣ ਲੱਗਿਆ ਕਿ ਪਾਤਸ਼ਾਹ ਪਹਿਲਾਂ ਤਾਂ ਬਚ ਰਹੇ, ਇਹ ਦੈਂਤ ਤਾਂ ਖਾਣ ਵਾਸਤੇ ਹੀ ਆ ਰਿਹਾ ਹੈ। ਆਪ ਨੇ ਕਿਹਾ ਕਿ ਮਰਦਾਨਿਆ! ਇਹ ਆਪਣੇ ਨੇੜੇ ਨਹੀਂ ਆਏਗਾ, ਪਰ੍ਹੇ ਹੀ ਰਹੇਗਾ -

***ਗੁਰੂ ਭਨੈ ਇਹ ਹੈ ਕਿਛੁ ਨਾਂਹੀ।***
***ਨਿਕਟ ਨ ਆਵੈ ਜਾਇ ਪਰਾਹੀ।***
***ਵਾਹਿਗੁਰੂ ਕਹਿ ਧੀਰਜ ਕਰੀਏ।***
***ਕਿਹ ਤੇ ਤਨਕ ਨ ਤ੍ਰਾਸ ਬਿਚਰੀਏ॥੩੧॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 851***

ਕਲਜੁਗ ਨੇ ਅਗਨ ਦਾ ਰੂਪ ਧਾਰਿਆ ਹੈ ਉਸ ਵਿਚੋਂ ਧੂੰਆਂ ਉਠ ਰਿਹਾ ਹੈ। ਮਰਦਾਨਾ ਭੈ-ਮਾਨ ਹੋਇਆ ਦੇਖਦਾ ਹੈ। ਕਈ ਰੂਪ ਧਾਰੇ, ਅੱਗ ਦਾ ਰੂਪ ਧਾਰਿਆ, ਬਹੁਤ ਤਰੀਕਿਆਂ ਨਾਲ ਗੁਰੂ ਮਹਾਰਾਜ ਨੂੰ ਪਰਖ ਰਿਹਾ ਹੈ। ਬਿਜਲੀ ਬਹੁਤ ਹੀ ਜ਼ੋਰ ਨਾਲ ਕੜ ਕੜਾ ਕੇ ਚਮਕ ਰਹੀ ਹੈ। ਗੜ੍ਹੇ ਬਰਸਾ ਰਿਹਾ ਹੈ - ਪੱਥਰਾਂ ਵਰਗੇ। ਗੁਰੂ ਮਹਾਰਾਜ ਜੀ ਆਰਾਮ ਨਾਲ ਬੈਠੇ ਹਨ। ਮਰਦਾਨੇ ਨੇ ਮੁਖ ਉਤੇ ਕਪੜਾ ਲਿਆ ਹੋਇਆ ਹੈ ਉਹ ਗੁਰੂ ਮਹਾਰਾਜ ਦੇ ਨੇੜੇ ਨਹੀਂ ਜਾ ਸਕਦਾ ਜਿਵੇਂ ਕਿ ਲਿਖਿਆ ਹੈ -

***ਧਰਿ ਧੀਰਜ ਗੁਰ ਤਹਾਂ ਸੁਹਾਏ।***
***ਨਿਕਟ ਕਛੂ ਛੁਹਿਨਾ ਨਹਿਂ ਪਾਏ।***
***ਤਬਿ ਕਲਿਜੁਗ ਨੈ ਨਿਸ਼ਚੈ ਜਾਨੀ।***
***ਹੈ ਅਵਤਾਰ ਰੂਪ ਗੁਨ ਖਾਨੀ॥੩੫॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 851***

ਉਸ ਵੇਲੇ ਕਲਜੁਗ ਨੂੰ ਨਿਸ਼ਚਾ ਹੋ ਗਿਆ ਕਿ ਇਹ ਤਾਂ ਮੇਰੇ ਜੁਗ ਵਿਚ ਅਵਤਾਰ ਆਏ ਹੋਏ ਹਨ। ਉਸ ਵੇਲੇ ਮਨੁੱਖ ਦਾ ਰੂਪ ਧਾਰ ਕੇ ਆ ਰਿਹਾ ਹੈ ਅਤੇ ਅੰਦਰੋਂ ਅੱਗ ਦੀਆਂ ਲਾਟਾਂ ਕੱਢ ਰਿਹਾ ਹੈ। ਉਸ ਵੇਲੇ ਦੇ ਰੂਪ ਬਾਰੇ ਲਿਖਿਆ ਹੈ -

***ਮਾਨੁਖ ਰੂਪ ਧਾਰਿ ਪੁਨ ਆਯੋ।***
***ਅਧਿਕ ਬਦਨ ਤੇ ਅਗਨਿ ਬਮਾਯੋ।***
***ਦੇਹਿ ਕੰਚਕੀ ਜਾਂਹਿ ਸਵਾਰੀ।***
***ਏਕ ਹਾਥ ਮੈਂ ਜਿਹਵਾ ਧਾਰੀ॥੩੬॥***
***ਗਹਯੋ ਲਿੰਗ ਕੋ ਦੂਸਰ ਹਾਥਾ।***
***ਆਵਾ ਸਨਮੁਖ ਜਹਿਂ ਜਗਨਾਥਾ।***
***ਬਿਗਸਤਿ ਮੁਖ ਤੇ ਕਹਿ ਸੁਖਰਾਸਾ।***
***'ਮਰਦਾਨੇ! ਉਠਿ ਦੇਖਿ ਤਮਾਸ਼ਾ॥੩੭॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 851***

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ ਉਠ, ਤਮਾਸ਼ਾ ਦੇਖ, ਸਾਵਧਾਨ ਹੋ ਕੇ ਧੀਰਜ ਧਰ, ਤੈਨੂੰ ਕੋਈ ਡਰ ਨਹੀਂ ਹੈ। ਕਲਜੁਗ ਨੇ ਹੱਥ ਜੋੜ ਕੇ ਪ੍ਰਾਥਨਾ ਕਰੀ ਅਤੇ ਭੁੱਲ ਦੀ ਖਿਮਾ ਮੰਗੀ ਕਿ ਮੈਂ ਆਪ ਦੀ ਮਹਿਮਾ ਨੂੰ ਜਾਣ ਨਹੀਂ ਸਕਿਆ। ਮੈਂ ਕਲਜੁਗੀ ਆਦਮੀਆਂ ਦੇ ਲੱਛਣ ਦੱਸੇ ਹਨ ਇਸ ਕਰਕੇ ਮੈਂ ਅਜਿਹਾ ਰੂਪ ਧਾਰਨ ਕਰਿਆ। ਇਹ ਸਾਰਾ ਸੰਸਾਰ ਇਨ੍ਹਾਂ ਦੋ ਇੰਦ੍ਰਿਆਂ ਵਿਚ ਲਿਪਤ ਹੋ ਜਾਵੇਗਾ। ਮੈਂ


Sri Satguru Jagjit Singh Ji eLibrary NamdhariElibrary@gmail.com

ਨਿਡਰ ਹੋ ਕੇ ਤੁਹਾਡੇ ਨਾਲ ਛਲ ਕੀਤਾ ਹੈ। ਮੈਨੂੰ ਖਿਮਾ ਕਰੋ। ਜਦੋਂ ਮਹਾਰਾਜ ਜੀ ਨੇ ਪੁਛਿਆ ਕਿ ਤੂੰ ਕੌਣ ਹੈਂ ਤਾਂ ਉਸ ਨੇ ਕਿਹਾ ਕਿ ਮੇਰਾ ਨਾਮ ਕਲਜੁਗ ਹੈ। ਮੈਂ ਇਸ ਸਮੇਂ ਦਾ ਰਾਜਾ ਹਾਂ। ਪਹਿਲੇ ਸਮੇਂ ਮੇਰੇ ਭਰਾ ਰਾਜੇ ਸਨ, ਸਭ ਤੋਂ ਵੱਡਾ ਭਰਾ ਸਤਿਜੁਗ ਹੈ ਉਸ ਨੇ 17,28,000 ਸਾਲ ਆਪਣਾ ਅਸਰ ਰੱਖਿਆ। ਦੂਸਰਾ ਤ੍ਰੇਤਾ ਸੀ, ਜਿਸ ਨੇ ਮਾਨਵ ਉਪਰ 12,96,000 ਸਾਲ ਅਸਰ ਪਾਇਆ, ਛੋਟਾ ਦੁਆਪਰ 8,64,000 ਸਾਲ ਦੀ ਉਮਰ ਵਾਲਾ ਸੀ। ਪਾਤਸ਼ਾਹ ਮੇਰੀ ਉਮਰ ਵੀ ਥੋੜ੍ਹੀ ਹੈ - 4, 32,000 ਸਾਲ ਦੀ। ਹੁਣ ਮੇਰਾ ਰਾਜ ਹੈ, ਮੇਰਾ ਜ਼ੋਰ ਹੈ। ਉਸ ਵੇਲੇ ਆਪ ਨੇ ਪੁਛਿਆ ਕਿ ਤੂੰ ਆਪਣੇ ਰਾਜ ਵਿਚ ਕੀ ਕਰੇਂਗਾ? ਕਹਿਣ ਲੱਗਿਆ, ਮਹਾਰਾਜ! ਮੇਰੇ ਜੁਗ ਦੇ ਅੰਦਰ ਭੂਤਾਂ ਪ੍ਰੇਤਾਂ ਦਾ ਜਨਮ ਹੋਵੇਗਾ ਜਿਵੇਂ ਕਿ ਬਾਣੀ ਵਿਚ ਫੁਰਮਾਨ ਆਉਂਦਾ ਹੈ -

***ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥***
***ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥***

***ਪੰਨਾ - 556***

ਸਤਿਜੁਗ ਵਿਚ ਪਰਮ ਹੰਸ ਗਿਆਨਵਾਨ ਪੁਰਸ਼ ਵਸਦੇ ਸਨ, ਦੁਆਪਰ ਅਤੇ ਤ੍ਰੇਤੇ ਵਿਚ ਇਸ ਧਰਤੀ ਉਪਰ ਮਨੁੱਖ ਵਸਦੇ ਸਨ ਪਰ ਮੇਰੇ ਰਾਜ ਵਿਚ ਤਾਂ ਪ੍ਰੇਤਾਂ ਦਾ ਵਾਸਾ ਹੈ।

ਇਸ ਦੇ ਬਾਰੇ ਸਾਖੀ ਆਉਂਦੀ ਹੈ ਕਿ ਰਾਜਾ ਜਨਕ ਜਦੋਂ ਧਰਮਰਾਜ ਦੀ ਪੁਰੀ ਵਿਚ ਪਹੁੰਚਿਆ ਉਸ ਵੇਲੇ ਉਹ ਸਾਰੇ ਦੇਵਤਿਆਂ ਦੀ ਸਭਾ ਵਿਚ ਜਾ ਰਿਹਾ ਸੀ ਪਰ ਜਮਪੁਰੀ ਵਿਚ ਜਾ ਕੇ ਜੀਵਾਂ ਦੀ ਹਾਏ ਪੁਕਾਰ ਸੁਣੀ ਜਿਵੇਂ ਕਿ ਫੁਰਮਾਨ ਹੈ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***

***ਪੰਨਾ - 1425***

ਉਸ ਨੇ ਧਰਮਰਾਜ ਨੂੰ ਕਿਹਾ ਕਿ ਇਨ੍ਹਾਂ ਪੁਰਸ਼ਾਂ ਨੂੰ ਛੱਡ ਦੇਵੋ। ਉਸ ਵੇਲੇ ਧਰਮਰਾਜ ਨੇ ਕਿਹਾ ਮੈਂ ਨਿਰੰਕਾਰ ਦਾ ਚਾਕਰ ਹਾਂ, ਮੇਰੇ ਵਸ ਵਿਚ ਨਹੀਂ, ਕਿਸੇ ਨੂੰ ਨਰਕ ਵਿਚ ਰੱਖਣਾ, ਕਿਸੇ ਨੂੰ ਨਰਕਾਂ ਵਿਚੋਂ ਛੱਡ ਦੇਣਾ। ਉਸ ਵੇਲੇ ਰਾਜਾ ਜਨਕ ਨੇ ਨਾਮ ਦਾ ਮਹਾਤਮ ਦਸਦਿਆਂ ਹੋਇਆਂ ਨਾਮ ਗਹਿਣੇ ਧਰ ਕੇ ਸਾਰੇ ਨਰਕ ਖਾਲੀ ਕਰਾ ਦਿਤੇ। ਇਸ ਤਰ੍ਹਾਂ ਲਿਖਿਆ ਹੈ ਕਿ ਨਾਮ ਦੇ ਮੁਕਾਬਲੇ ਸਾਰੇ ਪਾਪ ਪਾਸਕੂ ਬਣ ਗਏ -

***ਭਗਤੁ ਵਡਾ ਰਾਜਾ ਜਨਕੁ ਹੈ ਗੁਰਮਖਿ ਮਾਇਆ ਵਿਚਿ ਉਦਾਸੀ॥***
***ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ॥***
***ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ॥***
***ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥***
***ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ॥***
***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥***
***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਕਲਜੁਗ ਨੇ ਬੇਨਤੀ ਕਰੀ, ਪਾਤਸ਼ਾਹ! ਉਹ ਜੀਵ ਨਰਕਾਂ ਤੋਂ ਤਾਂ ਛੁਟ ਗਏ ਪਰ ਉਨ੍ਹਾਂ ਨੂੰ ਕਿਸੇ ਭੀ ਦੇਵ ਮੰਡਲ ਵਿਚ ਕੋਈ ਥਾਂ ਨਾ ਮਿਲਿਆ। ਤ੍ਰੇਤੇ ਜੁਗ ਦਾ ਸਮਾਂ ਸੀ। ਤ੍ਰੇਤੇ ਨੂੰ ਕਿਹਾ ਗਿਆ ਪਰ ਉਸ ਨੇ ਇਨ੍ਹਾਂ ਜੀਵਾਂ ਨੂੰ ਆਪਣੇ ਜੁਗ ਵਿਚ ਜਨਮ ਲੈਣ ਦੀ ਆਗਿਆ ਨਾ ਦਿਤੀ। ਦੁਆਪਰ ਜੁਗ ਨੇ ਵੀ ਨਾਂਹ ਕਰ ਦਿਤੀ। ਹੇ ਨਾਨਕ ਜੀ! ਰਾਜਾ ਜਨਕ ਨੇ ਮੈਨੂੰ ਕਿਹਾ ਤੇ ਮੈਂ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਿਆ ਕਿ ਮੈਨੂੰ ਤਾਂ ਇਨ੍ਹਾਂ ਭੂਤਾਂ ਪ੍ਰੇਤਾਂ ਵਰਗੇ ਬੰਦਿਆਂ ਦੀ ਲੋੜ ਹੈ। ਸੋ ਮੇਰੀ ਡਿਊਟੀ ਲੱਗੀ ਹੋਈ ਹੈ। ਸੋ ਇਸ ਕਰਕੇ ਮੇਰੇ ਜੁਗ ਦੇ ਅੰਦਰ ਪ੍ਰੇਤ ਹੀ ਆ ਰਹੇ ਹਨ। ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ***
***ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥***

***ਪੰਨਾ - 1131***

ਹੇ ਗੁਰੂ ਨਾਨਕ ਪਾਤਸ਼ਾਹ! ਮੈਂ ਆਪਣੇ ਜੁਗ ਦੇ ਅੰਦਰ ਸਾਰੇ ਕਰਮਾਂ ਧਰਮਾਂ ਦਾ ਫਲ ਨਸ਼ਟ ਕਰ ਦਿਤਾ ਹੈ। ਮੇਰੇ ਜੁਗ ਦੇ ਅੰਦਰ ਇਸਤ੍ਰੀ ਪੁਰਖ ਦਾ ਪਿਆਰ ਕੇਵਲ ਕਾਮ ਪੂਰਤੀ ਲਈ ਹੀ ਹੋਵੇਗਾ। ਸੰਸਾਰ ਅਧਰਮ ਨੂੰ ਧਰਮ ਦਾ ਨਾਮ ਦੇਵੇਗਾ। ਵੱਖਰੇ ਵੱਖਰੇ ਮਤ ਧਰਮ ਦੇ ਨਾਮ ਉਪਰ ਆਪਸ ਵਿਚ ਲੜਾਈਆਂ ਕਰਨਗੇ। ਬਾਦਸ਼ਾਹ ਅਨਿਆਈ ਹੋਣਗੇ, ਲੁਟੇਰੇ ਹੋਣਗੇ। ਜਿਵੇਂ ਵਾੜ ਖੇਤ ਨੂੰ ਖਾਂਦੀ ਹੈ ਇਵੇਂ ਆਪਣੀ ਪਰਜਾ ਦਾ ਭਲਾ ਕਰਨ ਦੀ ਥਾਂ ਜੋ ਮਾਇਆ ਉਨ੍ਹਾਂ ਨੂੰ ਪ੍ਰਾਪਤ ਹੋਵੇਗੀ ਉਹ ਆਪ ਹੀ ਖਾ ਜਾਣਗੇ। ਇਨਸਾਫ ਵਿਚ ਰਿਸ਼ਵਤ ਪ੍ਰਵੇਸ਼ ਕਰ ਜਾਵੇਗੀ। ਵੱਢੀ ਲੈ ਕੇ ਬੇਇਨਸਾਫੀ ਚਲਦੀ ਰਹੇਗੀ। ਮੇਰੇ ਜੁਗ ਦੇ ਅੰਦਰ ਮਾਇਆ ਦੀ ਐਨੀ ਚਮਕ ਦਮਕ ਹੋਵੇਗੀ ਕਿ ਕਿਸੇ ਨੂੰ ਭਜਨ ਕਰਨ ਦਾ ਸਮਾਂ ਹੀ ਨਹੀਂ ਮਿਲੇਗਾ। ਆਪ ਜੀ ਦੇ ਚਰਨਾਂ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਰਾਜ ਦੇ ਅੰਦਰ ਝੂਠ ਰੂਪੀ ਸੂਰਮਾ ਹੋਵੇਗਾ ਅਤੇ ਇਹ ਸਭ ਦੇ ਅਗਾੜੀ ਚੱਲੇਗਾ। ਮੋਹ ਨਾਮ ਦਾ ਰਾਜਾ ਹੋਵੇਗਾ ਜਿਸ ਦਾ ਸੈਨਾਪਤੀ ਹਿੰਸਾ ਹੋਵੇਗਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਹ ਸਭ ਯੋਧੇ ਹੋਣਗੇ ਜਿਹੜੇ ਹਾਥੀਆਂ ਉਪਰ ਸਵਾਰੀ ਕਰਨਗੇ। ਈਰਖਾ, ਨਿੰਦਿਆ, ਧਾੜੇ ਮਾਰਨੇ, ਚੋਰੀਆਂ ਕਰਨੀਆਂ ਇਹ ਰਥਾਂ ਤੇ ਸਵਾਰ ਹੋਣਗੇ। ਆਲਸ, ਸ਼ਰਾਬ ਪੀਣੀ ਇਹ ਘੋੜ ਚੜ੍ਹੇ ਹੋਣਗੇ, ਦੁਰਾਚਾਰ ਵੀ ਘੋੜਿਆਂ ਦੀ ਫੌਜ ਹੋਵੇਗਾ। ਵਿਸ਼ਿਆਂ ਦੀ ਮਮਤਾ, ਆਸ਼ਾਵਾਂ ਵਿਚ ਜਨਮ ਬਰਬਾਦ ਕਰਨਾ ਇਹ ਪੈਦਲ ਫੌਜ ਹੋਵੇਗੀ। ਇਹ ਮੇਰੀ ਚਿਤਰੰਗਣ ਫੌਜ ਜਿਧਰ ਰੁਖ ਕਰੇਗੀ, ਨਾਸ਼ ਕਰਦੀ ਚਲੀ ਜਾਵੇਗੀ, ਕ੍ਰੋੜਾਂ ਵਿਚ ਕੋਈ ਇਕ ਅੱਧਾ ਹੋਵੇਗਾ ਜੋ ਥਿਰ ਰਹੇਗਾ। ਮੈਂ ਸੰਸਾਰ ਦੇ ਸਾਰੇ ਧਰਮਾਂ ਨੂੰ ਦ੍ਰਹਮ-ਬ੍ਰਹਮ ਕਰ ਦੇਵਾਂਗਾ। ਇਹ ਮੇਰੀ ਫੌਜ ਦਿਗਵਜਈ ਹੋਵੇਗੀ।

ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ! ਮੇਰੀ ਸਰਦਾਰੀ ਚਲੇਗੀ। ਸਾਧੂ ਸੰਤ ਪੈਸੇ ਵਾਲੇ ਹੋਣਗੇ ਅਤੇ ਅਨੇਕ ਤਰ੍ਹਾਂ ਦੇ ਦੰਭ ਕਰਕੇ ਨਾਮ ਜਪਣ ਦੀ ਥਾਂ ਪੈਸਾ ਕਮਾਉਣ ਦੀ ਚਿਤਵਨਾ ਵਿਚ ਰਹਿਣਗੇ। ਸਾਰੇ ਕਰਮ ਧਰਮ, ਮਰਿਆਦਾਵਾਂ


Sri Satguru Jagjit Singh Ji eLibrary NamdhariElibrary@gmail.com

ਤੋੜ ਦੇਵਾਂਗਾ। ਜੇ ਕੋਈ ਤਪ ਕਰੇਗਾ ਉਸ ਦਾ ਤਪ ਸਿਰੇ ਨਹੀਂ ਚੜ੍ਹਨ ਦੇਵਾਂਗਾ। ਜੇ ਕੋਈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ ਹੋਵੇਗਾ ਮੈਂ ਉਸ ਦੀ ਬਦਨਾਮੀ ਕਰਾਵਾਂਗਾ।

***ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥***
***ਪੰਨਾ – 902***

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਕਲਜੁਗ, ਤੂੰ ਬਹੁਤ ਵੱਡਾ ਗੁਨਹਗਾਰ ਹੋਵੇਂਗਾ ਕਿਉਂਕਿ ਕਲਜੁਗ ਦੇ ਅੰਦਰ ਜਿੰਨੇ ਜੀਵ ਆਉਣਗੇ ਉਨ੍ਹਾਂ ਨੂੰ ਅਵੱਸ਼ ਹੀ ਨਰਕਾਂ ਵਿਚ ਜਾਣਾ ਪਵੇਗਾ। ਜਦੋਂ ਸੱਚੀ ਦਰਗਾਹ ਵਿਚ ਲੇਖਾ ਹੋਵੇਗਾ ਉਸ ਵੇਲੇ ਅਸੀਂ ਤੇਰੇ ਜੰਜੀਰਾਂ ਲਾਵਾਂਗੇ। ਜਿਸ ਤਰ੍ਹਾਂ ਕਿ ਮੁਖਵਾਕ ਹੈ –

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***
***ਪੰਨਾ – 902***

ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਇਸ ਤਰ੍ਹਾਂ ਹੀ ਪ੍ਰਤੀਤ ਦਿੰਦਾ ਹੈ ਕਿ ਕਲਜੁਗ ਦੇ ਅੰਦਰ ਮਨੁੱਖ ਪਰ ਤਨ, ਪਰ ਧਨ ਵਿਚ ਪ੍ਰਵ੍ਰਿਤ ਹੈ, ਕਿਸੇ ਨੂੰ ਪ੍ਰਮੇਸ਼ਰ ਦੀ ਸੋਝੀ ਨਹੀਂ, ਵਿਰਲੇ ਹੀ ਹਨ ਜੋ ਨਾਮ ਜਪਦੇ ਹਨ, ਨਿਗੁਰਿਆਂ ਦੀਆਂ ਧਾੜਾਂ ਦੀਆਂ ਧਾੜਾਂ ਤੁਰੀਆਂ ਫਿਰਦੀਆਂ ਹਨ। ਜੇ ਅਸੀਂ ਆਪਣੇ ਮਤ ਵਿਚ ਹੀ ਝਾਤ ਮਾਰੀਏ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਹੀ ਸਿੱਖ ਪੰਥ ਦੇ ਮੁਖੀ ਕਹਾਉਂਦੇ ਹਾਂ। ਸਿੱਖ, ਮੁਰੀਦ ਚੇਲਾ ਉਦੋਂ ਹੀ ਬਣਦਾ ਹੈ ਜਦੋਂ ਵਿਧੀ ਪੂਰਵਕ ਮੁਰਸ਼ਦ ਦੀ ਸਿਖਿਆ ਤੇ ਚੱਲ ਕੇ ਉਸ ਨੂੰ ਗੁਰੂ ਧਾਰਨ ਕਰੇ। ਜਦੋਂ ਤਕ ਕਿਸੇ ਗੁਰੂ ਤੋਂ ਮੰਤਰ ਨਹੀਂ ਲਿਆ ਓਨੀਂ ਦੇਰ ਤਕ ਉਸ ਸੰਪਰਦਾ ਨਾਲ ਤੁਹਾਡਾ ਕੋਈ ਸਬੰਧ ਨਹੀਂ ਪੈਂਦਾ ਜਿਸ ਤਰ੍ਹਾਂ ਕਿ ਨਾਮਧਾਰੀਆਂ ਦੀ ਸੰਪਰਦਾ ਤੋਂ ਨਾਮ ਲੈ ਲਿਆ ਤਾਂ ਨਾਮਧਾਰੀ ਕਹਾਉਂਦਾ ਹੈ, ਜੇ ਰਾਧਾ ਸੁਆਮੀ ਸੰਪਰਦਾ ਤੋਂ ਨਾਮ ਲੈ ਲਿਆ ਤਾਂ ਰਾਧਾ ਸੁਆਮੀ ਕਹਾਉਂਦਾ ਹੈ, ਸੰਨਿਆਸੀਆਂ ਤੋਂ ਨਾਮ ਲੈ ਕੇ ਸੰਨਿਆਸੀ, ਇਸੇ ਤਰ੍ਹਾਂ ਜੈਨੀਆਂ ਤੋਂ ਨਾਮ ਲੈ ਕੇ ਜੈਨੀ ਕਹਾਉਂਦਾ ਹੈ, ਬੋਧੀਆਂ ਤੋਂ ਨਾਮ ਲੈ ਲਵੇ ਤਾਂ ਬੋਧੀ ਕਹਾਉਂਦਾ ਹੈ। ਗੁਰੂ ਘਰ ਵਿਚ ਤਾਂ ਉਦੋਂ ਸਿੱਖ ਬਣਦਾ ਹੈ ਜਦੋਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਲੈ ਕੇ ਨਾਮ ਜਪਦਾ ਹੈ।

ਗੁਰੂ ਮਹਾਰਾਜ ਜਦੋਂ ਮਾਲਵੇ ਵਿਚ ਗਏ ਤਾਂ ਦਿਆਲਦਾਸ ਨਾਮ ਦਾ ਪ੍ਰੇਮੀ ਮਿਲਿਆ ਤਾਂ ਬੇਨਤੀ ਕਰਕੇ ਗੁਰੂ ਮਹਾਰਾਜ ਨੂੰ ਆਪਣੇ ਘਰ ਪ੍ਰਸ਼ਾਦੇ ਲਈ ਨਿਮੰਤਰਿਤ ਕੀਤਾ। ਗੁਰੂ ਮਹਾਰਾਜ ਜਦੋਂ ਉਥੇ ਗਏ ਤਾਂ ਘੋੜੇ ਨੂੰ ਪਿਆਸ ਲੱਗੀ ਹੋਈ ਸੀ। ਉਥੇ ਵੱਡੀ ਢਾਬ ਸੀ, ਗੁਰੂ ਮਹਾਰਾਜ ਨੇ ਆਪਣੇ ਘੋੜੇ ਨੂੰ ਢਾਬ ਵਿਚ ਵਾੜਿਆ ਤਾਂ ਉਹ ਪਾਣੀ ਨੂੰ ਸੁੰਘ ਕੇ ਪਿਛੇ ਮੁੜ ਗਿਆ ਅਤੇ ਪਾਣੀ ਨਾ ਪੀਤਾ। ਗੁਰੂ ਮਹਾਰਾਜ ਜਾਣ ਗਏ ਕਿ ਇਹ ਪਿੰਡ ਨਿਗੁਰਿਆਂ ਦਾ ਹੈ, ਸਾਡੇ ਘੋੜੇ ਨੇ ਵੀ ਇਥੇ ਪਾਣੀ ਪੀਣਾ ਠੀਕ ਨਹੀਂ ਸਮਝਿਆ।

ਗੁਰੂ ਮਹਾਰਾਜ ਵਾਪਸ ਆ ਗਏ। ਦਿਆਲਦਾਸ ਨੂੰ ਖਬਰ ਹੋਈ ਤਾਂ ਉਸ ਨੇ ਅੰਨ ਗੱਡਿਆਂ ਤੇ ਲਦਵਾ ਕੇ ਲੰਗਰ ਦਾ ਬੰਦੋਬਸਤ ਕੀਤਾ ਤਾਂ ਗੁਰੂ ਮਹਾਰਾਜ ਨੂੰ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਲੰਗਰ ਬਿਨਾਂ ਛਕੇ ਹੀ ਆ ਗਏ। ਤਾਂ ਮਹਾਰਾਜ ਨੇ ਕਿਹਾ, ਦਿਆਲਦਾਸ! ਸਾਡੇ ਤਾਂ ਘੋੜੇ ਨੇ ਵੀ ਪਾਣੀ ਪੀਣਾ ਪ੍ਰਵਾਨ ਨਹੀਂ ਕੀਤਾ ਕਿਉਂਕਿ ਉਸ ਵਿਚ ਨਿਗੁਰੇਪਣ ਦੀ ਬਦਬੂ ਆ ਰਹੀ ਸੀ। ਤੂੰ ਸਿੱਖੀ ਧਾਰਨ ਨਹੀਂ ਕੀਤੀ, ਤੇਰੇ ਪਿੰਡ ਵਾਲਿਆਂ ਨੇ ਵੀ ਨਹੀਂ ਕੀਤੀ। ਉਸ ਨੇ ਕਿਹਾ ਕਿ ਅਸੀਂ ਤਾਂ ਪੁਸ਼ਤ ਦਰ ਪੁਸ਼ਤ ਦਸਵੰਧ ਕੱਢ ਕੇ ਅਨੰਦਪੁਰ ਸਾਹਿਬ ਪਹੁੰਚਾਉਂਦੇ ਰਹੇ। ਦਾੜ੍ਹੀ ਵੀ ਖੋਲ੍ਹ ਕੇ ਰਖਦੇ ਹਾਂ। ਫੇਰ ਅਸੀਂ ਸਿੱਖ ਕਿਵੇਂ ਨਾ ਹੋਏ, ਮਹਾਰਾਜ ਕ੍ਰਿਪਾ ਕਰਕੇ ਖੋਲ੍ਹ ਕੇ ਦੱਸੋ। ਮਹਾਰਾਜ ਨੇ ਫੁਰਮਾਨ ਕੀਤਾ –

***ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿਖ। (ਰਹਿਤਨਾਮਾ)***

ਮਹਾਰਾਜ ਜੀ ਕਹਿਣ ਲੱਗੇ ਕਿ ਭੇਖ ਧਾਰਨਾ ਤਾਂ ਭੇਖੀ ਬੰਦਿਆਂ ਦਾ ਕੰਮ ਹੁੰਦਾ ਹੈ ਇਸ ਤਰ੍ਹਾਂ ਤੂੰ ਸਿੱਖੀ ਦਾ ਧਾਰਨੀ ਨਹੀਂ ਬਣਿਆ, ਸਾਡੇ ਨਾਲ ਤੇਰਾ ਕੋਈ ਸਬੰਧ ਨਹੀਂ ਜੁੜਿਆ। ਉਸ ਵੇਲੇ ਉਸ ਨੇ ਅੰਮ੍ਰਿਤ ਛਕ ਕੇ ਪੰਜ ਪਿਆਰਿਆਂ ਰਾਹੀਂ ਨਾਮ ਪ੍ਰਾਪਤ ਕੀਤਾ ਅਤੇ ਆਪਣੇ ਆਪ ਨੂੰ ਸਿੱਖ ਮੰਡਲ ਦਾ ਮੈਂਬਰ ਬਣਾਇਆ।

ਇਸੇ ਤਰ੍ਹਾਂ ਇਕ ਹੋਰ ਸਾਖੀ ਆਉਂਦੀ ਹੈ ਕਿ ਗੁਰੂ ਮਹਾਰਾਜ ਜਦੋਂ ਸਾਬੋ ਕੀ ਤਲਵੰਡੀ ਗਏ ਤਾਂ ਉਥੇ ਭਾਈ ਡੱਲਾ ਜਦੋਂ ਉਸ ਸਮੇਂ ਗੁਰੂ ਮਹਾਰਾਜ ਦੀ ਬਹੁਤ ਸੇਵਾ ਕਰ ਰਿਹਾ ਸੀ, ਇਕ ਦਿਨ ਸਾਰੀ ਰਾਤ ਪਹਿਰਾ ਦਿੰਦਾ ਰਿਹਾ। ਉਸ ਵੇਲੇ ਗੁਰੂ ਮਹਾਰਾਜ ਨੇ ਉਸ ਤੇ ਪ੍ਰਸੰਨ ਹੋ ਕੇ ਕਿਹਾ ਕਿ ਭਾਈ ਡੱਲਾ ਕੁਝ ਮੰਗ ਲੈ। ਉਸ ਨੇ ਕਿਹਾ ਕਿ ਪਾਤਸ਼ਾਹ! ਮਾਇਕ ਪਦਾਰਥ ਆਪ ਦੇ ਦਿਤੇ ਬਹੁਤ ਹਨ। ਜੇ ਤੁਸੀਂ ਖੁਸ਼ ਹੋ ਤਾਂ ਮੈਨੂੰ ਆਪਣੀ ਦਰਗਾਹ ਵਿਚ ਪੀੜ੍ਹੀ ਜਿੰਨਾਂ ਥਾਂ ਦੇ ਦੇਵੋ। ਗੁਰੂ ਮਹਾਰਾਜ ਨੇ ਕਿਹਾ ਕਿ ਡੱਲਿਆ! ਜੇ ਤੂੰ ਦੁਨੀਆਂ ਦੀ ਕੋਈ ਚੀਜ਼ ਮੰਗਦਾ ਅਸੀਂ ਤੈਨੂੰ ਦੇ ਦਿੰਦੇ ਪਰ ਜੋ ਤੂੰ ਦਰਗਾਹ ਵਿਚ ਥਾਂ ਮੰਗਦਾ ਹੈਂ ਉਹ ਉਨਾਂ ਚਿਰ ਨਹੀਂ ਮਿਲਣਾ ਜਦੋਂ ਤਕ ਵਿਧੀ ਪੂਰਵਕ ਸਿੱਖੀ ਧਾਰਨ ਨਹੀਂ ਕਰਦਾ। ਕਹਿਣ ਲੱਗਿਆ, ਮਹਾਰਾਜ ਮੈਂ ਦਸਵੰਧ ਵੀ ਦਿੰਦਾ ਹਾਂ, ਆਪ ਦੀਆਂ ਸਾਰੀਆਂ ਫੌਜਾਂ ਦੀ ਸੰਭਾਲ ਕਰਦਾ ਹਾਂ, ਲੰਗਰ ਲਈ ਅੰਨ ਦੇ ਰਿਹਾ ਹਾਂ, ਮੈਂ ਇਸੇ ਕਰਕੇ ਕਰਦਾ ਹਾਂ ਕਿਉਂਕਿ ਮੈਂ ਆਪ ਦਾ ਸਿੱਖ ਹਾਂ। ਪੀਰ ਦਾ ਮੁਰੀਦ ਇਸ ਤਰ੍ਹਾਂ ਨਹੀਂ ਹੋਇਆ ਕਰਦਾ। ਪੀਰ ਨੂੰ ਵਿਧੀਪੂਰਵਕ ਮੁਰਸ਼ਦ ਧਾਰਨਾ ਪੈਂਦਾ ਹੈ, ਪੀਰ ਉਸ ਨੂੰ ਗੁਰਮੰਤਰ ਦਿੰਦਾ ਹੈ। ਡੱਲਿਆ! ਤੂੰ ਅੰਮ੍ਰਿਤ ਨਹੀਂ ਛਕਿਆ, ਗੁਰੂ ਘਰ ਅੰਦਰ ਗੁਰਮੰਤਰ ਦੀ ਜਿਸ ਨੂੰ ਪ੍ਰਾਪਤੀ ਨਹੀਂ ਹੋਈ ਉਸ ਬਾਰੇ ਇਸ ਤਰ੍ਹਾਂ ਹੈ –

***ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ – 1357***

ਇਹ ਸੁਣ ਕੇ ਭਾਈ ਡੱਲਾ ਕੁਝ ਨਿਰਾਸ ਹੋ ਗਿਆ ਅਤੇ ਬਾਹਰ ਕਿਸੇ ਗੁਰਸਿੱਖ ਕੋਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਜਿੰਨਾਂ ਚਿਰ ਗੁਰੂ ਘਰ ਵਿਚ ਅੰਮ੍ਰਿਤ ਛਕ ਕੇ ਨਾਮ ਨਹੀਂ ਜਪਦਾ ਉਨੀਂ ਦੇਰ ਤਕ ਸਿੱਖ ਨਹੀਂ ਬਣਦਾ। ਉਸ ਤਰ੍ਹਾਂ ਵੈਸੇ


Sri Satguru Jagjit Singh Ji eLibrary NamdhariElibrary@gmail.com

ਗੁਰੂ ਦਿਆਲੂ ਹੁੰਦਾ ਹੈ, ਸਾਰੇ ਸੰਸਾਰ ਨੂੰ ਤਾਰਦਾ ਹੈ ਪਰ ਜਦੋਂ ਤਕ ਗੁਰੂ ਨਾਲ ਸਿੱਖ ਵਿਧੀਪੂਰਵਕ ਜੁੜ ਕੇ ਗੁਰਮੰਤਰ ਨਹੀਂ ਲੈਂਦਾ, ਆਪਣਾ ਆਪਾ ਭੇਟ ਨਹੀਂ ਕਰਦਾ, ਉਨਾਂ ਚਿਰ ਤਕ ਸਬੰਧ ਨਹੀਂ ਜੁੜਦਾ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥*
*ਪੰਨਾ – 517*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤਕ ਆਦਮੀ ਗੁਰੂ ਧਾਰਨ ਨਹੀਂ ਕਰਦਾ ਉਹ ਨਿਗੁਰਾ ਹੀ ਰਹਿੰਦਾ ਹੈ। ਬਹੁਤ ਸਾਰੇ ਪ੍ਰੇਮੀ ਐਸੇ ਹਨ ਕਿ ਗੁਰੂ ਤਾਂ ਧਾਰਨ ਕਰ ਲੈਂਦੇ ਹਨ ਪਰ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਅੰਦਰਲੀ ਖੋਜ ਨਹੀਂ ਕਰਦੇ।

*'ਚਲਦਾ'*

**LLLLLL**

(ਪੰਨਾ 16 ਦੀ ਬਾਕੀ)

ਗੱਲ ਜਾਂਚ ਗਏ ਸਨ ਕਿ ਹੋਵੇ ਨਾ ਹੋਵੇ ਇਸ ਸਾਰੀ ਗੁਪਤ ਖੇਡ ਦਾ ਭੇਤ ਪਟਿਆਲੇ ਜਾ ਕੇ ਖੁਲ੍ਹੇਗਾ। ਇਸ ਕਰਕੇ ਸੰਦੇਸੜੇ ਪਟਿਆਲੇ ਅਖੰਡਪਾਠ ਸਮਾਗਮ ਤੇ ਆਣ ਪੁੱਜੇ ਸਨ। ਸਿਰੀ ਭਾਈ ਗੁਰਬਖਸ਼ ਸਿੰਘ ਜੀ ਦੀ ਅੰਤਰਗਤੀ ਰੁਚੀ ਮੁੜ ਸਕੂਲੇ ਜਾਣ ਦੀ ਨਹੀਂ ਸੀ, ਪਰੰਤੂ ਉਹ ਸੰਗਤ ਦੇ ਫੈਸਲੇ ਦੇ ਅਧੀਨ ਆਗਿਆ ਪਾਲਣ ਨੂੰ ਤਤਪਰ ਸਨ। ਸਾਰੀ ਸੰਗਤ ਵਿਚ ਬੜੀ ਗੰਭੀਰਤਾ ਤੇ ਗੌਰਵਤਾ ਸਹਿਤ ਵੀਚਾਰ ਹੋਈ ਕਿ ਇਨ੍ਹਾਂ ਭੁਝੰਗੀਆਂ ਦਾ ਮੁੜ ਸਕੂਲੇ ਜਾਣਾ ਠੀਕ ਹੈ ਜਾਂ ਕਿਵੇਂ ਹੋਰਵੇਂ? ਓੜਕ ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਮਰ ਵਾਕ ਇਸ ਪ੍ਰਥਾਇ ਲਿਆ ਜਾਵੇ। ਤਾਂ ਤੇ ਵਾਕ ਲਿਆ ਗਿਆ, ਉਸ ਵਾਕ ਦੀ ਇਹ ਤੁਕ ਮੈਨੂੰ ਯਾਦ ਹੈ ਜੋ ਹੁਣ ਤਕ ਰੜਕਦੀ ਰਹੀ – "ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ।' ਇਸ ਗੁਰਵਾਕ ਦੀ ਰੌਸ਼ਨੀ ਅੰਦਰ ਸਾਰੀ ਸੰਗਤ ਦੀ ਸੰਮਤੀ ਇਹ ਹੋਈ ਕਿ ਅਜੇ ਇਸ ਮਰਜੀਵੜੇ ਗੁਰਬਖਸ਼ ਸਿੰਘ ਜੀ ਦੀ ਸਤਿਸੰਗਤ ਸਪਰਸ਼ ਦੀ ਪਾਰਸ ਕਲਾ ਦੁਆਰਾ ਹੋਰ ਵੀ ਵਿਦਿਆਰਥੀ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹਨਗੇ। ਤਾਂ ਤੇ ਮੁੜ ਕੇ ਭੁਝੰਗੀ ਗੁਰਬਖਸ਼ ਸਿੰਘ ਜੀ ਹੋਰਾਂ ਨੂੰ ਲੁਧਿਆਣੇ ਖਾਲਸਾ ਹਾਈ ਸਕੂਲ ਵਿਚ ਲੈ ਜਾਣਾ ਹੀ ਪਰ ਸੁਖਦਾਈ ਅਤੇ ਲਾਭਦਾਇਕ ਹੈ। ਇਹ ਫੈਸਲਾ ਸੁਣ ਕੇ ਲੁਧਿਆਣੇ ਤੋਂ ਸੰਦੇਸ਼ਾ ਲਿਆਵਣ ਵਾਲੇ ਦੂਤਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਤੁਰਤੋ ਫੁਰਤੀ ਹੀ ਉਥੋਂ ਮੁੜ ਗਏ, ਲੁਧਿਆਣੇ ਜਾਇ ਸ਼ੁਭ ਖਬਰ ਸੁਣਾਈ, ਕਿ ਭੁਝੰਗੀ ਗੁਰਬਖਸ਼ ਸਿੰਘ ਜੀ ਹੋਰੀਂ ਮੁੜ ਆ ਰਹੇ ਹਨ।

*'ਚਲਦਾ'*

**LLLLLL**

(ਪੰਨਾ 31 ਦੀ ਬਾਕੀ)

ਕਤਰਾ ਕਤਰਾ ਰਲ ਕੇ ਪਾਣੀ ਦੀ ਧਾਰ ਬਣੀ, ਫੇਰ ਨਦੀ ਵਿਚ ਚਲੀ ਗਈ, ਨਦੀ ਵਹਿੰਦੀ ਵਹਿੰਦੀ ਆਪਣੇ source ਸਮੁੰਦਰ ਵਿਚ ਚਲੀ ਗਈ। ਸੋ ਜਦੋਂ ਜੀਵ –

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*
*ਪੰਨਾ – 1369*

ਸੋ ਐਸੀ ਜੋ ਵੀਚਾਰ ਹੈ ਉਸ ਵਿਚ ਲੀਨ ਹੋ ਗਿਆ ਲੀਨ ਹੋਏ ਨੂੰ ਮਹਾਰਾਜ ਕਹਿੰਦੇ ਹਨ –

*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸਹੀ ਜੈਸੇ॥ ਪੰਨਾ – 943*

ਸਰੀਰ ਤਾਂ ਦਿਸਦਾ ਹੈ ਮਨੁੱਖ ਦਾ ਹੀ ਪਰ ਅਸੀਂ ਤਾਂ ਕਿਸੇ ਨੂੰ ਮੰਨਦੇ ਹੀ ਨਹੀਂ, ਪਰ ਮਹਾਰਾਜ ਜੀ ਕਹਿੰਦੇ ਹਨ ਕਿ ਮੰਨੋ ਤੁਸੀਂ, ਸਾਦੇ ਅੱਖਰਾਂ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ–

*ਧਾਰਨਾ – ਸਾਂਈ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ –2, 2.*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ, –2, 2.*
*ਸਾਈਂ ਹੀ ਵਰਗੇ ਨੇ, ............. –2.*

ਧੰਨ ਹਨ ਉਹ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ। ਕਿਹੋ ਜਿਹੇ ਹਨ ਉਹ?

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397*

ਐਸੇ ਸਤਿਪੁਰਸ਼ ਉਸ ਵਾਹਿਗੁਰੂ ਨਾਲ ਹੀ ਰਲੇ ਹੋਏ ਹੁੰਦੇ ਹਨ –

*ਸੁੰਨੋ ਸੁੰਨੁ ਕਹੈ ਸਭੁ ਕੋਈ॥*
*ਅਨਹਤ ਸੁੰਨੁ ਕਹਾ ਤੇ ਹੋਈ॥*
*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸਹੀ ਜੈਸੇ॥*
*ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥*
*ਨਾਨਕ ਗੁਰਮੁਖਿ ਮਨੁ ਸਮਝਾਹਿ॥ ਪੰਨਾ – 943*

ਜੰਮਦੇ ਮਰਦੇ ਨਹੀਂ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਪੰਨਾ – 749*

ਜਦੋਂ ਇਹ ਅਵਸਥਾ ਹੁੰਦੀ ਹੈ, ਉਥੇ ਕਾਲ ਨਹੀਂ ਹੁੰਦਾ, ਸਮ ਬਿਰਤੀ ਹੁੰਦੀ ਹੈ। ਸਤਿ ਚਿਤ ਅਨੰਦ ਰੂਪ ਦੇ ਅੰਦਰ ਆਸਣ ਲਾਉਂਦੇ ਹਨ ਜਿਸ ਨੂੰ ਨਿਜ ਸਰੂਪ ਕਹਿੰਦੇ ਹਨ, ਸੋ ਦਰ ਕਹਿੰਦੇ ਹਨ। ਉਥੇ ਪਰਮੇਸ਼ਰ ਵਿਚ ਲੀਨ ਹੋਇਆ ਹੋਇਆ, ਉਸ ਨੂੰ ਥਿਰ ਘਰ ਕਹਿੰਦੇ ਹਨ। ਜਦੋਂ ਪਰਮੇਸ਼ਰ ਵਿਚ ਪੂਰਾ ਲੀਨ ਹੋ ਜਾਂਦਾ ਹੈ ਤਾਂ ਸਾਰੇ ਬ੍ਰਹਿਮੰਡਾਂ ਦੇ ਦੇਵਤੇ ਜੈ ਜੈਕਾਰ ਕਰਦੇ ਹਨ, ਉਸ ਦਾ ਸਤਿਕਾਰ ਕਰਦੇ ਹਨ। ਜਦੋਂ ਰੋਜ਼ ਬਿਰਤੀ ਰਾਹੀਂ ਰੂਹਾਨੀ ਸਫਰ ਤੇ ਲੰਘਦਾ ਹੈ, ਫੇਰ ਤਾਂ ਐਸੀ ਅਵਸਥਾ ਆ ਜਾਂਦੀ ਹੈ ਕਿ ਰੋਜ਼ ਲੰਘਣ ਦੀ ਲੋੜ ਨਹੀਂ ਰਹਿੰਦੀ। ਦਿਨ ਰਾਤ ਉਸਦੇ ਵਿਚੇ ਹੀ ਸਮਾਇਆ ਰਹਿੰਦਾ ਹੈ। ਸੋ ਇਸਦਾ ਦੋ ਤਰੀਕਿਆਂ ਨਾਲ ਵੇਰਵਾ ਹੈ, ਵੀਚਾਰ ਨਾਲ ਵੀ ਹੁੰਦਾ ਹੈ ਤੇ ਸ਼ਬਦ ਸੁਰਤ ਨਾਲ ਵੀ ਹੁੰਦਾ ਹੈ।

**LLLLLL**

*'ਚਲਦਾ'*



Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ ਡਾ. ਸਵਾਮੀ ਰਾਮ ਜੀ***

***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਦਸੰਬਰ ਅੰਕ, ਪੰਨਾ - 63)*

9. ਹੇ ਧੰਨਜਯ! ਜੇ ਤੂੰ ਚਿੱਤ ਨੂੰ ਸਥਿਰ ਕਰਕੇ ਮੇਰੇ ਵਿਚ ਨਹੀਂ ਲਗਾ ਸਕਦਾ ਤਾਂ ਤੂੰ ਅਭਿਆਸ ਯੋਗ ਦੁਆਰਾ ਮੇਰੀ ਪ੍ਰਾਪਤੀ ਦੀ ਇੱਛਾ ਕਰ।

10. ਜੇ ਤੂੰ ਅਭਿਆਸ ਕਰਨ ਦੇ ਭੀ ਸਮਰੱਥ ਨਹੀਂ ਤਾਂ ਤੂੰ ਮੇਰੇ ਨਮਿਤ ਕਰਮ ਕਰ, ਮੇਰੇ ਨਮਿਤ ਕਰਮ ਕਰਨ ਨਾਲ ਵੀ ਮੇਰੀ ਪ੍ਰਾਪਤੀ ਰੂਪ ਸਿਧ ਨੂੰ ਪ੍ਰਾਪਤ ਹੋਵੇਂਗਾ।

11. ਜੇ ਤੂੰ ਇਹ ਵੀ ਨਹੀਂ ਕਰ ਸਕਦਾ ਤਾਂ ਆਪਣੇ ਤੇ ਕਾਬੂ ਪਾ ਕੇ ਮੇਰੇ ਨਾਲ ਯੁਕਤ ਹੋਣ ਦਾ ਆਸਰਾ ਲੈ ਕੇ ਸਭ ਕਰਮਾਂ ਦੇ ਫਲ ਦਾ ਮੇਰੇ ਲਈ ਤਿਆਗ ਕਰ।

ਇਥੇ ਇਹ ਜਾਣ ਲੈਣਾ, ਇਹ ਸਮਝ ਲੈਣਾ ਬੜਾ ਆਵਸ਼ਕ ਹੈ ਕਿ ਅਰਜਨ ਕੇਵਲ ਆਪਣੀ ਗੱਲ ਨਹੀਂ ਕਰ ਰਿਹਾ, ਇਥੇ ਅਰਜਨ ਤੋਂ ਭਾਵ ਹੈ ਸਾਰੇ ਜਗਿਆਸੂ। ਕ੍ਰਿਸ਼ਨ ਜੀ ਕੇਵਲ ਅਰਜਨ ਦੇ ਪ੍ਰਸ਼ਨਾਂ ਦਾ ਉਤਰ ਨਹੀਂ ਦੇ ਰਹੇ ਉਹ ਸਾਰੇ ਜਗਿਆਸੂਆਂ ਦੇ ਪ੍ਰਸ਼ਨਾਂ ਦੇ ਉਤਰ ਦੇ ਰਹੇ ਹਨ। ਕ੍ਰਿਸ਼ਨ ਜੀ ਅਰਜਨ ਨੂੰ ਕਹਿ ਰਹੇ ਹਨ, ਜੇ ਤੂੰ ਆਪਣਾ ਮਨ ਨਿਰਾਕਾਰ ਜਾਂ ਸਾਕਾਰ ਰੂਪ ਤੇ ਇਕਾਗਰ ਨਹੀਂ ਕਰ ਸਕਦਾ ਜੇ ਸਰਗੁਣ ਜਾਂ ਨਿਰਗੁਣ ਤੇ ਅਭਿਆਸ ਨਹੀਂ ਕਰ ਸਕਦਾ, ਜੇ ਤੂੰ ਮੇਰੇ ਤੇ ਵੀ ਮਨ ਇਕਾਗਰ ਨਹੀਂ ਕਰ ਸਕਦਾ ਫੇਰ ਤੂੰ ਅਭਿਆਸ ਯੋਗ ਕਰ ਭਾਵ ਮੇਰੇ ਲਈ ਕਰਮ ਕਰ। ਇਸੇ ਤਰ੍ਹਾਂ ਜਿਹੜੇ ਜਗਿਆਸੂ ਇਕਾਗਰ ਹੋ ਕੇ ਧਿਆਨ ਨਹੀਂ ਲਗਾ ਸਕਦੇ, ਸਿਮਰਨ ਨਹੀਂ ਕਰ ਸਕਦੇ ਉਨ੍ਹਾਂ ਲਈ ਵੀ ਰੂਹਾਨੀ ਪੱਥ ਹੈ। ਉਹ ਹੈ ਅਭਿਆਸ, ਅਭਿਆਸ ਹੋਰ ਅਭਿਆਸ ਕਰਦੇ ਰਹੋ ਉਦੋਂ ਤਕ ਕਰੋ ਜਦੋਂ ਤਕ ਪ੍ਰਾਪਤੀ ਨਹੀਂ ਹੋ ਜਾਂਦੀ। ਬਹੁਤ ਵਾਰੀ ਅਭਿਆਸ ਵਿਚ ਇਸ ਤਰ੍ਹਾਂ ਵੀ ਹੁੰਦਾ ਹੈ ਸਾਧਕ ਸਮੇਂ ਦਾ ਪਾਬੰਦ ਨਹੀਂ ਰਹਿ ਸਕਦਾ ਜਾਂ ਰੋਜ਼ ਨਹੀਂ ਕਰ ਸਕਦਾ। ਸ੍ਵੈ ਅਨੁਸ਼ਾਸਨ ਤੋਂ ਬਿਨਾਂ ਇਕਸਾਰਤਾ ਤੋਂ ਬਿਨਾਂ ਜਗਿਆਸੂ ਮੁੜ ਮੁੜ ਕੇ ਥਿੜਕ ਜਾਂਦਾ ਹੈ। ਕੁਝ ਵੀ ਕਿਉਂ ਨਾ ਹੋਵੇ ਜਗਿਆਸੂ ਨੂੰ ਫੇਰ ਉਸ ਮਾਰਗ ਉਤੇ ਆ ਜਾਣਾ ਚਾਹੀਦਾ ਹੈ, ਸਾਧਨਾ ਜਾਰੀ ਰੱਖਣੀ ਚਾਹੀਦੀ ਹੈ ਤੇ ਨਿਯਮ ਬਣਾਉਣਾ ਚਾਹੀਦਾ ਹੈ।

ਅਭਿਆਸ ਨਿਯਮ ਨਾਲ ਕਰਨਾ ਚਾਹੀਦਾ ਹੈ, ਟਿਕ ਕੇ ਤੇ ਠਰੰਮੇ ਨਾਲ ਅਭਿਆਸ ਕਰਨ ਦੀ ਲੋੜ ਹੈ। ਇਸ ਤਰ੍ਹਾਂ ਦੇ ਅਭਿਆਸ ਦੀ ਲੋੜ ਹੈ। ਜੇ ਕੋਈ ਜਗਿਆਸੂ ਇਹ ਸੋਚੇ ਕਿ ਥੋੜ੍ਹੀ ਦੇਰ ਅਭਿਆਸ ਕਰ ਲਿਆ, ਫੇਰ ਛੱਡ ਦਿਤਾ, ਇਸ ਤਰ੍ਹਾਂ ਕਰਨ ਨਾਲ ਕੋਈ ਲਾਭ ਨਹੀਂ ਹੋਵੇਗਾ, ਇਹ ਸੋਚਣੀ ਉਸ ਦੀ ਗਲਤ ਹੈ। ਅਭਿਆਸ ਲਈ ਬੜੀ ਸੱਚੀ ਸੁੱਚੀ ਨਿਰੰਤਰ ਤੇ ਲਗਾਤਾਰ ਕੋਸ਼ਿਸ਼ ਦੀ ਲੋੜ ਹੈ। ਜੇ ਕੋਈ ਐਸੀ ਘਟਨਾ ਘਟ ਜਾਵੇ ਜਿਹੜੀ ਆਪਣੇ ਵਸ ਵਿਚ ਨਹੀਂ ਜਿਵੇਂ ਕੋਈ ਬਿਮਾਰੀ, ਕੋਈ ਐਕਸੀਡੈਂਟ। ਤੇ ਜਗਿਆਸੂ ਨੂੰ ਆਪਣੇ ਸਾਰੇ ਕਰਮ, ਇਥੋਂ ਤਕ ਕੇ ਖਾਣਾ ਪੀਣਾ, ਸੌਣਾ ਸਭ ਕੁਝ ਉਸ ਇਕ ਨੂੰ ਸਮਰਪਣ ਕਰ ਦੇਣਾ ਚਾਹੀਦਾ ਹੈ ਤੇ ਹਰ ਸਮੇਂ ਉਸ ਇਕ ਦੀ ਹਜ਼ੂਰੀ ਵਿਚ ਰਹਿਣਾ ਸਿੱਖਣਾ ਚਾਹੀਦਾ ਹੈ। ਉਸ ਨੂੰ ਆਪਣੇ ਆਪ ਨੂੰ ਕਹਿਣਾ ਚਾਹੀਦਾ ਹੈ, ਮੈਂ ਸਾਰੇ ਕੰਮ ਸਭ ਕਰਮ ਉਸ ਪ੍ਰਭੂ ਲਈ ਕਰਾਂਗਾ ਤੇ ਫਲ ਵੀ ਉਸ ਇਕ ਨੂੰ ਹੀ ਸਮਰਪਣ ਕਰਾਂਗਾ। ਇਸ ਤਰ੍ਹਾਂ ਕਰਨ ਨਾਲ ਮਨ ਇਕ ਪਾਸੇ ਹੀ ਵਹਿ ਤੁਰਦਾ ਹੈ। ਇਸ ਤਰ੍ਹਾਂ ਦਾ ਅਭਿਆਸ ਵੀ ਬਹੁਤ ਲਾਭਕਾਰੀ ਹੁੰਦਾ ਹੈ।

ਬਹੁਤ ਸਾਰੇ ਜਗਿਆਸੂ ਪਹਿਲੇ ਪਹਿਲਾਂ ਭਾਵੁਕ ਹੋ ਕੇ ਵਧੇਰੇ ਧਿਆਨ ਕਰਾਉਂਦੇ ਹਨ ਤੇ ਫੇਰ ਕੁਝ ਦਿਨਾਂ ਬਾਅਦ ਮਹੀਨੇ ਬਾਅਦ ਅਭਿਆਸ ਛੱਡ ਦਿੰਦੇ ਹਨ। ਇਸ ਤਰ੍ਹਾਂ ਕਰਨਾ ਲਾਭਕਾਰੀ ਨਹੀਂ ਹੈ। ਤੁਹਾਨੂੰ ਆਪਣੀ ਯੋਗਤਾ ਪਤਾ ਹੋਣੀ ਚਾਹੀਦੀ ਹੈ। ਉਸ ਨੂੰ ਹੌਲੀ ਹੌਲੀ ਵਧਾਉਣਾ ਚਾਹੀਦਾ ਹੈ, ਬੜੇ ਠਰੰਮੇ ਨਾਲ ਵਧਾਉਣਾ ਚਾਹੀਦਾ ਹੈ, ਭਾਵੁਕ ਹੋ ਕੇ ਹੱਦੋਂ ਵੱਧ ਨਹੀਂ ਕਰਨਾ ਚਾਹੀਦਾ ਹੈ। ਬੜਾ ਸਾਵਾਂ ਜੀਵਨ ਅਪਨਾਉਣਾ ਚਾਹੀਦਾ ਹੈ ਤੇ ਖਾਣਾ, ਪੀਣਾ, ਸੌਣਾ ਤੇ ਹੋਰ ਕਾਰ ਵਿਹਾਰ ਬਹੁਤ ਹੀ ਸਾਵੇਂ ਤਰੀਕੇ ਨਾਲ ਕਰਨਾ ਚਾਹੀਦਾ ਹੈ।

ਪਹਿਲੇ ਪਹਿਲ ਜਗਿਆਸੂ ਨੂੰ ਆਪਣੇ ਵੱਡੇ ਵੱਡੇ ਕਰਮ ਸਮਰਪਤ ਕਰਨੇ ਚਾਹੀਦੇ ਹਨ; ਹੌਲੀ ਹੌਲੀ ਸਾਰੇ ਹੀ ਕਰਮ ਉਸ ਇਕ ਨੂੰ ਸਮਰਪਣ ਕਰਨ ਦਾ ਅਭਿਆਸ ਪਾਉਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨ ਨਾਲ ਤੁਹਾਡੀ ਪ੍ਰਭੂ ਲਈ ਚੇਤਨਤਾ ਤੇ ਉਸ ਦੀ ਹੋਂਦ ਦੀ ਸੋਝੀ ਵਧਦੀ ਹੈ। ਜੇ ਜਗਿਆਸੂ ਕਿਸੇ ਕਾਰਨ ਕਰਕੇ ਇਸ ਤਰ੍ਹਾਂ ਨਾ ਕਰ ਸਕਦਾ ਹੋਵੇ ਤਾਂ ਉਸ ਲਈ ਇਕ ਹੋਰ ਤਰੀਕਾ ਹੈ। ਉਹ ਇਹ ਕਿ ਉਹ ਆਪਣੇ ਕਰਮਾਂ ਦੇ ਫਲ ਸਮਰਪਣ ਕਰ ਦੇਵੇ। ਇਸ ਨਾਲ ਉਸ ਦਾ ਕਰਮਾਂ ਤੋਂ ਬੰਧਨ ਟੁਟਦਾ ਜਾਵੇਗਾ। ਜੇ ਸ੍ਵੈ ਸੰਜਮ ਨਹੀਂ ਹੈ, ਮਨ ਦੀ ਇਕਾਗਰਤਾ ਨਹੀਂ ਹੈ, ਕਰਮ ਸਮਰਪਣ ਕਰਨ ਦੀ ਜਗਿਆਸਾ ਨਹੀਂ ਹੈ ਤਾਂ ਕੇਵਲ ਫਲ ਦਾ ਤਿਆਗ ਕਰਨਾ ਹੀ ਬਹੁਤ ਵੱਡੀ ਗੱਲ ਹੈ ਜੋ ਉਸ ਨੂੰ ਸੰਪੂਰਨਤਾ ਵਲ ਲੈ ਜਾਵੇਗੀ। ਜਦੋਂ ਜਗਿਆਸੂ ਫਲ ਤਿਆਗਣ ਦਾ ਅਭਿਆਸ ਕਰਦਾ ਹੈ ਤਾਂ ਹੌਲੀ ਹੌਲੀ ਇਹ ਉਸ ਦੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ, ਇਹ ਬੜੀ ਡੂੰਘੀ ਤੇ ਠੋਸ ਪੂਜਾ ਹੈ।

ਕੀਤੇ ਕਰਮਾਂ ਦਾ ਫਲ ਸਮਰਪਣ ਕਰ ਦੇਣਾ ਬਹੁਤਿਆਂ ਲਈ ਬਹੁਤ ਸੌਖਾ ਹੈ ਪਰ ਜਿਹੜੇ ਇਹ ਵੀ ਨਹੀਂ ਕਰ ਸਕਦੇ, ਉਨ੍ਹਾਂ ਨੂੰ ਚਾਹੀਦਾ ਹੈ ਉਹ ਸਵੈ ਸੰਜਮ ਦਾ ਅਭਿਆਸ ਕਰਨ ਜਿੰਨਾਂ ਕਰਨ ਦੀ ਉਨ੍ਹਾਂ ਵਿਚ ਸਮਰੱਥਾ ਹੈ ਤੇ ਨਾਲ ਹੀ ਪ੍ਰਭੂ ਮਿਲਾਪ ਦੀ ਇੱਛਾ ਨੂੰ ਵਧਾਉਣ ਤੇ ਜੋ ਕੁਝ ਵੀ ਉਸ ਅੱਗੇ ਸਮਰਪਣ ਕਰ ਸਕਦੇ ਹਨ ਕਰਨ। ਜਿਹੜੇ ਛੋਟੇ ਵੱਡੇ ਕਰਮ ਕਰੋ ਉਨ੍ਹਾਂ ਦੇ ਫਲ ਦਾ ਤਿਆਗ ਆਪਣੇ ਵਿਕਾਸ ਲਈ ਬਹੁਤ ਲਾਭਕਾਰੀ ਹੋਵੇਗਾ। ਜੇ ਜਗਿਆਸੂ ਇਕ ਕੋਈ ਸਦਾਚਾਰ ਦੇ ਨਿਯਮ ਅਪਣਾਅ ਲਵੇ ਤੇ ਫਲ ਨੂੰ ਮਾਨਣ ਦੀ ਥਾਂ ਹੌਲੀ



Sri Satguru Jagjit Singh Ji eLibrary NamdhariElibrary@gmail.com

ਹੌਲੀ ਉਸ ਨੂੰ ਸਮਰਪਤ ਕਰਦਾ ਰਹੇ, ਇਸ ਨਾਲ ਆਪੇ ਹੀ ਇਸ ਦੇ ਫਲ ਨੂੰ ਮਾਨਣ ਦੀ ਇੱਛਾ ਖਤਮ ਹੋ ਜਾਵੇਗੀ। ਅੰਤ ਵਿਚ ਇਹ ਇੱਛਾ ਖਤਮ ਹੋ ਜਾਵੇਗੀ ਤੇ ਇਹ ਇੱਛਾ ਰਹਿਤ ਅਵਸਥਾ ਹੀ ਸੰਪੂਰਨਤਾ ਹੈ।

12. ਅਭਿਆਸ ਤੋਂ ਗਿਆਨ, ਗਿਆਨ ਤੋਂ ਧਿਆਨ ਅਤੇ ਧਿਆਨ ਤੋਂ ਕਰਮ ਦੇ ਫਲ ਦਾ ਤਿਆਗ ਸ੍ਰੇਸ਼ਟ ਹੈ, ਤਿਆਗ ਹੋਣ ਤੇ ਸ਼ਾਂਤੀ ਜਲਦੀ ਹੀ ਮਿਲਦੀ ਹੈ।

ਵੱਖ ਵੱਖ ਮਾਰਗਾਂ ਦੀ ਤੁਲਨਾ ਕਰਦੇ ਹੋਏ ਕ੍ਰਿਸ਼ਨ ਜੀ ਕਹਿ ਰਹੇ ਹਨ ਕਿ ਸਾਧਨਾ ਤੋਂ ਉਤਮ ਗਿਆਨ ਹੈ, ਗਿਆਨ ਤੋਂ ਉਤਮ ਧਿਆਨ ਹੈ। ਗਿਆਨ ਦੇ ਮਾਰਗ ਦੀ ਵਿਆਖਿਆ ਦੂਸਰੇ ਅਧਿਆਇ ਵਿਚ ਦਿਤੀ ਗਈ ਸੀ। ਧਿਆਨ ਦਾ ਮਾਰਗ ਸੰਖੇਪ ਵਿਚ ਛੇਵੇਂ ਅਧਿਆਇ ਵਿਚ ਦੱਸਿਆ ਗਿਆ ਸੀ। ਇਸ ਅਧਿਆਇ ਦੇ ਅੱਠਵੇਂ ਸਲੋਕ ਵਿਚ ਕ੍ਰਿਸ਼ਨ ਜੀ ਮਨ ਬੁੱਧੀ ਤੇ ਚਿੱਤ ਨੂੰ ਆਤਮਾ ਤੇ ਇਕਾਗਰ ਕਰਨਾ ਦਸਦੇ ਹਨ। ਉਹ ਜਗਿਆਸੂ ਜਿਹੜੇ ਇਸ ਦਾ ਅਭਿਆਸ ਨਹੀਂ ਕਰ ਸਕਦੇ, ਉਹ ਕੇਵਲ ਕਰਮਾਂ ਦਾ ਫਲ ਹੀ ਉਸ ਇਕ ਨੂੰ ਸਮਰਪਣ ਕਰ ਦੇਣ। ਜਦੋਂ ਤਕ ਜਗਿਆਸੂ ਕਰਮ ਸਮਰਪਣ ਨਹੀਂ ਕਰਦਾ ਉਦੋਂ ਤਕ ਕਿਸੇ ਵੀ ਤਰੀਕੇ ਦੀ ਸਾਧਨਾ ਵੀ ਪ੍ਰਫੁਲਤ ਨਹੀਂ ਹੋਇਆ ਕਰਦੀ, ਸ਼ਾਂਤੀ ਕੇਵਲ ਫਲ ਸਮਰਪਣ ਕਰਕੇ ਹੀ ਮਿਲਦੀ ਹੈ।

13. ਸਭ ਜੀਵਾਂ ਨਾਲ ਦ੍ਵੈਸ਼ ਤੋਂ ਰਹਿਤ, ਸਭ ਦਾ ਮਿਤ੍ਰ, ਕਰੁਣਾ ਭਾਵ ਰੱਖਣਾ, ਮਮਤਾ ਤੇ ਹੰਕਾਰ ਤੋਂ ਰਹਿਤ, ਦੁਖ ਸੁਖ ਵਿਚ ਇਕੋ ਜਿਹਾ ਰਹਿਣ ਵਾਲਾ ਤੇ ਖਿਮਾ ਕਰਨ ਵਾਲਾ।

14. ਸਦਾ ਸੰਤੋਖੀ, ਯੋਗੀ, ਆਪਣੀ ਆਤਮਾ ਤੇ ਕਾਬੂ ਤੇ ਦ੍ਰਿੜ੍ਹ ਨਿਸ਼ਚੇ ਵਾਲਾ, ਮਨ ਤੇ ਬੁੱਧੀ ਮੇਰੇ ਅਰਪਣ ਕਰਨ ਵਾਲਾ ਇਹੋ ਜਿਹਾ ਭਗਤ ਮੈਨੂੰ ਪਿਆਰਾ ਹੈ।

15. ਜਿਸ ਤੋਂ ਨਾ ਕੋਈ ਡਰੇ, ਨਾ ਉਹ ਕਿਸੇ ਤੋਂ ਡਰੇ। ਜੋ ਖੁਸ਼ੀ ਕ੍ਰੋਧ ਅਤੇ ਭੈ ਉਕਸਾਹਟ ਤੋਂ ਰਹਿਤ ਹੈ, ਉਹ ਮੈਨੂੰ ਪਿਆਰਾ ਹੈ।

16. ਜਿਨ੍ਹਾਂ ਨੂੰ ਕੁਝ ਵੀ ਲੈਣ ਦੀ ਕੋਈ ਇੱਛਾ ਨਹੀਂ ਪਵਿੱਤਰ, ਚਤੁਰ, ਉਦਾਸੀਨ, ਦੁਖਾਂ ਤੋਂ ਪਰ੍ਹੇ ਅਤੇ ਸਭ ਪ੍ਰਕਾਰ ਦੇ ਆਰੰਭ ਦਾ ਤਿਆਗੀ, ਇਹੋ ਜਿਹਾ ਭਗਤ ਮੈਨੂੰ ਪਿਆਰਾ ਹੈ।

17. ਜੋ ਨਾ ਖੁਸ਼ੀ, ਨਾ ਦ੍ਵੈਸ਼, ਨਾ ਚਿੰਤਾ ਕਰਦਾ ਹੈ, ਨਾ ਕੁਛ ਚਾਹੁੰਦਾ ਹੈ, ਸ਼ੁਭ ਅਸ਼ੁਭ ਦੋਹਾਂ ਦਾ ਤਿਆਗੀ ਹੈ, ਭਗਤੀ ਨਾਲ ਭਰਪੂਰ ਹੈ, ਐਸਾ ਆਦਮੀ ਮੈਨੂੰ ਪਿਆਰਾ ਹੈ।

18. ਜਿਹੜਾ ਸ਼ਤਰੂ, ਮਿਤ੍ਰ, ਮਾਨ ਅਪਮਾਨ, ਗਰਮੀ ਸਰਦੀ, ਸੁਖ ਦੁਖ ਨੂੰ ਸਮਾਨ ਸਮਝਦਾ ਹੈ ਅਤੇ ਸੰਗ ਤੋਂ ਰਹਿਤ ਹੈ।

19. ਜਿਸ ਨੂੰ ਨਿੰਦਾ ਉਸਤਤ ਇਕੋ ਜਿਹੀ ਲਗਦੀ ਹੈ, ਚੁੱਪ ਰਹਿਣ ਵਾਲਾ, ਹਰ ਹਾਲ ਵਿਚ ਸੰਤੋਖੀ, ਬਿਨਾਂ ਘਰ, ਸਥਿਰ ਬੁੱਧੀ ਵਾਲਾ, ਭਗਤੀ ਮਾਨ ਐਸਾ ਆਦਮੀ ਮੈਨੂੰ ਪਿਆਰਾ ਹੈ।

20. ਜੋ ਭਗਤ ਸ਼ਰਧਾਪੂਰਵਕ ਮੈਨੂੰ ਪਰਮ ਜਾਣ ਕੇ ਇਸ ਉਪਰ ਕਹੇ ਹੋਏ ਧਰਮ, ਅੰਮ੍ਰਿਤ ਰੂਪ ਉਪਦੇਸ਼ ਦਾ ਪਾਲਨ ਕਰਦਾ ਹੈ, ਉਹ ਮੈਨੂੰ ਅਤਿ ਪਿਆਰਾ ਹੈ।

ਉਪਰ ਦਿਤੇ ਸ਼ਲੋਕ ਉਤਮ ਜਗਿਆਸੂ ਤੇ ਸ਼ਰਧਾਲੂ ਦੇ ਗੁਣ ਦਸਦੇ ਹਨ। ਉਤਮ ਜਗਿਆਸੂ, ਭਗਤ, ਨਾ ਕਿਸੇ ਨਾਲ ਵੈਰ ਰਖਦਾ ਹੈ, ਨਾ ਹੀ ਮੋਹ। ਉਹ ਹਰੇਕ ਨਾਲ ਕ੍ਰਿਪਾਲੂ ਦਿਆਲੂ ਹੁੰਦਾ ਹੈ। ਉਸ ਨੂੰ ਕੋਈ ਅਹੰਕਾਰ ਨਹੀਂ ਹੁੰਦਾ, ਦੁਖ ਸੁਖ ਨੂੰ ਸਮ ਕਰਕੇ ਜਾਣਦਾ ਹੈ, ਹਰੇਕ ਨੂੰ ਬਖਸ਼ਦਾ ਹੈ ਤੇ ਅਧਿਆਤਮ ਅਭਿਆਸ ਵਿਚ ਨਿਯਮਤ ਰੂਪ ਵਿਚ ਪੱਕਾ ਹੁੰਦਾ ਹੈ। ਅਧਿਆਤਮਕ ਅਭਿਆਸ ਨਾਲ ਉਹ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾਉਂਦਾ ਹੈ। ਇੰਦ੍ਰੀਆਂ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ, ਇਹ ਹੀ ਮਨ ਦੀ ਸ਼ਕਤੀ ਨੂੰ ਖੇਰੂੰ ਕਰਦੀਆਂ ਹਨ, ਇਹ ਹੀ ਮਨ ਨੂੰ ਟਿਕਣ ਨਹੀਂ ਦਿੰਦੀਆਂ। ਜਿਹੜਾ ਇੰਦ੍ਰੀਆਂ ਦੇ ਵਸ ਨਹੀਂ ਹੈ, ਉਨ੍ਹਾਂ ਤੋਂ ਪ੍ਰੇਰਤ ਨਹੀਂ ਹੁੰਦਾ, ਇਛਾਵਾਂ ਦੇ ਵਸ ਨਹੀਂ ਹੁੰਦਾ ਉਨ੍ਹਾਂ ਦੇ ਵਸ ਹੋ ਕੇ ਮੌਜ ਮੇਲੇ ਨਹੀਂ ਮਾਣਦਾ, ਜਿਹੜਾ ਆਪਣੀ ਡਿਊਟੀ ਕਰਦਾ ਹੈ, ਦ੍ਰਿੜ੍ਹ ਹੋ ਕੇ ਸਾਧਨਾ ਕਰਦਾ ਹੈ, ਆਪਣੀ ਸਾਰੀ ਕਲਾ ਕਰਮ ਪ੍ਰਭੂ ਨੂੰ ਸਮਰਪਣ ਕਰਦਾ ਹੈ, ਉਹ ਹੀ ਪ੍ਰਭੂ ਨੂੰ ਪਿਆਰਾ ਲਗਦਾ ਹੈ। ਜਿਹੜਾ ਕਿਸੇ ਨਾਲ ਦ੍ਵੈਸ਼ ਨਹੀਂ ਰਖਦਾ, ਜਿਸ ਨਾਲ ਕੋਈ ਦ੍ਵੈਸ਼ ਨਹੀਂ ਰਖਦਾ, ਜਿਸ ਨੂੰ ਸਫਲਤਾ ਅਸਫਲਤਾ ਪ੍ਰਭਾਵਤ ਨਹੀਂ ਕਰਦੀ, ਜਿਸ ਨੂੰ ਕੋਈ ਭੈ ਨਹੀਂ, ਕੋਈ ਕ੍ਰੋਧ ਨਹੀਂ, ਜਿਹੜਾ ਕੇਵਲ ਪ੍ਰਭੂ ਦਾ ਹੀ ਸ਼ਰਧਾਲੂ ਹੈ, ਆਪਣੀ ਡਿਊਟੀ ਕਰਦਾ ਹੈ, ਕਰਮ ਕਰਦਾ ਹੈ, ਹਾਨ ਲਾਭ ਦਾ ਧਿਆਨ ਹੀ ਨਹੀਂ ਕਰਦਾ ਉਹ ਹੀ ਪ੍ਰਮਾਤਮਾ ਨੂੰ ਪਿਆਰਾ ਹੈ। ਜਿਹੜਾ ਸਮਾਚਿਤਤਾ ਨੂੰ ਪ੍ਰਾਪਤ ਕਰ ਚੁੱਕਾ ਹੈ, ਮਾਨਤਾ ਤੇ ਅਪਮਾਨਤਾ ਤੋਂ ਉਪਰ ਹੈ, ਜਿਹੜਾ ਸਾਰੇ ਦ੍ਵੰਦ ਤੋਂ ਉਪਰ ਹੈ, ਜੋ ਚੁੱਪ ਰਹਿੰਦਾ ਹੈ, ਜਿਸ ਦਾ ਕੋਈ ਆਪਣਾ ਘਰ ਨਹੀਂ ਹੈ, ਜਿਸ ਦਾ ਮਨ ਕੇਵਲ ਇਕ ਉਤੇ ਰਹਿੰਦਾ ਹੈ, ਜਿਸ ਦੇ ਮਨ ਵਿਚ ਪ੍ਰਭੂ ਤੋਂ ਬਿਨਾਂ ਕੋਈ ਨਹੀਂ ਰਹਿੰਦਾ, ਉਸ ਇਕ ਉਤੇ ਜਿਸ ਨੂੰ ਅਥਾਹ ਵਿਸ਼ਵਾਸ਼ ਹੈ, ਕੇਵਲ ਪ੍ਰਮਾਤਮਾ ਨੂੰ ਹੀ ਆਪਣਾ ਰੂਪ ਜਾਣਦਾ ਹੈ, ਜੋ ਪ੍ਰਮਾਤਮਾ ਨਾਲ ਅਭੇਦ ਹੋ ਗਿਆ ਹੈ, ਉਹ ਹੀ ਵਡਭਾਗਾ ਹੈ।

ਸੰਪੂਰਨ ਹੋਣ ਲਈ ਮਨ ਵਿਚੋਂ ਸਾਰੀ ਅਪੂਰਨਤਾ ਕੱਢਣੀ ਪੈਂਦੀ ਹੈ, ਪੂਰਨ ਕਰਮ ਕਰਨੇ ਪੈਂਦੇ ਹਨ ਤੇ ਪੂਰਨ ਬੋਲ ਰੱਖਣਾ ਪੈਂਦਾ ਹੈ। 13ਵੇਂ ਤੋਂ 20ਵੇਂ ਸਲੋਕ ਤਕ ਸ਼ਰਧਾਲੂ ਦੇ ਹੇਠ ਲਿਖੇ ਗੁਣ ਦਸਦੇ ਹਨ ਜਿਹੜੇ ਉਸ ਨੂੰ ਆਤਮ ਮਾਰਗ ਤੇ ਚੱਲਣ ਲਈ ਆਵਸ਼ੱਕ ਹਨ।

1. ਘ੍ਰਿਣਾ ਸਾਰੇ ਦੁਖ ਦੀ ਜੜ੍ਹ ਹੈ, ਦੂਸਰਿਆਂ ਨਾਲ ਘ੍ਰਿਣਾ ਕਰਕੇ ਤੁਸੀਂ ਆਪਣੇ ਆਪ ਨੂੰ ਬਿਲਕੁਲ ਵਖਰਾ ਕਰ ਲੈਂਦੇ ਹੋ, ਇਸ ਕਰਕੇ ਪਿਆਰ ਕਰਨਾ ਸਿੱਖੋ, ਦੇਣਾ ਸਿੱਖੋ, ਵੰਡਣਾ ਸਿੱਖੋ।

2. ਸਭ ਦੇ ਮਿਤ੍ਰ ਬਣ ਕੇ ਰਹੋ, ਕਿਸੇ ਨਾਲ ਵੀ ਵੈਰ ਵਿਰੋਧ ਨਾ ਰੱਖੋ।

3. ਉਦਾਰਤਾ ਤੁਹਾਨੂੰ ਦਿਆਲੂ ਹੋਣਾ ਸਿਖਾਉਂਦੀ ਹੈ ਤੇ ਤੁਸੀਂ ਆਪਣੇ ਪਿਆਰ ਦਾ ਪ੍ਰਗਟਾਵਾ ਕਰ ਸਕਦੇ ਹੋ। ਇਸ ਕਰਕੇ ਸਦਾ ਉਦਾਰ ਰਹੋ, ਮਿਠਬੋਲੜੇ ਰਹੋ ਤੇ ਦੇਣਾ ਸਿੱਖੋ।



Sri Satguru Jagjit Singh Ji eLibrary NamdhariElibrary@gmail.com

4. ਮੇਰਾ ਤੇਰਾ, ਮੈਂ ਤੇ ਮੇਰਾ, ਇਹ ਮਾਇਆ ਜਾਲ ਹੈ ਤੇ ਮੋਹ ਦੇ ਸੰਗਲ ਹਨ, ਇਸ ਕਰਕੇ ਮੋਹ ਵਿਚ ਨਾ ਫਸੋ।

5. ਕੁਝ ਨਾ ਆਪਣਾ ਬਣਾ ਕੇ ਰੱਖੋ, ਘਰ ਵੀ ਆਪਣਾ ਨਹੀਂ, ਦੌਲਤ ਇਕੱਠੀ ਕਰਨੀ ਪੈਸੇ ਨਾਲ ਪਿਆਰ ਹੈ ਤੇ ਇਹ ਲੋਭ ਹੈ।

6. ਹਉਮੈ, ਹੰਕਾਰ ਮਨੁੱਖ ਨੂੰ ਜ਼ੀਰੋ ਬਣਾ ਦਿੰਦਾ ਹੈ ਹਉਮੈ ਦਾ ਪੜ੍ਹਦਾ ਮਨੁੱਖ ਨੂੰ ਸਤਿ ਨਾਲੋਂ ਦੂਰ ਕਰ ਦਿੰਦਾ ਹੈ, ਯਤਨ ਕਰਕੇ ਹਉਮੈ ਨੂੰ ਸ਼ੁਧ ਕਰਨਾ ਚਾਹੀਦਾ ਹੈ।

7. ਜਦੋਂ ਕਰਮਾਂ ਦੇ ਫਲ ਮਿਲਦੇ ਹਨ, ਸਬਰ, ਸੰਤੋਖ ਰਖਣਾ ਚਾਹੀਦਾ ਹੈ, ਇਹ ਸਭ ਤੋਂ ਵੱਡੀ ਪੂੰਜੀ ਹੈ, ਇਸ ਤੋਂ ਬਿਨਾਂ ਮਨੁੱਖ ਸਦਾ ਹੀ ਅਸੰਤੁਸ਼ਟ ਰਹਿੰਦਾ ਹੈ।

8. ਆਸ ਰੱਖਣ ਤੋਂ ਭਾਵ ਹੈ ਵਿਸ਼ੇ ਵਿਕਾਰਾਂ ਵਿਚ ਪੈਣਾ ਤੇ ਉਨ੍ਹਾਂ ਨੂੰ ਮਾਨਣਾ। ਆਸਾਂ ਪੂਰੀਆਂ ਹੋਣ, ਨਾ ਹੋਣ, ਇਨ੍ਹਾਂ ਤੇ ਨਿਰਭਰ ਹੋ ਕੇ ਮਨੁੱਖ ਆਪਣੀ ਗੌਰਵਤਾ ਗੁਆ ਬੈਠਦਾ ਹੈ, ਉਮੀਦ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

9. ਸਦਾ ਹੀ ਸਵੈ ਸੰਜਮ ਦਾ ਅਭਿਆਸ ਕਰੋ, ਇਸ ਤੋਂ ਬਿਨਾਂ ਮਨ ਤੇ ਸ਼ਕਤੀਆਂ ਨੂੰ ਇਕਾਗਰ ਨਹੀਂ ਕੀਤਾ ਜਾ ਸਕਦਾ।

10. ਸ਼ਾਂਤ ਮਨ ਹਰ ਹਾਲ ਵਿਚ ਸਥਿਰ ਰਹਿੰਦਾ ਹੈ, ਚੰਗਾ ਸਮਾਂ ਹੋਵੇ, ਮਾੜਾ ਹੋਵੇ ਜਿਸ ਦਾ ਮਨ ਸ਼ਾਂਤ ਹੈ, ਉਹ ਨਾ ਦੁਖੀ ਹੁੰਦਾ ਹੈ, ਨਾ ਭਰਮਦਾ ਹੈ।

11. ਦ੍ਰਿੜ੍ਹ ਨਿਸ਼ਚਾ ਮਨੋ ਬਲ ਦਿੰਦਾ ਹੈ, ਇੱਛਾ ਸ਼ਕਤੀ ਦਿੰਦਾ ਹੈ, ਹਰ ਪਾਸੇ ਸਫਲਤਾ ਦਿੰਦਾ ਹੈ।

12. ਦ੍ਰਿੜ੍ਹਤਾ ਉਹ ਗੁਣ ਹੈ ਜਿਸ ਨਾਲ ਨਿਰਭੈਤਾ ਤੇ ਸਵੈ ਭਰੋਸਾ ਆਉਂਦਾ ਹੈ।

13. ਮੋਹ ਤੋਂ ਮੁਕਤ ਹੋ ਕੇ ਤੁਸੀਂ ਰੂਹਾਨੀਅਤ ਦੀ ਚੋਟੀ ਤੇ ਪਹੁੰਚ ਸਕਦੇ ਹੋ, ਨਿਰਲਿਪਤ ਹੋਣ ਤੋਂ ਭਾਵ ਹੈ ਮੌਜ ਮੇਲਾ ਮਨਾਉਣ ਦੀ, ਵਿਸ਼ੇ ਵਿਕਾਰਾਂ ਵਿਚ ਪੈਣ ਦੀ ਕੋਈ ਇੱਛਾ ਨਾ ਰੱਖਣੀ।

14. ਨਖੇਧੀ ਦੇ ਭਾਵ ਤੁਹਾਨੂੰ ਬਹੁਤ ਨੀਵੇਂ ਲੈ ਜਾਂਦੇ ਹਨ, ਢਹਿੰਦੀ ਕਲਾ ਵਿਚ ਲੈ ਜਾਂਦੇ ਹਨ, ਉਨ੍ਹਾਂ ਦੀ ਥਾਂ ਚੰਗੇ ਭਾਵ ਪੈਦਾ ਕਰੋ। ਮਿਸਾਲ ਵਜੋਂ ਵਿਰੋਧ ਦੀ ਥਾਂ ਪਿਆਰ ਪੈਦਾ ਕਰੋ।

15. ਕਰਮਾਂ ਦੇ ਚੰਗੇ ਫਲ ਬਹੁਤ ਖੁਸ਼ੀ ਦਿੰਦੇ ਹਨ, ਸੁਤੰਤਰਤਾ ਤੇ ਸ਼ਾਂਤੀ ਦਿੰਦੇ ਹਨ। ਜੋ ਸਭ ਕੁਝ ਦਾ ਤਿਆਗ ਕਰਦਾ ਹੈ, ਉਹ ਹੀ ਮਨੁੱਖਤਾ ਦਾ ਪ੍ਰੇਮੀ ਹੁੰਦਾ ਹੈ।

16. ਮਨੁੱਖ ਨੂੰ ਇਕ ਦਰਸ਼ਕ ਦੀ ਤਰ੍ਹਾਂ ਇਕ ਸਿੱਧ ਪੁਰਖ ਦੀ ਤਰ੍ਹਾਂ ਰਹਿਣਾ ਚਾਹੀਦਾ ਹੈ। ਜੋ ਹੋ ਰਿਹਾ ਹੈ, ਉਸ ਦਾ ਪਾਤਰ ਨਹੀਂ ਬਣਨਾ ਚਾਹੀਦਾ।

17. ਮਨ ਨਾਲ, ਬਚਨਾਂ ਨਾਲ ਤੇ ਕਰਮਾਂ ਨਾਲ ਮਨੁੱਖ ਨੂੰ ਸ਼ੁਧ ਹੋਣਾ ਚਾਹੀਦਾ ਹੈ, ਗਲਤ ਕਰਮ ਨਹੀਂ ਕਰਨੇ ਚਾਹੀਦੇ, ਆਪਣੇ ਤੇ ਕੋਈ ਦਾਗ ਨਹੀਂ ਲਗਾਉਣਾ ਚਾਹੀਦਾ।

18. ਸਦਾ ਸਤਰਕ ਰਹਿਣਾ ਚਾਹੀਦਾ ਹੈ, ਲਾਪਰਵਾਹੀ ਇਕ ਔਕੜ ਬਣ ਸਕਦੀ ਹੈ।

19. ਫੱਲ ਦੀ ਇੱਛਾ ਰਖਣੀ ਕਰਮ ਕਰਨ ਵਿਚ ਬਾਧਕ ਬਣ ਜਾਂਦੀ ਹੈ, ਇੱਛਾ ਦਾ ਤਿਆਗ ਕਰੋ।

20. ਜਿਹੜਾ ਸਭ ਨੂੰ ਪਿਆਰ ਕਰਦਾ ਹੈ, ਉਹ ਸਭ ਤੋਂ ਪਿਆਰ ਲੈਂਦਾ ਵੀ ਹੈ, ਪ੍ਰੇਮ ਦਾ ਪ੍ਰਗਟਾਵਾ ਨਿਤਾ ਪ੍ਰਤੀ ਜੀਵਨ ਵਿਚ ਵੱਧ ਤੋਂ ਵੱਧ ਵੰਡ ਕੇ ਕਰਨਾ ਚਾਹੀਦਾ ਹੈ।

21. ਜਿਸ ਨੇ ਆਪਣਾ ਮਨ, ਬੁੱਧ ਤੇ ਚਿੱਤ ਸਮਰਪਣ ਕਰ ਦਿਤਾ ਹੈ, ਉਹ ਹੀ ਇਕ ਸੱਚਾ ਯੋਗੀ ਹੈ।

22. ਜਿਸ ਕੋਲ ਹੌਂਸਲਾ ਹੈ, ਮਨੋਬਲ ਹੈ, ਉਹ ਜੀਵਨ ਦੀ ਕੋਈ ਵੀ ਬਿਪਤਾ ਸਹਾਰ ਸਕਦਾ ਹੈ, ਉਹ ਹਰ ਹਾਲ ਵਿਚ ਸਥਿਰ ਰਹੇਗਾ।

23. ਭਰੋਸਾ ਸਭ ਤੋਂ ਵੱਡਾ ਗੁਣ ਹੈ, ਇਹ ਨਿਰੋਲ ਤਰਕ ਨਾਲ ਕੀਤਾ ਜਾਵੇ, ਕੇਵਲ ਕਹਿਣ ਤੇ ਨਹੀਂ। ਉਪਰ ਦਿਤੇ ਸਾਰੇ ਗੁਣ ਤੇ ਚਿੰਨ ਇਕ ਸੱਚੇ ਸੁੱਚੇ ਸ਼ਰਧਾਲੂ ਦੇ ਹਨ। ਧੰਨ ਹਨ, ਉਹ ਵਡਭਾਗੇ ਹਨ, ਉਹ ਜਿਹੜੇ ਮਿਹਨਤ ਕਰਕੇ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਕਰਦੇ ਹਨ।

ਇਹ ਸਾਰਾ ਅਧਿਆਇ ਭਗਤੀ ਯੋਗ, ਪਿਆਰ ਤੇ ਸ਼ਰਧਾ ਉਤੇ ਹੈ। ਬਹੁਤ ਸਾਰੇ ਜਗਿਆਸੂ ਸੋਚਦੇ ਹਨ ਇਹ ਬਹੁਤ ਸੌਖਾ ਮਾਰਗ ਹੈ ਤੇ ਭਾਵਕਤਾ ਦਾ ਮਾਰਗ ਹੈ ਪਰ ਇਹ ਨਹੀਂ ਹੈ। ਪ੍ਰੇਮ ਕਰਨਾ ਤੇ ਪ੍ਰੇਮ ਵਿਚ ਰੱਤ ਜਾਣਾ ਕੋਈ ਸੌਖਾ ਨਹੀਂ ਹੈ, ਸ਼ਰਧਾ ਦਾ ਮਾਰਗ ਓਨਾਂ ਹੀ ਔਖਾ ਹੈ ਜਿੰਨਾਂ ਗਿਆਨ ਮਾਰਗ ਤੇ ਕਰਮ ਮਾਰਗ। ਦੇਖਿਆ ਜਾਏ ਤਾਂ ਇਹ ਉਨ੍ਹਾਂ ਤੋਂ ਵੀ ਔਖਾ ਹੈ ਕਿਉਂਕਿ ਇਸ ਵਿਚ ਇਕ ਹੋ ਕੇ ਪ੍ਰਮਾਤਮਾ ਦਾ ਸ਼ਰਧਾਲੂ ਹੋਣਾ ਪੈਂਦਾ ਹੈ, ਉਸ ਨਾਲ ਇਕ ਹੋਣਾ ਪੈਂਦਾ ਹੈ, ਮਨ ਤੇ ਚਿਤ ਸ਼ੁਧ ਕਰਕੇ ਪ੍ਰਮਾਤਮਾ ਵਲ ਲਗਾਣਾ ਪੈਂਦਾ ਹੈ। ਆਪਣੀ ਹੋਂਦ ਨੂੰ ਸੁਚੇਤ ਹੋ ਕੇ ਪ੍ਰਭੂ ਵਿਚ ਲੀਨ ਹੋਣਾ ਪੈਂਦਾ ਹੈ। ਪ੍ਰੇਮਾ ਭਗਤੀ ਦਾ ਮਾਰਗ ਕੇਵਲ ਦੇਣ ਦਾ ਮਾਰਗ ਹੈ, ਦੇਣਾ, ਸਮਰਪਣ ਕਰਨਾ ਤੇ ਕੋਈ ਆਸ ਨਾ ਰੱਖਣੀ, ਇਹ ਕੇਵਲ ਭਾਵਕਤਾ ਨਹੀਂ, ਇਹ ਤਾਂ ਉਹ ਪਰਮ ਅਨੰਦ ਹੈ ਜਿਸ ਵਿਚ ਪ੍ਰੇਮ ਕਰਨ ਵਾਲਾ ਪ੍ਰੇਮੀ ਵਿਚ ਲੀਨ ਹੋ ਜਾਂਦਾ ਹੈ, ਅਭੇਦ ਹੋ ਜਾਂਦਾ ਹੈ, ਇਕ ਹੋ ਜਾਂਦਾ ਹੈ। ਇਸ ਮਾਰਗ ਤੇ ਦੋ ਤਾਂ ਹਨ ਹੀ ਨਹੀਂ, ਕੇਵਲ ਉਹ ਪ੍ਰਭੂ ਹੀ ਹੈ। ਜਿਵੇਂ ਨਦੀ ਸਾਗਰ ਵਿਚ ਜਾ ਮਿਲਦੀ ਹੈ ਤੇ ਆਪਣੀ ਹੋਂਦ ਖਤਮ ਕਰ ਦਿੰਦੀ ਹੈ। ਇਹ ਮਾਰਗ ਸ਼ਰਧਾ ਦਾ ਮਾਰਗ ਹੈ। ਵਡਭਾਗੇ ਹਨ ਜਿਹੜੇ ਉਸ ਪ੍ਰਭੂ ਦੇ ਪਿਆਰ ਵਿਚ ਰੰਗੇ ਹੋਏ ਹਨ, ਸਦਾ ਉਸ ਦੀ ਯਾਦ ਵਿਚ ਰਹਿੰਦੇ ਹਨ, ਸ੍ਵਾਸ ਸ੍ਵਾਸ ਉਸ ਦਾ ਨਾਮ ਜਪਦੇ ਹਨ। ਉਨ੍ਹਾਂ ਨੂੰ ਜਲ ਦਾ ਕੋਈ ਭੈ ਨਹੀਂ, ਚੌਰਾਸੀ ਦਾ ਕੋਈ ਭੈ ਨਹੀਂ, ਉਹ ਤਾਂ ਉਸ ਇਕ ਨਾਲ ਅਭੇਦ ਹਨ, ਇਕ ਹਨ।

ਇਹ ਬਾਰਵਾਂ ਅਧਿਆਇ ਸੀ ਜਿਸ ਵਿਚ ਸੰਪੂਰਨ ਹੋਣ ਦੇ ਗੁਣ ਦੱਸੇ ਗਏ ਹਨ।

L L L L L L



Sri Satguru Jagjit Singh Ji eLibrary NamdhariElibrary@gmail.com

# ਪ੍ਰਹਿਲਾਦ ਭਗਤ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ 62)*

ਕੋਠੀ ਨੰ: 781 ਵਿਚ ਲੱਗਿਆ ਦੀਵਾਨ - ਅਗਸਤ 1984

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ -2, 2.*
*ਤੇਰੇ ਭਰੋਸੇ ਮੈਂ ਲਾਡ ਲਡਾਇਆ -2, 2.*
*ਲਾਡ ਲਡਾਇਆ, ................. -2.*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥*
*ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥ ਪੰਨਾ - 51*

*ਧਾਰਨਾ - ਤਾ ਕੀ ਓਟ ਗਹੀਜੈ ਰੇ,*
*ਪਾਰਬ੍ਰਹਮ ਪੂਰਨ ਪ੍ਰਮੇਸ਼ਰ -2, 2.*
*ਪਾਰਬ੍ਰਹਮ ਪੂਰਨ ਪ੍ਰਮੇਸ਼ਰ - 2, 2.*
*ਤਾ ਕੀ ਓਟ ਗਹੀਜੈ ਰੇ,........2*

*ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ॥*
*ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ॥*
*ਮਨ ਕੀ ਮਤਿ ਤਿਆਗਹੁ ਹਰਿ ਜਨ*
*ਹੁਕਮੁ ਬੂਝਿ ਸੁਖੁ ਪਾਈਐ ਰੇ॥*
*ਜੋ ਪ੍ਰਭੁ ਕਰੈ ਸੋਈ ਭਲ ਮਾਨਹੁ*
*ਸੁਖਿ ਦੁਖਿ ਓਹੀ ਧਿਆਈਐ ਰੇ॥*
*ਕੋਟਿ ਪਤਿਤ ਉਧਾਰੇ ਖਿਨ ਮਹਿ*
*ਕਰਤੇ ਬਾਰ ਨ ਲਾਗੈ ਰੇ॥*
*ਦੀਨ ਦਰਦ ਦੁਖ ਭੰਜਨ ਸੁਆਮੀ*
*ਜਿਸੁ ਭਾਵੈ ਤਿਸਹਿ ਨਿਵਾਜੈ ਰੇ॥*
*ਸਭ ਕੋ ਮਾਤ ਪਿਤਾ ਪ੍ਰਤਿਪਾਲਕ*
*ਜੀਅ ਪ੍ਰਾਨ ਸੁਖ ਸਾਗਰੁ ਰੇ॥*
*ਦੇਂਦੇ ਤੋਟਿ ਨਾਹੀ ਤਿਸੁ ਕਰਤੇ*
*ਪੂਰਿ ਰਹਿਓ ਰਤਨਾਗਰੁ ਰੇ॥*
*ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ*
*ਘਟ ਘਟ ਅੰਤਰਿ ਸੋਈ ਰੇ॥*
*ਨਾਨਕੁ ਦਾਸੁ ਤਾ ਕੀ ਸਰਣਾਈ*
*ਜਾ ਤੇ ਬ੍ਰਿਥਾ ਨ ਕੋਈ ਰੇ॥ ਪੰਨਾ - 209*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਹਾਜ਼ਰ ਹੋਏ ਹੋ। ਜਿਸ ਤਰ੍ਹਾਂ ਰ ਵਾਰੀ ਹੀ ਬੇਨਤੀ ਕੀਤੀ ਜਾਂਦੀ ਹੈ ਕਿ ਸਤਿਸੰਗ ਵਿਚ ਆ ਕੇ ਕਰੋੜਾਂ ਪਾਪਾਂ ਦਾ ਨਾਸ ਹੋ ਜਾਇਆ ਕਰਦਾ ਹੈ। ਇਕ ਇਹੋ ਦਰਵਾਜਾ ਹੈ ਜਿਸ ਥਾਂ ਆ ਕੇ ਕਲਜੁਗ ਦੇ ਸੜ੍ਹਦੇ ਬਲਦੇ ਸਮੇਂ ਦੇ ਅੰਦਰ ਸੁਖ-ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਹਨ ਕਿ ਆਦਮੀ ਕਿਸੇ ਨਾ ਕਿਸੇ ਆਸਰੇ ਤੇ ਜੀਉਣਾ ਚਾਹੁੰਦਾ ਹੈ। ਜੇ ਆਦਮੀ ਦਾ ਆਸਰਾ ਖਤਮ ਹੋ ਜਾਵੇ ਤਾਂ ਉਸ ਦੀ ਜਿੰਦਗੀ ਮੌਤ ਨਾਲੋਂ ਵੀ ਬਦਤਰ ਹੋ ਜਾਇਆ ਕਰਦੀ ਹੈ। ਸੰਸਾਰ ਦੇ ਅੰਦਰ ਲੋਕਾਂ ਦੇ ਬਹੁਤ ਸਾਰੇ ਆਸਰੇ ਹਨ; ਕਿਸੇ ਨੂੰ ਰੁਪਏ ਪੈਸੇ ਦਾ ਆਸਰਾ ਹੈ, ਕਿਸੇ ਨੂੰ ਆਪਣੀ ਜ਼ਮੀਨ ਜਾਇਦਾਦ ਦਾ ਆਸਰਾ ਹੈ, ਕਿਸੇ ਦਾ ਆਸਰਾ ਉਸ ਦੇ ਭਰਾ ਹਨ, ਕਿਸੇ ਦਾ ਆਸਰਾ ਪਿੰਡ ਦੇ ਮੁਖ ਬੰਦੇ, ਲੀਡਰ ਆਦਿ ਹੁੰਦੇ ਹਨ, ਕਿਸੇ ਦਾ ਆਸਰਾ ਸਰਕਾਰ ਹੋਇਆ ਕਰਦੀ ਹੈ। ਇਸ ਤਰ੍ਹਾਂ ਆਸਰਿਆਂ ਦਾ ਕੋਈ ਹਿਸਾਬ ਨਹੀਂ ਪਰ ਸੱਚਾ ਆਸਰਾ ਉਹ ਹੁੰਦਾ ਹੈ ਜਿਹਦਾ ਸਹਾਰਾ ਇਸ ਸੰਸਾਰ ਵਿਚ ਵੀ ਹੋਵੇ ਤੇ ਜੇ ਇਥੇ ਨਾ ਹੋਈਏ ਤਾਂ ਅਗਲੀ ਦਰਗਾਹ ਵਿਚ ਵੀ ਉਹ ਆਸਰਾ ਨਾਲ ਹੋਵੇ। ਉਹ ਆਸਰਾ ਸੰਸਾਰ ਉਤੇ ਕੇਵਲ ਇਕੋ ਹੀ ਹੈ, ਵਾਹਿਗੁਰੂ ਹਰ ਥਾਂ ਤੇ ਪਰੀਪੂਰਨ ਹੈ, ਪੂਰਨ ਹੈ, ਪਾਰਬ੍ਰਹਮ ਹੈ ਅਤੇ ਪ੍ਰਮੇਸ਼ਰ ਹੈ ਕਿਉਂਕਿ ਉਸ ਨੇ ਸਾਰੇ ਖੰਡ ਤੇ ਬ੍ਰਹਿਮੰਡ ਧਾਰਨ ਕੀਤੇ ਹੋਏ ਹਨ। ਧਾਰਨ ਕਿਸ ਤਰ੍ਹਾਂ ਕੀਤੇ ਹੋਏ ਹਨ, ਉਸ ਨੇ ਆਸਰਾ ਦਿਤਾ ਹੋਇਆ ਹੈ, ਧਾਰਨ ਨੂੰ ਆਸਰਾ ਕਹਿੰਦੇ ਹਨ। ਜਿਸ ਤਰ੍ਹਾਂ ਸਿਨਮੇ ਦੀ ਰੀਲ੍ਹ ਚਲ ਰਹੀ ਹੈ ਉਸ ਦਾ ਆਸਰਾ ਸਾਮ੍ਹਣੇ ਵਾਲਾ ਪੜਦਾ ਹੋਇਆ ਕਰਦੈ, ਜੇਕਰ ਪੜਦਾ ਨਾ ਹੋਵੇ ਤਾਂ ਤਸਵੀਰਾਂ ਆਸਰਾ ਨਾ ਹੋਣ ਕਰਕੇ ਦਿਸਦੀਆਂ ਨਹੀਂ ਹਨ। ਇਸੇ ਤਰ੍ਹਾਂ ਜਿਹੜਾ ਸੰਸਾਰ ਹੈ, ਨਿਰਾਕਾਰ ਤੋਂ ਅਕਾਰ ਰੂਪ ਵਿਚ ਪ੍ਰਗਟ ਹੋਇਆ ਹੈ, ਇਸ ਦਾ ਅਧਾਰ ਵਾਹਿਗੁਰੂ ਹੈ, ਆਤਮਾ ਹੈ ਜਿਸ ਨੂੰ ਬ੍ਰਹਮ ਕਹਿੰਦੇ ਹਨ। ਉਹ ਪਾਰਬ੍ਰਹਮ ਹੈ, ਅਧੂਰਾ ਨਹੀਂ ਹੈ, ਹਰ ਥਾਂ ਤੇ ਪੂਰਨ ਹੈ। ਐਸੇ ਪ੍ਰਭੂ ਦਾ ਆਸਰਾ ਜੋ ਵੀ ਕੋਈ ਲੈ ਲੈਂਦਾ ਹੈ, ਉਸ ਨੂੰ ਹੋਰ ਕਿਸੇ ਆਸਰੇ ਦੀ ਜ਼ਰੂਰਤ ਨਹੀਂ ਰਿਹਾ ਕਰਦੀ। ਸੋ ਆਦਮੀ ਆਸਰਾ ਲੱਭਦਾ ਹੈ ਤੇ ਇਕ ਢੂੰਢਦੈ, ਦੂਜਾ ਖਤਮ ਹੋ ਜਾਂਦੈ। ਇਲੈਕਸ਼ਨ ਦੇ ਵਿਚ ਕਿਸੇ ਨੂੰ ਜਿਤਾਇਆ, ਪੰਜਾਂ ਸਾਲਾਂ ਬਾਅਦ ਉਹ ਖਤਮ ਹੋ ਗਿਆ, ਦੂਸਰੇ ਵੈਰੀ ਬਣ ਗਏ, ਇਹ ਆਸਰਾ ਟੁੱਟ ਗਿਆ। ਪੁਤਰਾਂ ਦਾ ਆਸਰਾ ਲਿਆ, ਚੋਰ ਪੈ ਗਏ, ਲੁੱਟ ਕੇ ਲੈ ਗਏ, ਪੈਸਾ ਖਤਮ ਹੋ ਗਿਆ, ਇਹ ਆਸਰਾ ਟੁੱਟ ਗਿਆ। ਮਾਇਆ ਦਾ ਆਸਰਾ ਲਿਆ, ਬੇਮੁਖ ਹੋ ਗਏ ਜਾਂ ਆਪ ਵਖਰੇ ਹੋ ਗਏ, ਪੁਛਦੇ ਨਹੀਂ ਹਨ ਤਾਂ ਇਹ ਵੀ ਆਸਰਾ ਟੁਟ ਜਾਇਆ ਕਰਦਾ



Sri Satguru Jagjit Singh Ji eLibrary NamdhariElibrary@gmail.com

ਹੈ। ਪ੍ਰਮੇਸ਼ਰ ਦਾ ਆਸਰਾ ਇਕ ਪੱਕਾ ਤੇ ਸਮਰੱਥ ਆਸਰਾ ਹੈ ਤੇ ਜੇ ਇਕ ਵਾਰੀ ਇਹਦੇ ਨਾਲ ਬਣ ਜਾਵੇ ਤਾਂ ਫੇਰ ਕਿਸੇ ਆਸਰੇ ਦੀ ਲੋੜ ਨਹੀਂ ਰਿਹਾ ਕਰਦੀ। ਉਸ ਦੀ ਹਰ ਥਾਂ ਤੇ ਰਾਖੀ ਕਰਦਾ ਹੈ ਤੇ ਸਹਾਇਤਾ ਕਰਦਾ ਹੈ। ਜਿਸ ਤਰ੍ਹਾਂ ਨਾਲ ਮਾਂ ਆਪਣੇ ਬੱਚੇ ਨੂੰ ਪਾਲਦੀ ਹੈ, ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਆਪਣੇ ਪਿਆਰੇ ਦੀ ਰਾਖੀ ਕਰਦਾ ਹੈ, ਵਾਹਿਗੁਰੂ ਜੀ ਇਹ ਕਹਿੰਦੇ ਹਨ ਕਿ ਮੈਂ ਸਾਰੇ ਸੰਸਾਰ ਨੂੰ ਦਾਤਾਂ ਦਿੰਦਾ ਹਾਂ, ਜੋ ਮੰਗਦੇ ਹਨ ਉਹ ਦਿੰਦਾ ਰਹਿੰਦਾ ਹਾਂ ਪਰ ਇਕ ਵੀ ਐਸਾ ਨਹੀਂ ਹੈ ਜਿਹੜਾ ਇਹ ਸੋਚਦਾ ਹੋਵੇ ਕਿ ਮੈਨੂੰ ਇਹ ਦਾਤਾਂ ਕੌਣ ਦਿੰਦਾ ਹੈ। ਜੋ ਵੀ ਕਿਸੇ ਦੀ ਮੰਗ ਹੁੰਦੀ ਹੈ ਮੈਂ ਦਿੰਦਾ ਰਹਿੰਦਾ ਹਾਂ, ਪੁੱਤਰ ਮੰਗਦੈ, ਪੁੱਤਰ ਦੀ ਦਾਤ ਦਿੰਦਾ ਹਾਂ, ਪੈਸੇ-ਟਕੇ ਤੋਂ ਆਦਮੀ ਦੁਖੀ ਹੈ, ਉਹ ਵੀ ਦਾਤ ਦੇ ਦਿੰਦਾ ਹਾਂ, ਕੋਈ ਜਾਇਦਾਦ ਚਾਹੁੰਦੈ, ਕਾਰਖਾਨਾ ਚਲਾਉਣਾ ਚਾਹੁੰਦੈ ਉਸ ਦੀ ਮੰਗ ਪਰਵਾਨ ਕਰਕੇ ਵੀ ਮੈਂ ਅਧਾਰ ਦੇ ਦਿੰਦਾ ਹਾਂ। ਮੇਰੀਆਂ ਦਿਤੀਆਂ ਹੋਈਆਂ ਚੀਜ਼ਾਂ ਇਸ ਨੇ ਆਪਣੀਆਂ ਬਣਾ ਲਈਆਂ ਤੇ ਮੇਰੀਆਂ ਨਹੀਂ ਸਮਝਦਾ। ਜਿਹੜਾ ਦੇਣ ਵਾਲਾ ਮੈਂ ਹਾਂ, ਮੈਨੂੰ ਪਰਾਇਆ ਸਮਝਦੈ, ਮੈਨੂੰ ਆਪਣਾ ਨਹੀਂ ਸਮਝਦਾ, ਸਗੋਂ ਕਹਿੰਦੈ ਕਿ ਮੇਰਾ ਇਹਦੇ ਨਾਲ ਕੀ ਸਬੰਧ ਹੈ? ਮਹਾਰਾਜ ਜੀ ਕਹਿੰਦੇ ਹਨ -

***ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ।।***

***ਪੰਨਾ - 1342***

ਰਾਮ ਨੂੰ ਪਰਾਇਆ ਸਮਝਦਾ ਹੈ ਤੇ ਜੋ ਦਿਤੀਆਂ ਹੋਈਆਂ ਚੀਜ਼ਾਂ ਹਨ, ਉਨ੍ਹਾਂ ਨਾਲ ਪਿਆਰ ਪਾ ਕੇ, ਮੈਥੋਂ ਬੇਮੁਖ ਹੋ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ ਜੋ ਇਸ ਦੇ ਵੈਰੀ ਹਨ ਇਨ੍ਹਾਂ ਨਾਲ ਪਿਆਰ ਪਾ ਲਿਆ।

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥*** ***ਪੰਨਾ - 267***

ਸੋ ਜਿਸ ਨੇ ਪ੍ਰਮੇਸ਼ਰ ਨੂੰ ਆਸਰਾ ਮੰਨ ਲਿਆ, ਜਿਸ ਨੇ ਵਾਹਿਗੁਰੂ ਦੇ ਉਤੇ ਭਰੋਸਾ ਰੱਖ ਲਿਆ, ਉਸ ਦੀ ਉਹ ਸਹਾਇਤਾ ਕਰਿਆ ਕਰਦਾ ਹੈ, ਹਰ ਥਾਂ ਤੇ ਉਸ ਦੀ ਰਾਖੀ ਹੁੰਦੀ ਹੈ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

ਕਹਿੰਦੇ ਹਨ ਕਿ ਹੋਰ ਤੈਨੂੰ ਕੀ ਗੱਲ ਦੱਸੀਏ, ਜਦੋਂ ਮਾਂ ਦੇ ਪੇਟ ਵਿਚ ਹੁੰਦਾ ਹੈ, ਉਥੇ ਬਾਹਰਲੇ ਪਾਸੇ ਤੋਂ ਕੋਈ ਰਾਖੀ ਨਹੀਂ ਕਰ ਸਕਦਾ, ਉਸ ਥਾਂ ਤੇ ਉਸਨੂੰ ਪ੍ਰਮਾਤਮਾ ਕਿਸ ਤਰ੍ਹਾਂ ਸੰਭਾਲ ਕੇ ਰਖਦੈ ਤੇ ਉਸ ਦੀ ਰਾਖੀ ਕਰਦਾ ਹੈ। ਐਸਾ ਪ੍ਰਭੂ, ਸਰਬ ਕਲਾ ਸਮਰੱਥ, ***'ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ' (ਪੰਨਾ - 209)*** ਉਸ ਦੀ ਓਟ ਫੜ ਲੈ, ਉਹ ਤੈਨੂੰ ਹਰ ਥਾਂ ਤੇ ਰੱਖੇਗਾ ਕਿਉਂਕਿ ਉਹ ਸਾਰੇ ਖੰਡਾਂ ਤੇ ਬ੍ਰਹਿਮੰਡਾਂ ਵਿਚ ਹਾਜ਼ਰ ਹੈ ਤੇ ਉਹ ਮਾਲਕ ਹੈ। ਉਸ ਦਾ ਆਸਰਾ ਲੈ ਲੈ ਤੇ ਉਸ ਨੂੰ ਅਧਾਰ ਬਣਾ ਲੈ। ਗੁਰੂ ਮਹਾਰਾਜ ਜੀ ਇਸੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਫੁਰਮਾਉਂਦੇ ਹਨ ਕਿ ਹਾਥੀ ਨੂੰ ਤੰਦੂਏ ਨੇ ਫੜ ਲਿਆ, ਉਸ ਵੇਲੇ ਪ੍ਰਮੇਸ਼ਰ ਦਾ ਨਾਮ ਲੈਣ ਦੇ ਨਾਲ ਉਸੇ ਵੇਲੇ ਤੰਦੂਏ ਦੇ ਫੰਧ ਕੱਟੇ ਗਏ ਤੇ ਹਾਥੀ ਛੁਟ ਗਿਆ। ਉਸ ਨੇ ਇਕੋ ਵਾਰੀ ਅਵਾਜ਼ ਦਿਤੀ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥***
***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥***
***ਪੰਨਾ - 632***

ਉਸ ਨੇ ਇਕ ਵਾਰੀ ਹੀ ਰਾਮ ਕਿਹਾ ਸੀ। ਇਕ ਪ੍ਰੇਮੀ ਨੇ ਮੈਨੂੰ ਸਵਾਲ ਕੀਤਾ ਕਿ ਜਾਨਵਰਾਂ ਨੂੰ, ਪਸ਼ੂ ਪੰਛੀਆਂ ਨੂੰ ਵੀ ਰੱਬ ਦਾ ਪਤਾ ਹੈ? ਕਿਉਂਕਿ ਇਹ ਸਮਝਦੇ ਨੇ ਕਿ ਜੋ ਕੁਝ ਸਾਨੂੰ ਹਾਸਲ ਹੈ, ਉਨ੍ਹਾਂ ਨੂੰ ਨਹੀਂ ਹੁੰਦਾ ਤੇ ਅਸੀਂ ਹੀ ਪੂਰਨ ਹਾਂ। ਬਹੁਤ ਸਾਰੇ ਜਾਨਵਰ ਤਾਂ ਬੰਦੇ ਨਾਲੋਂ ਵਧੇਰੇ ਸਿਆਣੇ ਹੁੰਦੇ ਹਨ। ਹਿਰਨ ਦਾ ਇਕ ਸਾਲ ਦਾ ਬੱਚਾ ਅਤੇ ਮਨੁੱਖ ਦਾ ਪੰਜ ਸਾਲ ਦਾ ਬੱਚਾ, ਦੋਵਾਂ ਨੂੰ ਪਾਣੀ ਵਿਚ ਸੁੱਟ ਕੇ ਦੇਖ ਲਵੋ, ਆਦਮੀ ਦੇ ਬੱਚੇ ਨੂੰ ਤੈਰਨਾ ਨਹੀਂ ਆਉਂਦਾ ਪਰੰਤੂ ਹਿਰਨ ਦਾ ਬੱਚਾ ਤੈਰ ਕੇ ਨਿਕਲ ਜਾਵੇਗਾ ਕਿਉਂਕਿ ਉਸ ਨੂੰ ਪ੍ਰਮੇਸ਼ਰ ਨੇ ਨਾਲ ਦੀ ਨਾਲ ਹੀ ਸਮਝ ਦਿਤੀ ਹੈ। ਆਦਮੀ ਗਲਤ ਚੀਜ਼ਾਂ ਖਾਵੇਗਾ, ਮਾਸ ਖਾਵੇਗਾ, ਅੰਡੇ ਖਾਵੇਗਾ ਪਰੰਤੂ ਜਾਨਵਰ ਕਦੀ ਵੀ ਗਲਤ ਚੀਜ਼ ਨਹੀਂ ਖਾਵੇਗਾ, ਮੂੰਹ ਵਿਚ ਜੇ ਗਲਤੀ ਨਾਲ ਆ ਜਾਵੇ ਬਾਹਰ ਸੁਟ ਦੇਵੇਗਾ, ਉਹਨਾਂ ਵਾਸਤੇ ਕੋਈ ਡਾਕਟਰ ਨਹੀਂ ਹੁੰਦਾ, ਡਾਕਟਰ ਉਨ੍ਹਾਂ ਜਾਨਵਰਾਂ ਵਾਸਤੇ ਹੁੰਦਾ ਹੈ ਜੋ ਮਨੁੱਖ ਦੇ ਸੰਪਰਕ ਵਿਚ ਆ ਜਾਂਦੇ ਹਨ, ਉਹ ਜਾਨਵਰ ਬਿਮਾਰ ਹੋ ਜਾਇਆ ਕਰਦੇ ਹਨ। ਜਿਹੜੇ ਜਾਨਵਰ ਆਪਣੀ ਮਰਜ਼ੀ (free will) ਨਾਲ ਖਾਂਦੇ ਪੀਂਦੇ ਹਨ ਉਹ ਕਦੀ ਬਿਮਾਰ ਨਹੀਂ ਹੋਇਆ ਕਰਦੇ ਕਿਉਂਕਿ ਉਨ੍ਹਾਂ ਨੂੰ ਕੁਦਰਤ ਨੇ ਐਸਾ ਅਨੁਭਵ (sense) ਦਿਤਾ ਹੈ ਕਿ ਉਹ ਜਾਣਦੇ ਹਨ ਕਿ ਕਿਹੜੀ ਚੀਜ਼ ਮੁਆਫਕ ਹੈ, ਕਿਹੜੀ ਨਹੀਂ ਹੈ। ਪ੍ਰਮੇਸ਼ਰ ਦਾ ਗਿਆਨ ਤਾਂ ਪ੍ਰਮੇਸ਼ਰ ਨੇ ਸਭ ਦੇ ਹਿਰਦੇ ਵਿਚ ਪਾਇਆ ਹੋਇਆ ਹੈ ਪਰ ਆਦਮੀ ਫੇਰ ਵੀ ਮੰਨਦਾ ਨਹੀਂ ਹੈ। ਇਸ ਤਰ੍ਹਾਂ ਦੀਆਂ ਬੇਅੰਤ ਮਿਸਾਲਾਂ ਹਨ।

ਇਕ ਮਿਸਾਲ ਗੁਰੂ ਮਹਾਰਾਜ ਜੀ ਦਿੰਦੇ ਹਨ ਕਿ ਇਕ ਜੰਗਲ ਦੇ ਵਿਚਾਲੇ, ਅੰਦਰ ਜਾ ਕੇ, ਇਕ ਹਿਰਨੀ ਘਾਹ ਚੁਗ ਰਹੀ ਹੈ। ਬੜਾ ਸੁਹਾਣਾ ਲਹਿ-ਲਹਿਰਾਉਂਦਾ ਘਾਹ ਹੈ, ਬੜੀ ਪ੍ਰਸੰਨ ਹੋ ਰਹੀ ਹੈ, ਚਿਤ ਦੇ ਅੰਦਰ ਬੜੀ ਪ੍ਰਸੰਨਤਾ ਹੈ ਤੇ ਆਪਣੇ ਆਪ ਵਿਚ ਮਸਤ ਹੋ ਰਹੀ ਹੈ। ਇਤਨੇ ਨੂੰ ਇਕ ਸ਼ਿਕਾਰੀ ਘਾਤ ਲਾ ਰਿਹਾ ਹੈ ਜਿਸ ਤੋਂ ਇਹ ਬਿਲਕੁਲ ਬੇਖਬਰ ਹੈ, ਉਸ ਨੇ ਇਕ ਪਾਸੇ ਜਾਲ ਲਾ ਦਿਤਾ ਤੇ ਇਕ ਪਾਸੇ ਆਪ ਖੜ੍ਹ ਗਿਆ ਤੇ ਦੂਸਰੇ ਪਾਸੇ ਕੁੱਤਾ ਖੜ੍ਹਾ ਕਰ ਦਿਤਾ ਤੇ ਤੀਸਰੇ ਪਾਸੇ ਅੱਗ ਲਾ ਦਿੱਤੀ ਤੇ ਉਸ ਨੂੰ ਚਾਰੇ ਪਾਸਿਓਂ ਘੇਰ ਲਿਆ ਤੇ ਜਦੋਂ ਅੱਗ ਲੱਗਣ ਦੀ ਆਵਾਜ਼ ਉਸ ਨੇ ਸੁਣੀ, ਉਸਨੇ ਇਕ ਦਮ ਚਾਰੇ ਪਾਸੇ ਨਜ਼ਰ ਦੌੜਾਈ ਤੇ ਹੈਰਾਨ ਹੋ ਗਈ ਕਿ ਚਾਰੇ ਪਾਸੇ ਰੋਕ ਦਿਤੇ ਗਏ ਹਨ ਤੇ ਮੇਰੇ ਬਚਣ ਲਈ ਕੋਈ ਵੀ ਰਸਤਾ ਨਹੀਂ ਰਿਹਾ ਤੇ ਸੋਚਦੀ ਹੈ ਕਿ ਜੇ ਮੈਂ ਇਸ ਪਾਸੇ ਵੱਲ ਨੂੰ ਜਾਂਦੀ ਹਾਂ ਤਾਂ ਅੱਗ ਲਗੀ ਹੋਈ ਹੈ, ਦੂਜੇ ਪਾਸੇ ਜਾਲ ਲਗਿਆ ਹੋਇਐ ਤੇ ਤੀਸਰੇ ਪਾਸੇ ਵੱਲ ਕੁੱਤਾ ਘਾਤ ਲਾ ਕੇ ਖੜ੍ਹਾ ਹੈ ਤੇ ਸਾਹਮਣੇ ਸ਼ਿਕਾਰੀ ਨਿਸ਼ਾਨਾ ਬੰਨ੍ਹ ਕੇ ਖੜ੍ਹਾ ਹੈ ਤੇ ਹੁਣ ਮੇਰੇ ਜਾਣ ਦਾ ਕੋਈ ਪਾਸਾ ਖਾਲੀ ਨਹੀਂ ਤੇ ਐਸੀ ਅਵਸਥਾ ਨੂੰ ਮਹਾਰਾਜ ਬਿਆਨ ਕਰਦੇ ਹਨ-



Sri Satguru Jagjit Singh Ji eLibrary NamdhariElibrary@gmail.com

***ਧਾਰਨਾ - ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ -2, 2.***

***ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥***

***ਪੰਨਾ - 1429***

ਜਿਸ ਤਰ੍ਹਾਂ ਬੇਵਸ ਹਾਥੀ ਆਪਣਾ ਬਲ ਹਾਰ ਕੇ ਤੰਦੂਏ ਦਾ ਫੜਿਆ ਹੋਇਆ ਪਾਣੀ ਵਿਚ ਡੁਬਣ ਲਗਿਆ ਸੀ ਤੇ ਉਸ ਦੀ ਥੋੜ੍ਹੀ ਜਿਹੀ ਸੁੰਡ ਬਾਹਰ ਰਹਿ ਗਈ ਸੀ ਤੇ ਆ ਕੇ ਪ੍ਰਭੂ ਨੇ ਸਹਾਇਤਾ ਕੀਤੀ। ਕਹਿਣ ਲੱਗੀ ਹੇ ਪ੍ਰਭੂ! ਇਸੇ ਤਰ੍ਹਾਂ ਬੇਵਸ ਹੋਈ, ਮੈਂ ਤੇਰੇ ਅੱਗੇ ਪੁਕਾਰ ਕਰਦੀ ਹਾਂ। ਜਦੋਂ ਐਸੀ ਸਥਿਤੀ ਮਨ ਦੀ ਬਣ ਜਾਵੇ ਤਾਂ ਪ੍ਰਮੇਸ਼ਰ ਤਾਂ ਕਿਧਰੇ ਦੂਰ ਨਹੀਂ ਹੈ, ਉਹ ਕੇਵਲ ਅੰਦਰ ਦੀ ਸਚਾਈ ਤੇ ਉਸ ਦੀ ਪੁਕਾਰ ਸੁਣਦਾ ਹੈ। ਉਚੀ ਪੁਕਾਰ ਕਰਨ ਵਾਲਾ ਪਿਛੇ ਰਹਿ ਜਾਇਆ ਕਰਦਾ ਹੈ ਕਿਉਂਕਿ ਉਸ ਨੇ ਧੁਰ ਅੰਦਰੋਂ ਪੁਕਾਰ ਨਹੀਂ ਕੀਤੀ ਪਰੰਤੂ ਭਾਵ ਰੂਪ ਦੇ ਅੰਦਰ ਪਰ੍ਹਾ ਬਾਣੀ ਵਿਚ ਕੀਤੀ ਪੁਕਾਰ ਤੁਰੰਤ ਸੁਣ ਲਈ ਜਾਂਦੀ ਹੈ।

***ਹਾਥੀ ਕੀ ਚਿਗਾਰ ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥***

***(ਅਕਾਲ ਉਸਤਤਿ)***

ਜਦੋਂ ਕੀੜੀ ਨੇ ਹਿਰਦੇ ਤੋਂ ਮੱਧਮ ਤੇ ਨੀਵੀਂ ਜਿਹੀ ਪੁਕਾਰ ਕੀਤੀ, ਕਿਉਂਕਿ ਕੀੜੀ ਨੂੰ ਕਦੀ ਬੋਲਦਿਆਂ ਨਹੀਂ ਦੇਖਿਆ, ਆਦਮੀ ਦੇ ਕੰਨਾਂ ਨੂੰ ਨਹੀਂ ਪਤਾ ਕਿ ਕੀੜੀ ਬੋਲਦੀ ਹੈ ਕਿ ਨਹੀਂ ਬੋਲਦੀ, ਕੋਈ ਮਸ਼ੀਨ ਹੀ ਸੁਣ ਸਕਦੀ ਹੈ ਕਿ ਇਹ ਵੀ ਗੱਲਾਂ ਕਰਦੀ ਹੈ ਕਿਉਂਕਿ ਮਾਹਰ ਕਹਿੰਦੇ ਹਨ ਕਿ ਜਾਨਵਰ ਵੀ ਆਪਸ ਵਿਚ ਗੱਲਾਂ ਕਰਦੇ ਹਨ। ਐਨੀ ਨੀਵੀਂ ਪੁਕਾਰ ਪ੍ਰਮੇਸ਼ਰ ਸੁਣ ਲੈਂਦਾ ਹੈ ਪਰੰਤੂ ਹਾਥੀ ਦੀ ਉਚੀ ਚਿੰਗਾੜ ਮਾਰੀ ਹੋਈ ਨਹੀਂ ਸੁਣਦਾ ਕਿਉਂਕਿ ਹਿਰਦੇ 'ਚੋਂ ਨਹੀਂ ਨਿਕਲੀ, ਹਿਰਦੇ ਤੋਂ ਨਿਕਲ ਜਾਵੇ, ਉਸ ਵੇਲੇ ਸੁਣ ਲੈਂਦੈ, ਉਹ ਕੋਈ ਦੂਰ ਨਹੀਂ ਹੈ, ਉਸੇ ਵੇਲੇ ਹਾਜ਼ਰ ਹੋ ਜਾਂਦਾ ਹੈ। ਐਸਾ ਸਮਾ ਦੇਖ ਕੇ ਹਿਰਨੀ ਦੇ ਅੱਗੇ ਕੋਈ ਚਾਰਾ ਨਹੀਂ ਰਿਹਾ ਤੇ ਉਸ ਨੇ ਬਿਨਾਂ ਵਕਤ ਗੁਆਏ ਇਕ ਦਮ ਹਿਰਦੇ ਤੋਂ ਪੁਕਾਰ ਕੀਤੀ ਕਿ ਹੇ ਪ੍ਰਭੂ! ਹੁਣ ਇਸ ਬਿਪਤਾ ਵਿਚ ਤੇਰੇ ਬਿਨਾਂ ਮੇਰਾ ਕੋਈ ਨਹੀਂ, ਤੂੰ ਹੀ ਮੇਰੀ ਰੱਖਿਆ ਕਰ ਸਕਦੈਂ। ਜਿਸ ਵੇਲੇ ਐਸੀ ਪੁਕਾਰ ਹਿਰਦੇ ਤੋਂ ਨਿਕਲੇ ਤਾਂ ਸਾਧ ਸੰਗਤ ਜੀ, ਉਸ ਵੇਲੇ ਵਾਹਿਗੁਰੂ ਰਾਖਾ ਹੋ ਜਾਇਆ ਕਰਦੈ, ਜਦੋਂ ਉਹ ਰਾਖਾ ਹੋ ਜਾਵੇ ਤਾਂ ਲੱਖਾਂ ਸ਼ਸ਼ਤਰ ਤੇ ਲੱਖਾਂ ਬਾਹਾਂ ਕੁਝ ਵਿਗਾੜ ਨਹੀਂ ਸਕਦੀਆਂ ਕਿਉਂਕਿ ਪ੍ਰਮੇਸ਼ਰ ਰਾਖਾ ਹੋ ਗਿਆ, ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਪਿਆਰੇ ਜੀ,***
***ਜਿਹਦਾ ਰਾਖਾ ਰਾਮ ਹੋ ਗਿਆ -2, 2.***
***ਉਹਦਾ ਵਾਲ ਵਿੰਗਾ ਨਾ ਹੋਵੇ -2, 2.***
***ਪਿਆਰੇ ਜੀ, ਜਿਹਦਾ ਰਾਖਾ ਰਾਮ ਹੋ ਗਿਆ ...-2.***

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥***

***ਪੰਨਾ - 70***

ਹਿਰਨੀ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ ਆਵਧਹ॥***
***ਅਹੋ ਜਸ ਰਖੇਣ ਗੋਪਾਲਹ ਨਾਨਕ ਰੋਮ ਨ ਛੇਦਤੇ॥***

***ਪੰਨਾ - 1354***

ਜਿਸ ਦੀ ਪ੍ਰਮੇਸ਼ਰ ਰੱਖਿਆ ਕਰੇ ਉਸ ਦਾ ਇਕ ਵਾਲ ਵੀ ਵਿੰਗਾ ਨਹੀਂ ਹੋ ਸਕਿਆ ਕਰਦਾ। ਕੁਦਰਤ ਨੇ ਐਸਾ ਕੀਤਾ ਕਿ ਹਵਾ ਉਲਟੇ ਪਾਸੇ ਦੀ ਚਲ ਪਈ ਤੇ ਜਾਲ ਨੂੰ ਅੱਗ ਲੱਗ ਗਈ। ਦੂਜੇ ਪਾਸੇ ਜਦੋਂ ਸ਼ਿਕਾਰੀ ਬੰਦੂਕ ਦਾ ਘੋੜਾ ਦੱਬਣ ਲਗਿਆ ਤਾਂ ਉਸੇ ਵੇਲੇ ਕਾਲੇ ਨਾਗ ਨੇ ਡੰਗ ਮਾਰ ਦਿਤਾ ਤੇ ਨਿਸ਼ਾਨਾ ਚੁਕ ਗਿਆ, ਡਿਗਦੇ ਡਿਗਦੇ ਗੋਲੀ ਚੱਲ ਗਈ ਤੇ ਸਿਧੀ ਜਾ ਕੇ ਕੁੱਤੇ ਦੇ ਵੱਜੀ। ਚਾਰੇ ਪਾਸੇ ਮੋਕਲੇ ਹੋ ਗਏ। ਜਿਥੇ ਆਦਮੀ ਆਪਣੀ ਤਾਕਤ ਤੇ ਮਾਣ ਕਰੇ ਕਿ ਮੈਂ ਤਕੜਾ ਹਾਂ, ਮੈਂ ਕਾਲ ਤੋਂ ਰਾਖੀ ਕਰ ਸਕਦਾ ਹਾਂ, ਮਹਾਰਾਜ ਜੀ ਕਹਿੰਦੇ ਹਨ ਕਿ ਨਹੀਂ ਪ੍ਰੇਮੀਆ, ਕਾਲ ਤੋਂ ਕੋਈ ਬਚਾਅ ਨਹੀਂ ਸਕਦਾ ਤੇ ਜੇ ਵਾਹਿਗੁਰੂ ਆਪ ਵਿਚ ਹੋ ਕੇ ਸਹਾਇਤਾ ਕਰੇ ਤਾਂ ਰਾਖੀ ਹੋ ਜਾਇਆ ਕਰਦੀ ਹੈ ਤੇ ਜੇ ਨਾ ਹੋਵੇ ਤਾਂ ਆਦਮੀ ਦਾ ਤਾਣ ਕੁਝ ਨਹੀਂ ਕਰ ਸਕਿਆ ਕਰਦਾ।

ਇਕ ਮਿਸਾਲ ਦਿੰਦੇ ਹਨ ਕਿ ਪਾਂਡਵਾਂ ਦਾ ਪੋਤਰਾ ਜਿਸ ਦਾ ਨਾਮ ਰਾਜਾ ਪਰੀਛਤ ਸੀ, ਇਸ ਦੇ ਸਮੇਂ ਦੇ ਅੰਦਰ ਕਲਜੁਗ ਪ੍ਰਵੇਸ਼ ਕਰ ਗਿਆ। ਕਲਜੁਗ ਦੀ ਨਿਸ਼ਾਨੀ ਇਹ ਹੈ ਕਿ ਇਸ ਵਿਚ ਆਦਮੀ ਦੀ ਬੁੱਧੀ ਭਰਿਸ਼ਟ ਹੋ ਜਾਂਦੀ ਹੈ ਤੇ ਜਦੋਂ ਖਿਆਲਾਤ ਬਦਲ ਜਾਣ ਤਾਂ ਸਮਝੋ ਉਸ ਵੇਲੇ ਯੁਗ ਬਦਲ ਜਾਂਦਾ ਹੈ। ਜਦੋਂ ਉਸ ਵੇਲੇ ਘੋਰ ਪਾਪ ਹੋਣ ਲੱਗ ਜਾਣਗੇ ਇਸ ਪਾਪ ਵਾਲੇ ਯੁਗ ਦਾ ਉਸ ਵੇਲੇ ਅੰਤ ਹੋ ਜਾਣੈ ਤਾਂ ਕਿਸੇ ਦਾ ਵੀ ਅੰਤ ਉਸ ਵੇਲੇ ਆਉਂਦਾ ਹੈ ਜਦੋਂ ਉਹ ਪਾਪ ਵਿਚ ਪਰਵਿਰਤ ਹੋ ਜਾਵੇ। ਕਈ ਪ੍ਰੇਮੀ ਸਵਾਲ ਕਰਦੇ ਹਨ ਕਿ ਜੀ ਫਲਾਣੇ ਬੰਦੇ ਨੇ ਇਹ ਪਾਪ ਕੀਤਾ ਹੈ ਉਸ ਨੂੰ ਤਾਂ ਕੁਝ ਨਹੀਂ ਹੋਇਆ। ਅਜੇਹਾ ਇਸ ਕਰਕੇ ਹੈ ਕਿ ਅਜੇ ਉਸ ਦੇ ਪੁੰਨ ਬਾਕੀ ਹਨ ਤੇ ਪਾਪਾਂ ਦਾ ਜਹਾਜ਼ ਅਜੇ ਭਰਿਆ ਨਹੀਂ। ਜਦੋਂ ਪਾਪਾਂ ਨਾਲ ਭਰ ਜਾਂਦੈ ਤਾਂ ਫਿਰ ਡੁੱਬ ਜਾਇਆ ਕਰਦਾ ਹੈ। ਸੋ ਕਲਜੁਗ ਆਉਣ ਦੇ ਨਾਲ ਖਿਆਲਾਤ ਬਦਲੇ, ਸਤਿ ਧਰਮ ਜਾਂਦਾ ਰਿਹਾ, ਮਨ 'ਚੋਂ ਸ਼ਾਂਤੀ ਜਾਣੀ ਸ਼ੁਰੂ ਹੋ ਗਈ, ਧਰਮ ਤੋਂ ਵਿਪਰੀਤ ਹੋ ਗਿਆ, ਮਨ ਧਰਮ ਕਮਾਉਣ ਵਾਲੇ ਪਾਸੇ ਲੱਗਦਾ ਨਹੀਂ, ਨਾਮ ਜਪਣ ਨੂੰ, ਬੰਦਗੀ ਕਰਨ ਨੂੰ, ਤੀਰਥ ਯਾਤਰਾ ਕਰਨ ਨੂੰ, ਸੇਵਾ ਕਰਨ ਤੋਂ ਮਨ ਮੁਨਕਰ ਹੁੰਦਾ ਜਾ ਰਿਹੈ ਕਿਉਂਕਿ ਯੁਗ ਬਦਲ ਗਿਆ। ਉਸ ਵੇਲੇ ਇਸ (ਭਗੀਰਥ) ਨੂੰ ਕਲਯੁਗ ਮਿਲਿਆ, ਇਸ ਨੇ ਕਿਹਾ ਤੂੰ ਮੇਰੇ ਰਾਜ ਵਿਚ ਨਾ ਆਵੀਂ, ਕਲਯੁਗ ਕਹਿਣ ਲਗਿਆ ਫੇਰ ਮੈਂ ਕਿਥੇ ਰਹਾਂ? ਕਿਉਂਕਿ ਮੇਰਾ ਤਾਂ ਹੋਰ ਕੋਈ ਥਾਂ ਹੀ ਨਹੀਂ ਹੈ, ਮੈਂ ਤਾਂ ਇਥੇ ਹੀ ਰਹਾਂਗਾ ਕਿਉਂਕਿ ਮੈਂ ਇਸ ਯੁਗ ਦਾ ਰਾਜਾ ਹਾਂ, ਇਸ ਕਰਕੇ ਮੈਨੂੰ ਇਥੇ ਹੀ ਥਾਂ ਦੇਵੋ ਤੇ ਕਿਸੇ ਧਾਤ ਵਿਚ ਰਹਿਣ ਦੀ ਆਗਿਆ ਦੇਵੋ। ਪਰੀਛਤ ਕਹਿਣ ਲੱਗਿਆ, ਠੀਕ ਹੈ ਤੂੰ ਸੋਨੇ ਵਿਚ ਰਹਿ ਲਿਆ ਕਰ ਤੇ ਉਹ ਸੋਨੇ ਵਿਚ ਰਹਿਣ ਲੱਗ ਪਿਆ। ਇਕ ਦਿਨ ਉਸ ਨੇ (ਪ੍ਰੀਛਤ) ਸੋਨੇ ਦਾ ਮੁਕਟ



Sri Satguru Jagjit Singh Ji eLibrary NamdhariElibrary@gmail.com

ਪਹਿਨ ਲਿਆ ਤੇ ਸ਼ਿਕਾਰ ਨੂੰ ਚਲ ਪਿਆ। ਸੋਨੇ ਵਿਚ ਕਲਜੁਗ ਦਾ ਵਾਸਾ ਹੋਣ ਕਰਕੇ ਖਿਆਲਾਤ ਬਦਲ ਗਏ ਸ਼ਿਕਾਰ ਨੂੰ ਜਾਂਦੇ ਜਾਂਦੇ ਇਕ ਹਿਰਨ ਦੇ ਪਿਛੇ ਘੋੜਾ ਲਾ ਦਿਤਾ, ਹਿਰਨ ਤਾਂ ਉਹਲੇ ਹੋ ਗਿਆ, ਦੇਖਿਆ ਕਿ ਅੱਗੇ ਇਕ ਮਹਾਤਮਾ ਸਮਾਧੀ ਵਿਚ ਲੀਨ ਹੋਏ ਅਫੁਰ ਅਵਸਥਾ 'ਚ ਬੈਠੇ ਹਨ ਤੇ ਉਹਨਾਂ ਨੂੰ ਆਪਣੇ ਆਪ ਦਾ ਕੋਈ ਪਤਾ ਨਹੀਂ। ਕੋਲ ਜਾ ਕੇ ਆਵਾਜ਼ ਮਾਰੀ ਕਿ ਰਿਸ਼ੀ ਜੀ! ਤੁਸੀਂ ਇਧਰ ਨੂੰ ਕੋਈ ਹਿਰਨ ਜਾਂਦਾ ਦੇਖਿਆ ਹੈ? ਪਰ ਉਹ ਬੋਲੇ ਨਹੀਂ। ਦੋ ਤਿੰਨ ਵੇਰਾਂ ਆਵਾਜ਼ਾਂ ਮਾਰੀਆਂ ਫੇਰ ਵੀ ਨਹੀਂ ਬੋਲਦੇ, ਉਸ ਦੇ ਮਨ ਵਿਚ ਕਲਯੁਗ ਦਾ ਵਾਸਾ ਹੋ ਗਿਆ ਸੀ। ਮਹਾਂਪੁਰਸ਼ਾਂ ਦਾ ਸਤਿਕਾਰ ਕਰਨ ਦੀ ਥਾਂ ਸਗੋਂ ਉਸਦਾ ਮਨ ਕ੍ਰੋਧਤ ਹੋ ਗਿਆ। ਮਨ ਵਿਚ ਸੋਚਿਆ ਕੋਈ ਪਾਖੰਡੀ ਹੈ, ਬੁਲਾਇਆਂ ਵੀ ਬੋਲਦਾ ਨਹੀਂ ਹੈ ਤੇ ਨੇੜੇ ਹੀ ਇਕ ਮਰਿਆ ਹੋਇਆ ਸੱਪ ਪਿਆ ਸੀ ਅਤੇ ਆਪਣੀ ਕਮਾਨ ਦੇ ਕੁੰਦੇ ਨਾਲ ਚੁਕ ਕੇ ਇਸ ਦੇ ਗਲ ਵਿਚ ਪਾ ਦਿਤਾ ਤੇ ਆਪ ਤੁਰ ਗਿਆ। ਮਹਿਲਾਂ ਵਿਚ ਪਹੁੰਚ ਕੇ ਜਿਸ ਵੇਲੇ ਮੁਕਟ ਉਤਾਰਿਆ, ਉਸੇ ਵੇਲੇ ਪਤਾ ਲੱਗ ਗਿਆ ਕਿ ਮੈਂ ਤਾਂ ਬੜਾ ਉਗਰ ਪਾਪ ਕਰ ਦਿਤਾ ਕਿਉਂਕਿ ਸੰਤਾਂ ਨਾਲ ਜੋ ਵੈਰ ਕਰਦਾ ਹੈ, ਗੁਸਤਾਖੀ ਕਰਦਾ ਹੈ, ਉਹ ਸੁਖੀ ਨਹੀਂ ਹੋਇਆ ਕਰਦਾ ਸਗੋਂ ਉਹ ਦੁਖਾਂ ਨੂੰ ਆਵਾਜ਼ ਮਾਰ ਰਿਹਾ ਹੁੰਦਾ ਹੈ। ਜਿਸ ਵਕਤ ਕੋਈ ਬੰਦਗੀ ਕਰਨ ਵਾਲਿਆਂ ਨਾਲ ਅਕਾਰਨ ਵੈਰ ਕਰਨਾ ਸ਼ੁਰੂ ਕਰ ਦੇਵੇ ਉਹ ਦੁਖੀ ਹੋ ਜਾਇਆ ਕਰਦਾ ਹੈ।

ਸੋ ਇਸੇ ਤਰ੍ਹਾਂ ਹੋਇਆ, ਜਦੋਂ ਇਸ ਮਹਾਤਮਾ ਦਾ ਸ਼ਿਸ਼ ਜਿਸ ਦਾ ਨਾਮ ਸ਼੍ਰਿੰਗੀ ਰਿਸ਼ੀ ਸੀ, ਉਸ ਨੇ ਦੇਖਿਆ ਕਿ ਮੇਰੇ ਗੁਰੂਦੇਵ ਦੇ ਗਲ ਵਿਚ ਮਰੇ ਹੋਏ ਸੱਪ ਦਾ ਹਾਰ ਪਿਆ ਹੋਇਐ, ਉਸ ਵੇਲੇ ਕ੍ਰੋਧਿਤ ਹੋ ਗਿਆ ਤੇ ਸਰਾਪ ਵਾਲਾ ਬਚਨ ਕਰ ਦਿਤਾ ਕਿ ਜਿਸ ਕਿਸੇ ਨੇ ਵੀ ਇਹ ਮਰਿਆ ਹੋਇਆ ਸੱਪ ਮੇਰੇ ਗੁਰੂਦੇਵ ਦੇ ਗਲ ਵਿਚ ਪਾਇਆ ਹੈ, ਅੱਜ ਤੋਂ ਸੱਤਵੇਂ ਨੂੰ ਸੱਪ ਡੰਗਣ ਨਾਲ ਉਸ ਦੀ ਮੌਤ ਹੋ ਜਾਵੇਗੀ। ਜਦੋਂ ਮਹਾਤਮਾ ਨੇ ਨੇਤਰ ਖੋਲ੍ਹੇ ਤਾਂ ਕ੍ਰੋਧ ਦਾ ਕਾਰਨ ਪੁਛਿਆ ਤਾਂ ਉਸਨੇ ਸਾਰੀ ਸਰਾਪ ਦੇਣ ਵਾਲੀ ਵਾਰਤਾ ਦੱਸ ਦਿਤੀ। ਉਨ੍ਹਾਂ ਨੇ ਨੇਤਰ ਬੰਦ ਕਰਕੇ ਦੇਖ ਲਿਆ, ਕਹਿਣ ਲੱਗੇ ਬਹੁਤ ਮਾੜਾ ਹੋਇਆ, ਇਹ ਤਾਂ ਰਾਜਾ ਪਰੀਛਤ ਸੀ ਤੇ ਬਹੁਤ ਨੇਕ ਤੇ ਪਰਜਾਪਾਲਕ ਹੈ, ਇਹ ਉਸਨੇ ਜਾਣ ਬੁਝ ਕੇ ਨਹੀਂ ਕੀਤਾ ਪਰ ਉਸ ਦੇ ਮੁਕਟ ਵਿਚ ਕਲਜੁਗ ਬੈਠਾ ਸੀ, ਇਸ ਕਰਕੇ ਉਸ ਦੀ ਬੁੱਧੀ ਭ੍ਰਿਸ਼ਟ ਹੋ ਕੇ ਹੰਕਾਰ ਆ ਗਿਆ ਸੀ। ਜਾਉ ਹੁਣ ਜਾ ਕੇ ਉਸ ਨੂੰ ਖਬਰ ਕਰ ਦਿਓ ਕਿ ਆਪਣੇ ਆਤਮ ਕਲਿਆਣ ਵਾਸਤੇ ਸੁਕਦੇਵ ਮੁਨੀ ਜੀ ਤੋਂ ਭਗਵਤ ਗੀਤਾ ਦਾ ਪਾਠ ਸਰਵਣ ਕਰੇ ਕਿਉਂਕਿ ਸੱਤਵੇਂ ਨੂੰ ਉਸ ਦਾ ਕਾਲ ਆ ਜਾਵੇਗਾ। ਸੋ ਇਸੇ ਤਰ੍ਹਾਂ ਹੋਇਆ ਜਿਸ ਵੇਲੇ ਸਤਵੇਂ ਦਿਨ ਕਥਾ ਦਾ ਭੋਗ ਪਿਆ, ਫੁਲ ਭੇਟ ਕਰਨ ਲਈ ਟੋਕਰੀ ਵਿਚ ਲਿਆਂਦੇ ਗਏ ਤੇ ਜਦੋਂ ਫੁਲਾਂ ਦਾ ਹਾਰ ਚੁਕ ਕੇ ਮੱਥੇ ਨਾਲ ਨਮਸ਼ਕਾਰ ਕਰਕੇ ਲਾਇਆ ਤਾਂ ਤਕਸ਼ਕ ਨਾਗ ਕੀੜੀ ਦਾ ਰੂਪ ਧਾਰ ਕੇ ਫੁਲਾਂ ਵਿਚ ਬੈਠਿਆ ਹੋਇਆ ਸੀ। ਮੱਥੇ ਤੇ ਲਾਉਂਦੀ ਸਾਰ ਹੀ ਡੰਗ ਮਾਰਿਆ ਤੇ ਪਰੀਛਤ ਨੇ ਉਥੇ ਹੀ ਪ੍ਰਾਨ ਤਿਆਗ ਦਿਤੇ। ਸੋ ਇਹ ਕਲਜੁਗ ਦਾ ਵਰਤਾਰਾ ਸੀ ਕਿ ਜਿਸ ਰਾਜੇ ਨੇ ਉਸ ਨੂੰ ਸੋਨੇ ਵਿਚ ਰਹਿਣ ਦੀ ਆਗਿਆ ਦਿਤੀ ਉਹ ਹੀ ਉਸੇ ਦਾ ਕਾਲ ਬਣ ਗਿਆ। ਪਰ ਦੂਸਰੇ ਪਾਸੇ ਇਸ ਯੁਗ ਦੀ ਵਿਸ਼ੇਸ਼ਤਾ ਵੀ ਬਹੁਤ ਵੱਡੀ ਹੈ। ਇਸ ਵਿਚ ਨਾਮ ਜਪਣ ਦਾ, ਸਤਸੰਗ ਕਰਨ ਦਾ ਫਲ ਵੀ ਬਹੁਤ ਵੱਡਾ ਹੈ। ਸਤਿਜੁਗ ਵਿਚ ਦਸ ਹਜ਼ਾਰ ਸਾਲ, ਤ੍ਰੇਤੇ ਯੁਗ ਦੀ ਇਕ ਹਜ਼ਾਰ ਸਾਲ ਤੇ ਦੁਆਪਰ ਯੁਗ ਦੀ ਸੌ ਸਾਲ ਦੀ ਤਪਸਿਆ ਦਾ ਫਲ ਕਲਜੁਗ ਵਿਚ ਇਕ ਮਨ ਇਕ ਚਿਤ ਕਰਕੇ ਕੀਤੇ ਗਏ ਇਕ ਘੜੀ ਦੇ ਸਤਸੰਗ ਦੇ ਬਰਾਬਰ ਹੈ ਇਸ ਲਈ ਇਸ ਵਿਚ ਬਹੁਤ ਵੱਡੀ ਰਿਆਇਤ (concession) ਹੈ। ਪਰੰਤੂ ਕਲਜੁਗ ਵਿਚ ਮਾਇਆ ਦਾ ਅੰਧਕਾਰ ਹੋਣ ਕਰਕੇ ਕੁਝ ਦਿਖਾਈ ਨਹੀਂ ਦਿੰਦਾ। ਮਾਇਆ ਦੀਆਂ ਭੁਲ-ਭੁਲਾਈਆਂ ਵਿਚ ਆਦਮੀ ਨਾਸਤਕ ਬਣਦਾ ਜਾ ਰਿਹਾ ਹੈ। ਅਨੇਕ ਤਰ੍ਹਾਂ ਦੇ ਨਾਸਤਿਕ ਲਿਟਰੇਚਰ ਦਾ ਪ੍ਰਚਾਰ ਹੋ ਰਿਹਾ ਹੈ ਕਿ ਰਬ ਤਾਂ ਕੋਈ ਚੀਜ਼ ਹੀ ਨਹੀਂ ਹੈ, ਇਹ ਤਾਂ ਆਦਮੀ ਨੂੰ ਡਰਾਉਣ ਵਾਸਤੇ ਕਿਹਾ ਜਾਂਦੈ ਕਿ ਇਹ ਗਲਤ ਕੰਮ ਨਾ ਕਰੇ ਤੇ ਹੁਣ ਤਾਂ ਸਾਇੰਸ ਨੇ ਤਰੱਕੀ ਕਰ ਲਈ ਹੈ ਤੇ ਮਨੁੱਖ ਚੰਦਰਮਾਂ ਤੋਂ ਉਪਰਲੇ ਗ੍ਰਿਹਾਂ ਵਿਚ ਪਹੁੰਚ ਰਿਹੈ ਤਾਂ ਉਥੋਂ ਦੀ ਖੋਜ ਕਰ ਰਿਹਾ ਹੈ। ਨਾਮ ਤਾਂ ਇਕ ਵਾਧੂ ਦੀ ਚੀਜ਼ ਹੈ ਤੇ ਨਾ ਹੀ ਮਾੜੇ ਚੰਗੇ ਕਰਮ ਕਰਨ ਨਾਲ ਕੋਈ ਫਸਦਾ ਹੈ। ਬਸ ਜੋ ਕੁਝ ਹੈ, ਇਥੇ ਹੀ ਹੈ। ਇਸ ਜਨਮ ਵਿਚ ਜੋ ਮਨੁੱਖ ਕਰ ਸਕਦਾ ਹੈ ਕਰ ਲਵੇ, ਪਾਪ-ਪੁੰਨ ਦਾ ਕੋਈ ਲੇਪ ਨਹੀਂ ਹੈ। ਇਸ ਤਰ੍ਹਾਂ ਦੇ ਨਾਸਤਕ ਵਿਚਾਰ ਤੇ ਅੰਨ੍ਹੇ ਖੂਹ ਵਿਚ ਸੁੱਟਣ ਵਾਲੇ ਲਿਟਰੇਚਰ ਨੇ ਮਨੁੱਖ ਨੂੰ ਨਾਸਤਿਕ ਬਣਾ ਦਿਤਾ ਹੈ। ਕਹਿੰਦੇ ਹਨ ਕਿ ਕੋਈ ਰੱਬ ਨਹੀਂ ਹੈ ਐਵੇਂ ਬਾਤਚੀਤ ਹੈ, ਆਦਮੀ ਹੀ ਸਭ ਕੁਝ ਕਰ ਸਕਦਾ ਹੈ, ਆਦਮੀ ਦੇ ਵਿਚੇ ਹੀ ਸਭ ਕੁਝ ਹੈ, ਆਦਮੀ ਇਕ ਮਸ਼ੀਨ ਹੈ। ਮਾਇਆ ਦਾ ਹੀ ਇਹ ਹਿੱਸਾ ਹੈ ਤੇ ਕੋਈ ਵੀ ਚੇਤਨ ਸ਼ਕਤੀ ਅੰਦਰੋਂ ਸੁਚੇਤ ਕਰਨ ਵਾਲੀ ਨਹੀਂ ਹੈ। ਸੋ ਐਸਾ ਸੋਚ ਕੇ ਬਹੁਤ ਸਾਰੇ ਲੋਕਾਂ ਨੇ ਆਪਣੇ ਆਪ ਨੂੰ ਪ੍ਰਮੇਸ਼ਰ ਦੀ ਭਗਤੀ ਤੋਂ ਬੇਮੁਖ ਕਰ ਦਿਤਾ ਹੈ, ਮਹਾਰਾਜ ਜੀ ਕਹਿੰਦੇ ਹਨ ਕਿ ਐਸੇ ਲੋਕਾਂ ਦਾ ਕੀ ਕਰੀਏ।

***ਐਸੇ ਲੋਗਨ ਸਿਉ ਕਿਆ ਕਹੀਐ॥***
***ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥***
***ਪੰਨਾ - 332***

ਭਾਈ, ਜੋ ਲੋਕ ਪ੍ਰਮੇਸ਼ਰ ਦੀ ਭਗਤੀ ਤੋਂ ਹੀਣੇ ਹੋ ਗਏ ਉਨ੍ਹਾਂ ਦਾ ਕੀ ਕਰੀਏ, ਉਨ੍ਹਾਂ ਦੇ ਨੇੜੇ ਨਾ ਜਾਇਓ ਕਿਉਂਕਿ ਉਹਨਾਂ ਦੇ ਬਚਨ ਵਿਹੁ ਦੇ ਟੀਕੇ ਹਨ ਜਿਸ ਦੇ ਲੱਗ ਗਿਆ ਉਹ ਨਾਸਤਕ ਹੋ ਜਾਏਗਾ। ਆਦਮੀ ਤਾਂ ਬੜੀ ਮੁਸ਼ਕਲ ਦੇ ਨਾਲ ਮੰਨਦੈ ਕਿਉਂਕਿ ਬੜੀਆਂ ਦਲੀਲਾਂ ਹਨ ਜਿਸ ਦੇ ਨਾਲ ਉਹ ਕਹਿੰਦੈ ਕਿ ਜੀ ਇਸ ਤਰ੍ਹਾਂ ਕਿਉਂ ਨਹੀਂ ਹੋਇਆ, ਉਸ ਦੀ ਰੱਖਿਆ ਕਿਉਂ ਨਾ ਹੋਈ, ਉਸ ਦੇ ਵਿਚ ਆਦਮੀ ਨੂੰ ਤਜਰਬਾ ਨਾ ਹੋਣ ਕਰਕੇ ਨਾਸਤਿਕ ਬਿਰਤੀ ਆ ਜਾਇਆ ਕਰਦੀ ਹੈ।

ਸੋ ਹਰਨਾਕਸ਼ ਨੇ ਆਪਣੇ ਰਾਜ ਵਿਚ ਇਸੇ ਤਰ੍ਹਾਂ ਕੀਤਾ। ਐਲਾਨ ਕਰ ਦਿਤਾ ਕਿ ਰੱਬ ਕੋਈ ਨਹੀਂ ਹੈ। ਆਦਮੀ ਹੀ ਰੱਬ ਹੈ। ਜਿਹੜਾ ਸ਼ਕਤੀਸ਼ਾਲੀ ਹੈ, ਆਪਣੀ ਅਕਲ ਨਾਲ ਸਭ ਕੁਝ


Sri Satguru Jagjit Singh Ji eLibrary NamdhariElibrary@gmail.com

ਕਰ ਸਕਦਾ ਹੈ, ਤੁਸੀਂ ਸਾਰੇ ਮੈਨੂੰ ਹੀ ਮੰਨੋ ਕਿਉਂਕਿ ਮੈਂ ਹੀ ਸ਼ਕਤੀਸ਼ਾਲੀ ਰਾਜਾ ਹਾਂ, ਭਗਵਾਨ ਦੀ ਪੂਜਾ ਕਰਨ ਦੀ ਕੋਈ ਲੋੜ ਨਹੀਂ ਹੈ, ਮੈਂ ਸਭ ਕੁਝ ਪੈਦਾ ਕਰ ਸਕਦਾ ਹਾਂ। ਜੋ ਮੰਗਣਾ ਹੈ ਮੈਥੋਂ ਮੰਗੋ, ਮੈਂ ਸਾਰੇ ਪਦਾਰਥ ਦੇ ਸਕਦਾ ਹਾਂ, ਮੇਰੇ ਪਾਸ ਸਭ ਕੁਝ ਹੈ। ਉਸਨੇ ਐਸਾ ਹੀ ਹੁਕਮ ਦੇ ਕੇ ਸਕੂਲਾਂ ਦੇ ਵਿਚ ਕੋਰਸ ਬਦਲ ਦਿਤੇ ਤਾਂ ਕਿ ਕੋਈ ਆਸਤਿਕ ਨਾ ਹੋ ਜਾਵੇ ਤੇ ਬੱਚਿਆਂ ਤੇ ਉਲਟਾ ਅਸਰ ਨਾ ਪੈ ਜਾਵੇ। ਇਧਰਲੇ ਪਾਸੇ ਉਸ ਦਾ ਆਪਣਾ ਪੁੱਤਰ ਪ੍ਰਹਿਲਾਦ ਵੀ ਪੜ੍ਹਨ ਦੇ ਕਾਬਲ ਹੋ ਗਿਆ। ਉਸ ਨੇ ਵੀ ਆਪਣੇ ਪਿਤਾ ਦੇ ਬਚਨਾਂ ਨੂੰ ਸੁਣਿਆ ਕਿ ਐਸਾ ਹੁਕਮ ਦਿਤਾ ਹੈ। ਇਕ ਵਾਰੀ ਪ੍ਰਹਿਲਾਦ ਬੱਘੀ ਵਿਚ ਬੈਠਾ ਜਾ ਰਿਹਾ ਹੈ ਤੇ ਇਕ ਝੌਂਪੜੀ ਵਿਚੋਂ ਆਵਾਜ਼ ਆ ਰਹੀ ਹੈ ਕਿ ਹੇ ਪ੍ਰਭੂ! ਹੇ ਰਾਮ! ਹੇ ਰਾਮ! ਹੇ ਗੋਬਿੰਦ! ਹੇ ਗੋਬਿੰਦ! ਐਸ ਵੇਲੇ ਤੇਰੇ ਤੋਂ ਬਿਨਾਂ ਕੋਈ ਸਹਾਇਤਾ ਨਹੀਂ ਕਰ ਸਕਦਾ, ਕੇਵਲ ਤੂੰ ਹੀ ਰੱਖਿਆ ਕਰ ਸਕਦੈਂ। ਇਸ ਤਰ੍ਹਾਂ ਦੇ ਬਚਨ ਸੁਣ ਉਥੇ ਰੁਕ ਗਿਆ ਤੇ ਰਥਵਾਨ ਨੂੰ ਕਹਿਣ ਲੱਗਿਆ ਕਿ ਸਵਾਰੀ ਰੋਕੋ, ਰਥ ਰੁਕ ਗਈ, ਹੇਠਾਂ ਉਤਰਿਆ ਤੇ ਉਸ ਝੌਂਪੜੀ ਦੇ ਅੰਦਰ ਚਲਾ ਗਿਆ ਤੇ ਪੁਛਣ ਲੱਗਿਆ ਕਿ ਤੁਸੀਂ ਮੇਰੇ ਪਿਤਾ ਦੀ ਆਗਿਆ ਦਾ ਉਲੰਘਣ ਕਿਸ ਆਸਰੇ ਤੇ ਕਰ ਰਹੇ ਹੋ? ਕਹਿਣ ਲੱਗੇ ਰਾਜ ਕੁਮਾਰ! ਐਸੀ ਸਥਿਤੀ ਪੈਦਾ ਹੋ ਗਈ ਹੈ ਕਿ ਹੁਣ ਪ੍ਰਮੇਸ਼ਰ ਤੋਂ ਬਗੈਰ ਕੋਈ ਸਹਾਇਤਾ ਕਰਨ ਵਾਲਾ ਨਹੀਂ ਹੈ। ਪ੍ਰਹਿਲਾਦ ਕਹਿਣ ਲੱਗਿਆ ਐਸੀ ਕਿਹੜੀ ਬਾਤ ਹੈ ਕਿ ਜਿਸ ਵਿਚ ਮੇਰਾ ਪਿਤਾ ਸਹਾਇਤਾ ਨਹੀਂ ਕਰ ਸਕਦਾ। ਕਹਿਣ ਲੱਗੇ ਅਸੀਂ ਮਿਟੀ ਦੇ ਭਾਂਡੇ ਬਣਾਉਂਦੇ ਹਾਂ, ਬਰਤਨ ਬਣਾ ਕੇ ਅਸੀਂ ਆਵੇ ਵਿਚ ਪਾ ਦਿਤੇ ਹਨ ਅੱਗ ਲਾ ਦਿਤੀ ਹੈ ਤਾਂ ਕਿ ਬਰਤਨ ਪੱਕ ਜਾਣ। ਤੁਸੀਂ ਧਿਆਨ ਨਾਲ ਸੁਣੋ ਕਿ ਹੇਠਾਂ ਮਿਆਉ-ਮਿਆਉ ਦੀ ਆਵਾਜ਼ ਆ ਰਹੀ ਹੈ। ਪ੍ਰਹਿਲਾਦ ਨੇ ਪੁਛਿਆ ਇਹ ਕਿਸ ਤਰ੍ਹਾਂ ਅੰਦਰ ਰਹਿ ਗਏ। ਉਹਨਾਂ ਨੇ ਦੱਸਿਆ ਕਿ ਇਹ ਬਿਲੀ ਦੇ ਬੱਚੇ ਬਰਤਨ ਵਿਚ ਚਲੇ ਗਏ ਤੇ ਸਾਨੂੰ ਪਤਾ ਨਹੀਂ ਲੱਗਿਆ ਤੇ ਹੁਣ ਇਨ੍ਹਾਂ ਨੂੰ ਕੱਢਿਆ ਨਹੀਂ ਜਾ ਸਕਦਾ, ਇਸ ਕਰਕੇ ਅਸੀਂ ਪ੍ਰਭੂ ਅੱਗੇ ਪ੍ਰਾਰਥਨਾ ਕਰ ਰਹੇ ਹਾਂ ਕਿ ਹੇ ਪ੍ਰਭੂ! ਇਨ੍ਹਾਂ ਦੀ ਰੱਖਿਆ ਆਪ ਕਰੋ। ਹੁਣ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ। ਪ੍ਰਹਿਲਾਦ ਕਹਿਣ ਲੱਗਿਆ ਤੁਹਾਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਪ੍ਰਚੰਡ ਅਗਨੀ ਵਿਚੋਂ ਇਨ੍ਹਾਂ ਦੀ ਰੱਖਿਆ ਹੋ ਜਾਵੇਗੀ। ਕਹਿਣ ਲੱਗਾ ਰਾਜ ਕੁਮਾਰ ਜੀ, ਮੌਤ ਤੇ ਜੀਵਨ ਦੀ ਕੁੰਜੀ ਪ੍ਰਭੂ ਦੇ ਹੱਥ ਹੈ, ਉਹ ਤਾਂ ਮਰੇ ਹੋਏ ਨੂੰ ਵੀ ਜਿਵਾ ਸਕਦਾ ਹੈ।

***ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪੰਨਾ - 277***

ਪ੍ਰਹਿਲਾਦ ਕਹਿਣ ਲੱਗਿਆ ਕਿ ਜਿਸ ਦਿਨ ਤੁਸੀਂ ਇਹ ਆਵਾ ਖੋਲ੍ਹੋਗੇ ਮੈਂ ਇਹ ਦੇਖਣਾ ਚਾਹੁੰਦਾ ਹਾਂ, ਮੇਰੇ ਸਾਹਮਣੇ ਖੋਲਿਓ ਕਿ ਭਗਵਾਨ ਕਿਸ ਤਰ੍ਹਾਂ ਇਨ੍ਹਾਂ ਬਲੂੰਗੜਿਆਂ ਦੀ ਰੱਖਿਆ ਕਰੇਗਾ। ਜਿਸ ਦਿਨ ਆਵਾ ਖੁਲ੍ਹਿਆ, ਉਸ ਦਿਨ ਪ੍ਰਹਿਲਾਦ ਜੀ ਪਹੁੰਚ ਗਏ, ਠੰਢਾ ਹੋਇਆ ਆਵਾ ਖੋਲਿਆ ਗਿਆ ਤਾਂ ਕੀ ਦੇਖਦੇ ਹਨ ਕਿ ਉਹ ਬੱਚੇ ਉਸੇ ਤਰ੍ਹਾਂ ਸੁਰਖਿਅਤ ਹਨ ਤੇ ਤੱਤੀ ਵਾ ਵੀ ਨਹੀਂ ਲੱਗੀ। ਪ੍ਰਭੂ ਦਾ ਇਹ ਪ੍ਰਤੱਖ ਕੌਤਕ ਦੇਖ ਕੇ ਪ੍ਰਹਿਲਾਦ ਦਾ ਮਨ ਮੰਨ ਗਿਆ, ਪ੍ਰਹਿਲਾਦ ਜੀ ਨੂੰ ਨਾਰਦ ਮੁਨੀ ਜੀ ਨੇ ਆਤਮ ਸਾਖਸ਼ਾਤ ਕਰਕੇ ਬਚਪਨ ਵਿਚ ਪ੍ਰਭੂ ਦੀ ਬੇਅੰਤਤਾਈ ਦਾ ਦ੍ਰਿੜ੍ਹ ਵਿਸ਼ਵਾਸ਼ੀ ਬਣਾ ਦਿਤਾ ਸੀ ਪਰ ਇਸ ਘਟਨਾ ਦਾ ਹੋਰ ਗਹਿਰਾ ਅਸਰ ਹੋਇਆ। ਦੇਖਦੇ ਤਾਂ ਅਸੀਂ ਵੀ ਹਾਂ ਪਰ ਅਸੀਂ ਮੰਨਦੇ ਨਹੀਂ, ਪਰ ਕਰੋੜਾਂ 'ਚੋਂ ਕੋਈ ਇਕ ਹੈ ਜਿਸ ਦਾ ਮਨ ਮੰਨਦਾ ਹੈ, ਅਸੀਂ ਗੁਰੂ ਗਰੰਥ ਸਾਹਿਬ ਰੋਜ਼ ਪੜ੍ਹਦੇ ਹਾਂ ਪਰ ਮੰਨਦੇ ਨਹੀਂ ਹਾਂ, ਕੋਈ ਵਿਰਲਾ ਹੈ ਜਿਹੜਾ ਮੰਨਦਾ ਹੈ।

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***

***ਪੰਨਾ - 1427***

ਸਚਾਈ ਨੂੰ ਕੋਈ ਮੰਨਦਾ ਨਹੀਂ ਹੈ, ਇਸ ਨੂੰ ਹੀ ਮਾਇਆ ਕਹਿੰਦੇ ਹਨ ਪਰ ਪ੍ਰਹਿਲਾਦ ਦਾ ਮਨ ਮੰਨ ਗਿਆ ਤੇ ਮਨ ਮੰਨਣ ਦੇ ਨਾਲ ਦ੍ਰਿੜ੍ਹਤਾ ਆ ਗਈ। ਇਸ ਨੂੰ ਸਕੂਲੇ ਪੜ੍ਹਨ ਪਾ ਦਿਤਾ ਤੇ ਉਥੇ ਇਸ ਨੂੰ ਮਾਸਟਰ ਪੜ੍ਹਾਈ ਪੜ੍ਹਾਉਂਦੇ ਹਨ ਪਰ ਇਹ ਪੜ੍ਹਦਾ ਨਹੀਂ, ਕਹਿਣ ਲੱਗਿਆ ਕਿ ਮੈਂ ਇਹ ਫਜ਼ੂਲ ਪੜ੍ਹਾਈ ਨਹੀਂ ਪੜ੍ਹਨੀ, ਭਾਈ ਗੁਰਦਾਸ ਜੀ ਫੁਰਮਾਉਂਦੇ ਹਨ-

***ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ॥***

***ਭਾਈ ਗੁਰਦਾਸ ਜੀ ਵਾਰ 10/2***

ਜਦੋਂ ਪਾਂਧਾ ਪੜ੍ਹਾ ਕੇ ਚਲਿਆ ਜਾਂਦਾ ਹੈ ਤਾਂ ਇਹ ਬੱਚਿਆਂ ਨੂੰ ਇਕੱਠੇ ਕਰਕੇ ਦਸਦਾ ਹੈ ਕਿ ਦੇਖੋ ਬੱਚਿਓ! ਮੇਰਾ ਪਿਤਾ ਕਹਿੰਦਾ ਹੈ ਕਿ ਮੈਂ ਹੀ ਥਲ ਵਿਚ ਹਾਂ, ਮੈਂ ਹੀ ਜਲ ਵਿਚ ਹਾਂ, ਮੈਂ ਹੀ ਅਸਮਾਨ ਵਿਚ ਹਾਂ, ਮੈਂ ਹੀ ਧਰਤੀ ਵਿਚ ਹਾਂ, ਹਰ ਥਾਂ ਮੈਂ ਹਾਂ, ਸਾਰੇ ਚੰਦ ਤਾਰੇ ਮੇਰੇ ਹੁਕਮ ਵਿਚ ਹਨ, ਹਵਾ ਮੇਰੇ ਹੁਕਮ ਵਿਚ ਹੈ, ਪਰ ਮੇਰਾ ਪਿਤਾ ਝੂਠ ਬੋਲਦਾ ਹੈ ਤੇ ਗਲਤ ਗੱਲ ਕਰਦਾ ਹੈ ਕਿਉਂਕਿ ਐਸ ਸੰਸਾਰ ਤੋਂ ਅੱਗੇ ਵੀ ਇਕ ਮੰਡਲ ਹੈ ਜਿਥੇ ਕੀਤੇ ਹੋਏ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਇਸ ਸੰਸਾਰ ਦਾ ਜੀਵਨ ਕੁਝ ਵੀ ਨਹੀਂ, ਕੇਵਲ ਛਿਨ ਭੰਗਰ ਹੈ। ਇਕ ਦਿਨ ਪਾਣੀ ਦੇ ਕੰਢੇ ਖੜ੍ਹਾ ਹੈ ਤੇ ਬੱਚੇ ਵੀ ਸਾਰੇ ਖੜ੍ਹੇ ਹਨ ਤੇ ਖੜ੍ਹਾ ਹੇਠਾਂ ਨੂੰ ਦੇਖੀ ਜਾ ਰਿਹਾ ਹੈ। ਬੱਚੇ ਕਹਿਣ ਲੱਗੇ ਰਾਜ ਕੁਮਾਰ ਇਥੇ ਪਾਣੀ ਵੱਲ ਨੂੰ ਹੇਠਾਂ ਕੀ ਦੇਖ ਰਹੇ ਹੋ? ਕਹਿਣ ਲਗਿਆ ਕਿ ਮੈਂ ਪਾਣੀ ਦੇ ਬੁਲਬੁਲੇ ਦੇਖ ਰਿਹਾ ਹਾਂ। ਕਹਿਣ ਲੱਗੇ ਇਹਦੇ ਵਿਚ ਕਿਹੜੀ ਦੇਖਣ ਵਾਲੀ ਚੀਜ਼ ਹੈ। ਕਹਿਣ ਲੱਗਿਆ ਦੇਖੋ, ਬਣ ਜਾਂਦੇ ਨੇ ਤੇ ਟੁੱਟ ਜਾਂਦੇ ਹਨ। ਕਹਿੰਦੇ ਇਹ ਤਾਂ ਠੀਕ ਹੈ ਪਰ ਇਹਦੇ ਵਿਚ ਧਿਆਨ ਨਾਲ ਦੇਖਣ ਵਾਲੀ ਕਿਹੜੀ ਚੀਜ਼ ਹੈ। ਪ੍ਰਹਿਲਾਦ ਕਹਿਣ ਲੱਗਿਆ ਕਿ ਮੈਂ ਇਸ ਤੋਂ ਬੜਾ ਡੂੰਘਾ ਸਬਕ ਸਿਖਿਆ ਹੈ। ਕਹਿਣ ਲੱਗੇ ਉਹ ਕਿਹੜਾ ਸਬਕ ਹੈ। ਕਹਿਣ ਲਗਿਆ ਕਿ ਸੰਸਾਰ ਇਸੇ ਤਰ੍ਹਾਂ ਹੈ -

***ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥***
***ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥***

***ਪੰਨਾ - 1427***

ਇਸ ਜਗਤ ਦੀ ਰਚਨਾ ਇਸੇ ਤਰ੍ਹਾਂ ਦੀ ਹੈ ਇਥੇ ਕੋਈ ਕਿਸੇ ਦੀ ਬੁਨਿਆਦ ਨਹੀਂ ਹੈ -

(ਬਾਕੀ ਪੰਨਾ 63 ਤੇ)



Sri Satguru Jagjit Singh Ji eLibrary NamdhariElibrary@gmail.com

# ਵਿਦੇਸ਼ ਫੇਰੀ

ਇਹ ਵਾਹਿਗੁਰੂ ਜੀ ਦੀ ਆਪਣੀ ਹੀ ਖੇਡ ਹੈ ਕਿ ਉਹ ਸੰਸਾਰ ਦਾ ਕੰਮ ਕਿਵੇਂ ਚਲਾ ਰਿਹਾ ਹੈ ਤੇ ਸਾਰੀ ਖੇਡ ਉਸ ਦੇ ਹੁਕਮ ਵਿਚ ਹੁੰਦੀ ਰਹਿੰਦੀ ਹੈ। ਮਹਾਂਪੁਰਸ਼ ਵੀ ਇਸੇ ਹੁਕਮ ਅੰਦਰ ਜਗਿਆਸੂਆਂ ਦੀ ਪਰਾਲਬਧ ਅਨੁਸਾਰ ਕਿਸੇ ਨਾ ਕਿਸੇ ਤਰੀਕੇ ਨਾਲ ਗੁਰਮਤਿ ਅਨੁਸਾਰ ਰੂਹਾਨੀ ਸੇਧ ਬਖਸ਼ਦੇ ਰਹਿੰਦੇ ਹਨ। ਇਹ ਸੇਧ ਦੀਵਾਨਾਂ ਵਿਚ ਸਮੂਹਿਕ ਤੌਰ ਉਤੇ ਵੀ ਹੁੰਦੀ ਹੈ ਅਤੇ ਜਗਿਆਸੂ ਦੀ ਭਾਵਨਾ ਪੂਰੀ ਕਰਨ ਵਾਸਤੇ ਉਸ ਦੇ ਘਰ ਵੀ ਪਹੁੰਚ ਜਾਇਆ ਕਰਦੇ ਹਨ। ਇਸੇ ਕ੍ਰਮ ਵਿਚ 11 ਫਰਵਰੀ 2000 ਨੂੰ ਸਰਦਾਰ ਜਤਿੰਦਰ ਸਿੰਘ ਗਿੱਲ ਮੈਡੈਸਟੋ ਕੈਲੇਫੋਰਨੀਆਂ ਜੋ ਧਮੋਟ ਵਾਲੇ ਸਰਦਾਰ ਦਲੀਪ ਸਿੰਘ ਦੇ ਸਪੁੱਤਰ ਹਨ, ਦੇ ਗ੍ਰਹਿ ਵਿਖੇ ਪੁਜੇ ਅਤੇ ਉਨ੍ਹਾਂ ਨੇ ਜੀ ਆਇਆਂ ਆਖਦੇ ਹੋਏ ਬਾਬਾ ਜੀ ਤੇ ਬੀਜੀ ਦੀ ਸਿਹਤ ਬਾਰੇ ਪੁਛਿਆ। ਬਾਬਾ ਜੀ ਨੇ ਧਮੋਟ ਵਿਖੇ ਡਿਸਪੈਂਸਰੀ ਸਥਾਪਤ ਕਰਨ ਬਾਰੇ ਦੱਸਿਆ ਅਤੇ ਧਮੋਟ ਦੇ ਸਾਲਾਨਾ ਦੀਵਾਨਾਂ ਬਾਰੇ ਜਾਣਕਾਰੀ ਦਿਤੀ ਅਤੇ ਇਹ ਵੀ ਦੱਸਿਆ ਕਿ ਧਮੋਟ ਦੀ ਸੰਗਤ ਹਰ ਪੂਰਨਮਾਸ਼ੀ ਅਤੇ ਸੰਗਰਾਂਦ ਤੇ ਰਤਵਾੜਾ ਸਾਹਿਬ ਭਾਰੀ ਮਾਤਰਾ ਵਿਚ ਪੁਜਦੀ ਹੈ। ਬਾਬਾ ਜੀ ਨੇ ਦੱਸਿਆ ਕਿ ਧਮੋਟ ਵਿਖੇ ਜਿਹੜੇ ਬਜ਼ੁਰਗਾਂ ਦੀਆਂ ਆਤਮਾਵਾਂ ਭਟਕ ਰਹੀਆਂ ਸਨ ਉਨ੍ਹਾਂ ਦਾ ਉਧਾਰ ਹੋ ਗਿਆ ਹੈ। ਇਸੇ ਕਰਕੇ ਹਰ ਸਾਲ ਸ਼ਮਸ਼ਾਨ ਘਾਟ ਜਿਥੇ ਹੁਣ ਅਨਾਜ ਮੰਡੀ ਬਣੀ ਹੋਈ ਹੈ ਵਿਖੇ ਦੀਵਾਨ ਲਗਦੇ ਹਨ ਤੇ ਨਾਮ ਜਪਣ ਵਾਲੀਆਂ ਸੰਗਤਾਂ ਦੇ ਚਰਨ ਪੈ ਕੇ ਵਾਤਾਵਰਨ ਪਵਿੱਤਰ ਹੋ ਜਾਂਦਾ ਹੈ। ਸਰਦਾਰ ਜਤਿੰਦਰ ਸਿੰਘ ਗਿੱਲ ਹੋਰਾਂ ਆਤਮ ਮਾਰਗ ਦੀ ਲਾਈਫ ਮੈਂਬਰਸ਼ਿਪ ਪ੍ਰਾਪਤ ਕੀਤੀ। ਉਪਰੰਤ ਇੰਦਰਜੀਤ ਸਿੰਘ ਗਿੱਲ ਅਤੇ ਬੀਬੀ ਜਸਬੀਰ ਕੌਰ ਸੋਹਲ ਦੇ ਗ੍ਰਹਿ ਵਿਖੇ ਵੀ ਚਰਨ ਪਾਏ ਤੇ ਬਾਬਾ ਜੀ ਨੇ ਇਸ ਬੀਬੀ ਨੂੰ ਹੌਂਸਲਾ ਦਿਤਾ ਕਿਉਂਕਿ ਇਸ ਦੇ ਪਤੀ ਚੜ੍ਹਾਈ ਕਰ ਗਏ ਹੋਏ ਸਨ। ਇਨ੍ਹਾਂ ਨੇ ਵੀ ਆਤਮ ਮਾਰਗ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ। ਇਸ ਦੌਰਾਨ ਸਰਦਾਰ ਜਗਦੀਸ਼ ਸਿੰਘ ਲਤਾਲੇ ਵਾਲੇ ਜੋ ਲਾਸ ਐਂਜਲਸ ਵਿਖੇ ਰਹਿੰਦੇ ਹਨ ਤੇ ਕਈ ਗੈਸ ਸਟੇਸ਼ਨਾਂ ਤੇ ਸਟੋਰਜ਼ ਦੇ ਮਾਲਕ ਹਨ, ਉਹ ਬਾਬਾ ਜੀ ਦੀ ਕਾਰ ਡਰਾਈਵ ਕਰਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਐਲ.ਏ. (ਲਾਸ ਐਂਜਲਸ) ਦੀ ਇਕ ਕਰੋੜ 20 ਲੱਖ ਦੀ ਆਬਾਦੀ ਹੈ ਅਤੇ ਇਸ ਦੀ ਆਰਥਕ ਮਜ਼ਬੂਤੀ ਦੁਨੀਆਂ ਦੇ ਸਾਰੇ ਸਹਿਰਾਂ ਵਿਚ ਬਾਰ੍ਹਵੇਂ ਨੰਬਰ ਤੇ ਹੈ। ਇਥੇ ਕੁਲ 9000 ਗੈਸ ਸਟੇਸ਼ਨ ਹਨ ਅਤੇ ਕੁਲ ਮਿਲਾ ਕੇ ਸਾਰੇ ਅਮਰੀਕਾ ਵਿਚ ਇਕ ਲੱਖ ਅਠੱਤੀ ਹਜ਼ਾਰ ਗੈਸ ਸਟੇਸ਼ਨ ਹਨ। ਇਥੇ ਆਬਾਦੀ ਵਿਚ ਗੋਰੇ ਅਮਰੀਕਨ ਘੱਟ ਗਿਣਤੀ ਵਿਚ ਹਨ। ਕਾਲੀ ਨਸਲ ਦੇ ਨੀਗਰੋ ਦਸ ਤੋਂ ਪੰਦਰਾਂ ਪ੍ਰਤੀਸ਼ਤ ਹਨ, ਬਾਕੀ ਸਪੈਨਿਸ਼, ਆਰਮੀਨੀਅਨ, ਚੀਨੇ, ਭਾਰਤੀ, ਫਿਲਪੀਨੋ ਅਤੇ ਮੈਕਸੀਕੇ ਹਨ। ਉਪਰੰਤ ਇਕ ਪ੍ਰੇਮੀ ਸਰਦਾਰ ਗੁਰ ਇਕਬਾਲ ਸਿੰਘ ਗਰੇਵਾਲ ਦੇ ਗ੍ਰਹਿ ਵਿਖੇ ਗਏ ਅਤੇ ਉਨ੍ਹਾਂ ਨੇ ਵੀ ਮੈਗਜ਼ੀਨ ਦੀ ਰਿਨੂਅਲ ਕਰਵਾਈ। ਉਨ੍ਹਾਂ ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਬਾਬਾ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਬੰਧੀ ਨਿਯਮਾਂ ਦੀ ਪਾਲਨਾ ਬਾਰੇ ਅਤੇ ਡਾਕਟਰ ਸਵਾਮੀ ਰਾਮ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਪ੍ਰਵਚਨਾਂ ਬਾਰੇ ਦੱਸਿਆ ਕਿ ਇਹ ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਵਿਚੋਂ ਸ੍ਰੇਸ਼ਟ ਹੈ ਅਤੇ ਸਰਬ ਉਤਮ ਹੈ। ਬਾਬਾ ਜੀ ਨੇ ਦੱਸਿਆ ਕਿ ੧ਓ ਮੂਲਮੰਤਰ ਦਾ ਸਾਰ ਹੈ ਅਤੇ ਮੂਲਮੰਤਰ ਜਪੁਜੀ ਸਾਹਿਬ ਦਾ ਸਾਰ ਹੈ ਤੇ ਇਸ ਦੀ ਵਿਆਖਿਆ ਸਾਰਾ ਗੁਰੂ ਗ੍ਰੰਥ ਸਾਹਿਬ ਹੈ। ਬਾਬਾ ਜੀ ਨੇ ਇਨ੍ਹਾਂ ਨੂੰ ਬਾਣੀ ਵਿਚਾਰ ਕੇ ਪੜ੍ਹਨ ਲਈ ਅਤੇ ਢਾਈ ਘੰਟੇ ਦਾ ਸਿਮਰਨ ਕਰਨ ਲਈ ਆਦੇਸ਼ ਦਿਤਾ ਅਤੇ ਦੱਸਿਆ ਕਿ ਬਾਣੀ ਧਰਤੀ ਹੈ ਤੇ ਨਾਮ ਬ੍ਰਿਛ ਹੈ ਅਤੇ ਇਹ ਸੰਤੋਖ ਤੇ ਭਾਉ ਕਰਮਾਂ ਨਾਲ ਪ੍ਰਫੁੱਲਤ ਹੁੰਦਾ ਹੈ। ਇਹ ਕਾਇਆ ਨੂੰ ਭਾਗਸ਼ਾਲੀ ਬਣਾ ਦਿੰਦਾ ਹੈ ਤੇ ਨਾਮ ਦੇ ਵਣਜਾਰੇ ਸੰਤਾਂ ਨਾਲ ਗੁਰਮੁਖਾਂ ਨਾਲ ਮਿਲ ਕੇ ਲਾਹਾ ਪ੍ਰਾਪਤ ਕਰਦੇ ਹਨ। ਇਸ ਲਈ ਇਸ ਦੇਹ ਦੀ ਕਲਿਆਣ ਲਈ ਨਾਮ ਜਪਣਾ ਬਹੁਤ ਜ਼ਰੂਰੀ ਹੈ। ਇਹ ਸਾਰੇ ਬਚਨ ਸਰਵਣ ਕਰਨ ਉਪਰੰਤ ਸਾਰੀ ਸੰਗਤ ਨੇ ਬਾਬਾ ਜੀ ਦਾ ਧੰਨਵਾਦ ਕੀਤਾ ਤੇ ਪਿਆਰ ਤੇ ਸਤਿਕਾਰ ਨਾਲ ਵਿਦਾ ਕੀਤਾ। ਉਪਰੰਤ ਸਰਦਾਰ ਮਹਿੰਦਰ ਸਿੰਘ ਗਿੱਲ, ਟਰਲੋਕ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕ ਕੇ ਥੋੜ੍ਹੀ ਦੇਰ ਆਰਾਮ ਕੀਤਾ ਅਤੇ ਫੇਰ ਤਕਰੀਬਨ 4 ਵਜੇ ਸ਼ਾਮ ਨੂੰ ਸ਼ਾਮ ਦੇ ਦੀਵਾਨ ਗੁਰਦੁਆਰਾ ਐਲ-ਸਬਰਾਂਟ ਲਈ ਰਵਾਨਾ ਹੋਏ ਪਰੰਤੂ ਸਰਦਾਰ ਨਿਰਮਲ ਸਿੰਘ ਜੋ ਕਿ ਬੜੇ ਪਿਆਰ ਵਾਲੇ ਤੇ ਆਤਮ ਮਾਰਗ ਦੀ ਸੇਵਾ ਕਰਨ ਵਾਲੇ ਪ੍ਰੇਮੀ ਹਨ ਪਹਿਲਾਂ ਉਨ੍ਹਾਂ ਦੇ ਘਰ ਬਾਬਾ ਜੀ ਪਹੁੰਚੇ ਜਿਥੇ ਬਹੁਤ ਸਾਰੀ ਸੰਗਤ ਉਡੀਕ ਰਹੀ ਸੀ ਤੇ ਸਾਰਿਆਂ ਨੇ ਬਾਬਾ ਜੀ ਨੂੰ ਜੀ ਆਇਆਂ ਆਖਿਆ। ਜਦੋਂ ਉਥੇ ਪਹੁੰਚੇ ਤਾਂ ਬਾਰਿਸ਼ ਵੀ ਕਾਫੀ ਪੈਣੀ ਸ਼ੁਰੂ ਹੋ ਗਈ ਸੀ। ਬਾਬਾ ਜੀ ਨੇ ਭਾਈ ਨਿਰਮਲ ਸਿੰਘ ਨੂੰ ਭਜਨ ਕਰਨ ਦਾ ਤਰੀਕਾ ਦੱਸਿਆ ਤੇ ਸਾਰੀ ਸੰਗਤ ਨੂੰ ਕਿਹਾ ਕਿ ਸਾਰੇ ਹਫਤੇ ਵਿਚ ਇਕ ਦਿਨ ਇਕੱਠੇ ਹੋ ਕੇ ਅੰਮ੍ਰਿਤ ਵੇਲੇ ਨਾਮ ਜਪਿਆ ਕਰੋ ਜਿਵੇਂ ਕਿ ਸਨਹੌਜ਼ੇ ਵਿਖੇ ਸਰਦਾਰ ਸਤਿਨਾਮ ਸਿੰਘ ਅਟਵਾਲ ਦੇ ਘਰ ਸੰਗਤ ਇਕੱਠੀ ਹੋ ਕੇ ਆਡੀਓ ਕੈਸਟ ਦੀ ਮਦਦ ਨਾਲ ਨਾਮ ਜਪਦੀ ਹੈ। ਉਥੇ ਇਕ ਪ੍ਰੇਮੀ ਭਾਈ ਗੁਰਸੇਵਕ ਸਿੰਘ ਨੇ ਬਾਬਾ ਜੀ ਨੂੰ ਦੱਸਿਆ ਕਿ ਜਦੋਂ ਦੀਆਂ ਮੈਂ ਆਪ ਦੀਆਂ ਵੀਡੀਓ ਫਿਲਮਾਂ ਦੇਖਣੀਆਂ ਸ਼ੁਰੂ ਕੀਤੀਆਂ ਹਨ, ਉਸ ਤੋਂ ਬਾਅਦ ਘਰ ਵਿਚੋਂ ਗਾਣੇ ਤੇ ਹੋਰ ਸਭ ਕੈਸਟਾਂ ਕੱਢ ਦਿਤੀਆਂ ਹਨ ਤੇ ਹੁਣ ਕੇਵਲ ਆਪ ਦੀਆਂ ਤੇ ਗੁਰਬਾਣੀ ਦੀਆਂ ਹੀ ਕੈਸਟਾਂ ਸੁਣਦਾ ਹਾਂ। ਇਥੇ ਹੀ ਕਿਸੇ ਪ੍ਰੇਮੀ ਨੇ ਸਵਾਲ ਕੀਤਾ ਕਿ ਕਮਾਈ ਵਿਚ ਬਰਕਤ ਨਹੀਂ ਪੈਂਦੀ ਤੇ ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਹੈ। ਬਾਬਾ ਜੀ ਨੇ ਪ੍ਰਵਚਨ ਕੀਤੇ ਕਿ ਦਲਿੱਦਰ ਦਾ ਇਲਾਜ ਦਾਨ ਹੁੰਦਾ ਹੈ ਅਤੇ ਦੱਸਿਆ ਕਿ ਦਾਨ ਕਿਥੇ ਤੇ ਕਿਵੇਂ ਬੀਜਣਾ ਚਾਹੀਦਾ ਹੈ -

***ਖੇਤੁ ਪਛਾਣੈ ਬੀਜੈ ਦਾਨੁ॥ ਪੰਨਾ - 1411***

ਗੁਰੂ ਦੇ ਲੰਗਰ ਵਿਚ ਅੰਨ ਦਾ ਦਾਨ ਕੀਤਾ, ਲੱਖਾਂ ਗੁਣਾਂ ਫਲ ਦਿੰਦਾ ਹੈ ਜਿਥੇ ਅਭਿਆਗਤ ਆ ਕੇ ਛਕਦੇ ਹੋਣ। ਇਸ ਬਾਰੇ ਬਾਬਾ ਜੀ ਨੇ ਗੁਰੂ ਸਤਵੇਂ ਪਾਤਸ਼ਾਹ ਜੀ ਦੇ ਬਚਨ ਸ੍ਵਣ ਜੋ ਉਨ੍ਹਾਂ ਨੇ ਸੰਗਤਾਂ ਨੂੰ ਦਾਨ ਬਾਰੇ ਕੀਤੇ ਸਨ ਉਨ੍ਹਾਂ ਦੱਸਿਆ ਕਿ ਕਿਵੇਂ ਇਕ ਚਿੜਾ-ਚਿੜੀ ਦਾ ਜੋੜਾ ਇਕ ਗਰੀਬ ਪਰਿਵਾਰ ਦੇ ਘਰ ਰਹਿੰਦਾ ਸੀ ਤੇ ਉਹ ਪ੍ਰੇਮੀ ਅਤਿ ਗਰੀਬੀ ਦੀ ਹਾਲਤ ਵਾਲਾ ਜੋ ਬੋਹਲ ਦੀ ਥਾਂ ਉਤੇ ਮਿੱਟੀ 'ਚ ਰੁਲੇ ਦਾਣੇ ਇਕੱਠੇ ਕਰਕੇ ਧੋ-ਸੁਕਾ ਕੇ ਗੁਜ਼ਾਰਾ ਕਰਿਆ ਕਰਦਾ ਸੀ ਉਸ ਵਿਚੋਂ ਇਕ ਇਕ ਦਾਣਾ ਹਰ ਰੋਜ਼ ਚਿੜਾ ਚਿੜੀ ਨੇ ਗੁਰੂ ਕੇ ਲੰਗਰ ਵਿਚ ਪਾਉਣਾ ਸ਼ੁਰੂ ਕਰ



Sri Satguru Jagjit Singh Ji eLibrary NamdhariElibrary@gmail.com

ਦਿਤਾ। ਉਹ ਦੇਖਦੇ ਦੇਖਦੇ ਇਸ ਦਾਨ ਦਾ ਸਦਕਾ ਸੇਠ ਬਣ ਗਿਆ ਪਰੰਤੂ ਗੁਰੂ ਨੂੰ ਭੁੱਲ ਕੇ ਸ਼ਰਾਬਾਂ-ਕਬਾਬਾਂ ਤੇ ਜੂਏਬਾਜ਼ੀ ਆਦਿ ਗਲਤ ਕੰਮਾਂ ਵਿਚ ਪੈ ਗਿਆ। ਫੇਰ ਗਰੀਬ ਹੋ ਗਿਆ। ਇਸ ਛੋਟੇ ਜਿਹੇ ਦਾਨ ਸਦਕੇ (ਗੁਰੂ ਕੇ ਲੰਗਰ ਲਈ ਕੀਤਾ ਦਾਨ) ਉਹ ਅਮੀਰ ਹੋ ਗਿਆ। ਇਥੇ ਸੰਤ ਗੁਲਾਬ ਦਾਸ ਜੀ ਨੂੰ ਇਕ ਸੇਠ ਇਕ ਲੱਖ ਰੁਪਿਆਂ ਦੀ ਥੈਲੀ ਭੇਟ ਕਰਨ ਆਇਆ ਪਰ ਸੰਤ ਵੇਈ ਨਦੀ 'ਚੋਂ ਪਾਰ ਹੋ ਦੂਜੇ ਕੰਢੇ ਚਲੇ ਜਾਂਦੇ ਸੀ ਤੇ ਜਦੋਂ ਸੇਠ ਦਾ ਬੰਦਾ ਪੁਲ ਰਾਹੀਂ ਦੂਜੇ ਪਾਸੇ ਆਵੇ ਤਾਂ ਸੰਤ ਤੈਰ ਕੇ ਦੂਜੇ ਪਾਸੇ ਹੋ ਜਾਇਆ ਕਰਦੇ ਸੀ। ਆਖਰਕਾਰ ਸੇਠ ਨੂੰ ਪੁੱਛਣ ਲੱਗੇ ਕਿ ਸਾਨੂੰ ਦਾਨ ਕਿਉਂ ਦਿੰਦਾ ਹੈਂ ਤਾਂ ਉਸ ਨੇ ਕਿਹਾ ਤੁਸੀਂ ਹਸਪਤਾਲ ਬਣਾ ਲੈਣਾ, ਬੀਮਾਰਾਂ ਦਾ ਇਲਾਜ ਹੋਇਆ ਕਰੇਗਾ। ਸੰਤਾਂ ਨੇ ਕਿਹਾ ਕਿ ਨਾ ਤਾਂ ਮੈਨੂੰ ਹਸਪਤਾਲ ਦੇ ਨਕਸ਼ੇ ਦਾ ਪਤਾ ਹੈ ਅਤੇ ਨਾ ਹੀ ਮੈਨੂੰ ਪਤਾ ਹੈ ਕਿ ਸੀਮੈਂਟ, ਸਰੀਆ, ਬਜਰੀ, ਰੇਤਾ ਅਤੇ ਮਿਸਤਰੀ ਕਿਥੋਂ ਮਿਲਣਗੇ। ਉਸ ਸੇਠ ਦੇ ਮੈਨੇਜਰ ਨੇ ਕਿਹਾ ਕਿ ਇਹ ਸਾਰਾ ਇੰਤਜ਼ਾਮ ਅਸੀਂ ਕਰ ਦੇਵਾਂਗੇ, ਸੰਤਾਂ ਨੇ ਕਿਹਾ ਕਿ ਫੇਰ ਤੁਸੀਂ ਆਪ ਹੀ ਹਸਪਤਾਲ ਬਣਾ ਲਵੋ, ਮੈਨੂੰ ਕਾਹਨੂੰ ਇਸ ਖਲਜਗਣ ਵਿਚ ਪਾਉਂਦੇ ਹੋ, ਭਜਨ ਕਰਨ ਵਿਚ ਵਿਖਸ਼ੇਪਤਾ ਹੀ ਪਵੇਗੀ। ਇਸ ਤਰ੍ਹਾਂ ਫਿਰ ਉਨ੍ਹਾਂ ਨੇ ਕਿਹਾ, ਅਸੀਂ ਇਹ ਮਾਇਆ ਤੈਨੂੰ ਹੀ ਦਿੰਦੇ ਹਾਂ, ਤੂੰ ਹੀ ਹਸਪਤਾਲ ਬਣਾ ਦੇ ਕਿਉਂਕਿ ਅਸੀਂ ਇਸ ਮਾਇਆ ਦੇ ਅਲਸੇਟੇ ਵਿਚ ਨਹੀਂ ਪੈਣਾ ਚਾਹੁੰਦੇ ਕਿਉਂਕਿ ਬਹੁਤ ਸਾਰੇ ਮਹਾਤਮਾ ਨਿਰਵਿਰਤੀ ਵਿਚ ਰਹਿਣਾ ਪਸੰਦ ਕਰਿਆ ਕਰਦੇ ਹਨ।

ਸ਼ਾਮ ਦਾ ਦੀਵਾਨ ਐਲਸਬਰੇਟਾ ਦੇ ਗੁਰਦੁਆਰਾ ਸਾਹਿਬ ਵਿਖੇ ਲੱਗਿਆ ਤੇ ਭਾਈ ਸਾਹਿਬ ਲਖਬੀਰ ਸਿੰਘ ਜੀ ਨੇ ਪ੍ਰਤੀਤ ਤੇ ਭਰੋਸੇ ਬਾਰੇ ਦੱਸਿਆ ਕਿ ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਸਮਝਣਾ ਚਾਹੀਦਾ।

12 ਫਰਵਰੀ ਸਵੇਰੇ 6 ਤੋਂ 8 ਵਜੇ ਤਕ ਭਾਈ ਪਰਮਿੰਦਰਜੀਤ ਸਿੰਘ ਦੇ ਗ੍ਰਹਿ ਟਰਲਾਕ ਵਿਖੇ ਆਸਾ ਦੀ ਵਾਰ ਦਾ ਕੀਰਤਨ ਜਥੇ ਵਲੋਂ ਕੀਤਾ ਗਿਆ। ਬਾਬਾ ਜੀ ਨੇ ਇਸ ਪ੍ਰੇਮੀ ਦੀ ਬੇਨਤੀ ਪ੍ਰਵਾਨ ਕਰਕੇ ਉਸ ਦੇ ਗ੍ਰਹਿ ਨੂੰ ਪਵਿੱਤਰ ਕੀਤਾ ਅਤੇ ਇਸ ਪ੍ਰੇਮੀ ਨੇ ਦੱਸਿਆ ਕਿ ਉਹ ਟਰੱਕ ਚਲਾਉਂਦਾ ਹੈ। ਇਸ ਨੇ ਆਪਣੀ ਆਤਮ ਮਾਰਗ ਦੀ ਮੈਂਬਰਸ਼ਿਪ ਰਿਨੂਅਲ ਕਰਵਾਈ ਅਤੇ ਤਿੰਨ ਨਵੇਂ ਮੈਂਬਰ ਬਣਾਏ। ਇਨ੍ਹਾਂ ਦਾ ਪਿੰਡ ਰਾਏਕੋਟ ਬੱਸੀਆਂ ਹੈ ਤੇ ਪਿਛਲਾ ਪਿੰਡ ਪਾਕਿਸਤਾਨ ਵਿਚ ਚੱਕ 378 ਸੀ। ਸ਼ਾਮ ਨੂੰ ਕਾਫੀ ਸੰਗਤ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਖੇ ਪਹੁੰਚ ਗਈ ਤੇ ਬਾਬਾ ਜੀ ਨੇ ਅੰਮ੍ਰਿਤਮਈ ਬਚਨ ਕੀਤੇ ਅਤੇ ਬਹੁਤ ਸਾਰੇ ਪ੍ਰੇਮੀਆਂ ਨੂੰ ਉਨ੍ਹਾਂ ਦੀਆਂ ਨਾਮ ਸਬੰਧੀ ਤੇ ਘਰੇਲੂ ਕੰਮ ਕਾਰ ਸਬੰਧੀ ਉਲਝਣਾਂ ਦਾ ਸਮਾਧਾਨ ਦੱਸ ਕੇ ਗੁਰੂ ਨਾਲ ਜੁੜਨ ਦੀ ਪ੍ਰੇਰਨਾ ਦਿਤੀ। ਉਨ੍ਹਾਂ ਦੱਸਿਆ ਕਿ ਸੰਤ ਬੇਪ੍ਰਵਾਹ ਹੁੰਦੇ ਹਨ, ਉਨ੍ਹਾਂ ਨੂੰ ਕਿਸੇ ਨਾਲ ਗਰਜ਼ ਨਹੀਂ ਹੋਇਆ ਕਰਦੀ ਪਰੰਤੂ ਉਹ ਪ੍ਰਭੂ ਦੇ ਹੁਕਮ ਵਿਚ ਵਿਚਰਦੇ ਹਨ ਤੇ ਉਨ੍ਹਾਂ ਦੇ ਮਨ ਵਿਚ ਸੰਸਾਰ ਦਾ ਦਰਦ ਹੋਇਆ ਕਰਦਾ ਹੈ। ਇਸੇ ਲਈ ਬਾਬਾ ਜੀ ਨੇ ਕਿਹਾ ਕਿ ਤੁਹਾਡੀਆਂ ਨੌਕਰੀਆਂ ਐਨੀਆਂ ਵਧੀਆ ਨਹੀਂ, ਲੇਬਰ ਵਰਗ ਦੀਆਂ ਹਨ ਇਸ ਲਈ ਤੁਸੀਂ ਬੱਚਿਆਂ ਦੀ ਉਚੀ ਸਿਖਿਆ ਤੇ ਧਿਆਨ ਦਿਓ ਜਿਸ ਨਾਲ ਉਹ ਇਥੋਂ ਦੇ ਵਸਨੀਕਾਂ ਦੇ ਮੁਕਾਬਲੇ ਵਿਚ ਆ ਕੇ ਚੰਗੀਆਂ ਨੌਕਰੀਆਂ ਨੂੰ ਹਾਸਲ ਕਰਨ ਵਿਚ ਕਾਮਯਾਬ ਹੋਣ। ਉਨ੍ਹਾਂ ਨੇ ਦੱਸਿਆ ਕਿ ਸਾਡਾ ਵਿਚਾਰ ਹੈ ਕਿ ਰਤਵਾੜਾ ਸਾਹਿਬ ਵਿਖੇ ਕੋਈ ਐਸੀ ਕੌਮਾਂਤਰੀ ਪੱਧਰ ਦੀ ਸਿਖਿਆ ਸੰਸਥਾ ਖੋਲ੍ਹੀਏ ਜਿਸ ਨਾਲ ਤੁਹਾਡੇ ਬੱਚੇ ਇੰਡੀਆ 'ਚ ਪੜ੍ਹ ਕੇ ਉਚੀ ਪੜ੍ਹਾਈ ਇਥੇ ਕਰ ਸਕਣ। ਉਨ੍ਹਾਂ ਨੇ ਖੋਲ੍ਹ ਕੇ ਦੱਸਿਆ ਕਿ ਕਿਸ ਤਰ੍ਹਾਂ ਅੰਗ੍ਰੇਜ਼ੀ ਸਾਸ਼ਨ ਨੇ ਸਿੱਖਾਂ ਵਿਚ ਫੁੱਟ ਪਾਈ ਅਤੇ ਬਾਬਾ ਰਾਮ ਸਿੰਘ ਜੀ ਨਾਮਧਾਰੀ ਜੀ ਦਾ ਬਾਈਕਾਟ ਕਰਵਾਇਆ। ਉਨ੍ਹਾਂ ਦੀ ਕੁਰਬਾਨੀ ਦਾ ਭਾਰਤ ਸਰਕਾਰ ਨੇ ਮੁੱਲ ਨਹੀਂ ਪਾਇਆ ਤੇ ਨਾ ਹੀ ਉਨ੍ਹਾਂ ਨੂੰ ਸਿੱਖਾਂ ਵਲੋਂ ਆਦਰ ਮਿਲਿਆ ਹੈ ਜੋ ਕਿ ਇਕ ਬੜੇ ਅਫਸੋਸ ਦੀ ਗੱਲ ਹੈ। ਉਨ੍ਹਾਂ ਨੇ ਦੱਸਿਆ ਕਿ ਜਦੋਂ ਉਹ ਸ਼ੁਰੂ ਸ਼ੁਰੂ ਵਿਚ ਚੰਡੀਗੜ੍ਹ ਦੇ ਆਲੇ ਦੁਆਲੇ ਤੇ ਰੋਪੜ ਦੇ ਪਿੰਡਾਂ ਵਿਚ ਦਿਨ ਰਾਤ ਇਕ ਕਰਕੇ ਦੀਵਾਨ ਲਗਾਇਆ ਕਰਦੇ ਸਨ ਤਾਂ ਚੰਡੀਗੜ੍ਹ ਦੇ ਤੇ ਹੋਰ ਪੜ੍ਹੇ ਲਿਖੇ ਬੰਦਿਆਂ ਨੇ ਸਵਾਲ ਕੀਤਾ ਕਿ ਤੁਸੀਂ ਕਿਉਂ ਦਿਨ ਰਾਤ ਇਕ ਕੀਤਾ ਹੋਇਆ ਹੈ ਜਦ ਕਿ ਸਾਡੀ ਸਿੱਖਾਂ ਦੀ ਉਚ ਸੰਸਥਾ (ਸ਼੍ਰੋਮਣੀ ਗੁਰਦਵਾਰਾ ਕਮੇਟੀ) ਨੂੰ ਇਸ ਦਾ ਕੋਈ ਧਿਆਨ ਨਹੀਂ ਹੈ। ਉਨ੍ਹਾਂ ਨੇ ਜਵਾਬ ਦਿਤਾ ਕਿ ਇਹ ਰੋਪੜ ਦਾ ਇਲਾਕਾ ਗਰੀਬ ਇਲਾਕਾ ਹੈ, ਇਥੇ ਕੋਈ ਮਹਾਤਮਾ ਨਹੀਂ ਗਿਆ ਤੇ ਨਾ ਹੀ ਪ੍ਰਚਾਰ ਕੀਤਾ ਹੈ ਕਿਉਂਕਿ ਉਨ੍ਹਾਂ ਲੋਕਾਂ ਪਾਸ ਸਿਰੋਪਾ ਦੇਣ ਵਾਸਤੇ ਕੁਝ ਹੈ ਨਹੀਂ ਸੀ। ਪਰ ਮੈਨੂੰ ਇਨ੍ਹਾਂ ਨਾਲ ਹਮਦਰਦੀ ਆਈ। ਜੇ ਮੈਂ ਚਾਹੁੰਦਾ ਤਾਂ ਮੈਂ ਵੀ ਹੁਣ ਵੱਡੇ ਅਮੀਰਾਂ ਵਿਚੋਂ ਗਿਣਿਆ ਜਾਣਾ ਸੀ ਕਿਉਂਕਿ ਮੈਨੂੰ ਸਰਕਾਰ ਵੱਲੋਂ ਵੇਅਰ ਹਾਊਸ ਮਨਜ਼ੂਰ ਹੋ ਗਿਆ ਸੀ ਤੇ ਮੈਂ ਵੀ ਚੰਡੀਗੜ੍ਹ ਕੋਠੀ ਪਾ ਕੇ ਆਰਾਮ ਨਾਲ ਰਹਿ ਸਕਦਾ ਸੀ ਪਰ ਮੈਨੂੰ ਗੁਰੂ ਮਹਾਰਾਜ ਜੀ ਦਾ ਡਰ ਸੀ ਕਿ ਮਹਾਰਾਜ ਮੈਨੂੰ ਦਰਗਾਹ ਵਿਚ ਕੀ ਕਹਿਣਗੇ ਕਿਉਂਕਿ ਜੇ ਮੈਂ ਗੁਰੂ ਮਹਾਰਾਜ ਦਾ ਹੁਕਮ ਨਾ ਮੰਨਿਆ। ਮੈਂ ਫੈਸਲਾ ਕੀਤਾ ਕਿ ਮੈਂ ਵੀ ਭਾਈ ਤਾਰੇ ਵਾਂਗ ਇਕ ਬਾਲਟੀ ਚੁੱਕ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦਾ ਹਾਂ ਜਿਵੇਂ ਐਮਨਾਬਾਦ ਵਿਚ ਬਾਬਰ ਦੇ ਸਿਪਾਹੀਆਂ ਨੇ ਘਰਾਂ ਨੂੰ ਅੱਗ ਲਾ ਦਿਤੀ ਸੀ ਤੇ ਭਾਈ ਤਾਰਾ ਬਾਲਟੀ ਲੈ ਕੇ ਬੁਝਾ ਰਿਹਾ ਸੀ। ਸੋ ਮੈਂ ਇਹ ਕੰਮ ਸ਼ੁਰੂ ਕਰ ਲਿਆ ਤੇ ਗੁਰੂ ਮਹਾਰਾਜ ਨੇ ਆਪਣੇ ਅਗੰਮੀ ਬਾਜ਼ ਨੂੰ ਭੇਜ ਕੇ ਆਪਣੀ ਹਾਜ਼ਰੀ ਤੇ ਨਦਰ ਬਖਸ਼ੀ ਤੇ ਹੌਂਸਲਾ ਬਖਸ਼ਿਆ ਕਿ ਅਸੀਂ ਤੇਰੇ ਨਾਲ ਹਾਂ। ਇਸੇ ਤਰ੍ਹਾਂ ਮੇਰੇ ਸਾਥੀ ਵਧਦੇ ਗਏ ਤੇ ਰੋਪੜ ਜ਼ਿਲੇ ਵਿਚ ਇਨਕਲਾਬ ਆ ਗਿਆ। ਇਹੋ ਰੋਪੜ ਜ਼ਿਲਾ ਜਿਹੜਾ ਸਿੱਖੀ ਵਿਚ ਪਛੜਿਆ ਹੋਇਆ ਸੀ, ਹੁਣ ਪੰਜਾਬ ਵਿਚ ਇਕ ਨੰਬਰ ਤੇ ਹੈ। ਇਸੇ ਕਰਕੇ ਅਸੀਂ ਤੁਹਾਡੇ ਕੋਲ ਆਏ ਹਾਂ ਕਿ ਜਿੰਨੀ ਵੀ ਅੱਗ ਬੁਝਾ ਸਕੀਏ, ਭਲਾ ਹੀ ਹੈ, ਗੁਰੂ ਮਹਾਰਾਜ ਦੀ ਸੇਵਾ ਹੈ ਤਾਂ ਕਿ ਸਾਰੇ ਪਰਿਵਾਰ ਸੁਖੀ ਹੋ ਜਾਣ, ਸਿੱਖੀ ਦਾ ਪ੍ਰਕਾਸ਼ ਹੋ ਜਾਵੇ ਤੇ ਸਾਰੇ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ, ਨਾਮ ਜਪ ਕੇ ਆਪਣਾ ਲੋਕ ਤੇ ਪਰਲੋਕ ਸੁਹੇਲਾ ਕਰ ਲੈਣ। ਇਸੇ ਕਰਕੇ ਹੀ ਆਤਮ ਮਾਰਗ ਅਤੇ ਹੋਰ ਰੂਹਾਨੀ ਪੁਸਤਕਾਂ ਬਣਾਈਆਂ ਹਨ, ਵੀਡੀਓ ਫਿਲਮਾਂ ਬਣਾਈਆਂ ਹਨ ਤਾਂ ਕਿ ਸਾਰਿਆਂ ਦੇ ਮਨਾਂ ਵਿਚੋਂ ਮਨਮੁਖਤਾਈ ਤੇ ਅਗਿਆਨ ਦਾ ਅੰਧੇਰਾ ਦੂਰ ਹੋ ਕੇ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋ ਜਾਵੇ। ਗੁਰੂ ਫੁਰਮਾਨ ਹੈ -

***ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥***

**LLLLLLL** ***ਪੰਨਾ - 450***



Sri Satguru Jagjit Singh Ji eLibrary NamdhariElibrary@gmail.com

(ਪੰਨਾ 34 ਦੀ ਬਾਕੀ)

ਨਹੀਂ ਆਉਂਦੀ, ਕੇਵਲ ਸਮਰੱਥ ਗੁਰੂ ਦੀ ਕ੍ਰਿਪਾ ਨਾਲ ਹੀ ਉਸ ਦੇ ਮਹਿਲ ਤੱਕ ਪਹੁੰਚਿਆ ਜਾ ਸਕਦਾ ਹੈ, ਕਿਉਂਕਿ ਜਿਸ ਘਰ ਵਿਚ ਉਹ ਵਾਹਿਗੁਰੂ ਦਾ ਨਿਵਾਸ ਹੈ ਉਸ ਘਰ ਨੂੰ ਉਸਨੇ ਤਾਲਾ ਲਾ ਕੇ ਉਸਦੀ ਚਾਬੀ ਸਮਰੱਥ ਗੁਰੂ ਨੂੰ ਸੌਂਪ ਦਿਤੀ ਹੈ। ਸੋ ਜਿਤਨਾ ਚਿਰ ਸਮਰੱਥ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਸਾਡੇ ਤੇ ਨਹੀਂ ਹੁੰਦੀ ਉਨਾਂ ਚਿਰ ਉਸ ਘਰ ਦੀ ਚਾਬੀ ਵੀ ਪ੍ਰਾਪਤ ਨਹੀਂ ਹੋ ਸਕਦੀ ਭਾਵੇਂ ਲੱਖ ਯਤਨ ਕਰੀਏ। ਸਤਿਗੁਰੂ ਦਾ ਬਚਨ ਹੈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ – 205***

ਸੋ ਇਹ ਮਨੁੱਖਾ ਸਰੀਰ ਹੀ ਉਸ ਪ੍ਰਮੇਸ਼ਰ ਦਾ ਅਸਲੀ ਦੇਸ਼ ਹੈ। ਇਸਦੇ ਅੰਦਰ ਹੀ ਉਸਨੇ ਆਪਣੀ ਜੋਤ ਟਿਕਾਈ ਹੋਈ ਹੈ ਤੇ ਇਹ ਸਰੀਰ ਸਾਨੂੰ ਧਰਮ ਕਮਾਉਣ ਵਾਸਤੇ ਹੀ ਪ੍ਰਾਪਤ ਹੋਇਆ ਹੈ। ਇਸਦੇ ਅੰਦਰ ਹੀ ਉਸ ਪ੍ਰਭੂ ਨੇ ਸਾਰੀਆਂ ਦੈਵੀ ਸ਼ਕਤੀਆਂ, ਰਿਧੀਆਂ ਸਿਧੀਆਂ ਦੇ ਭੰਡਾਰ ਤੇ ਪ੍ਰਮੇਸ਼ਰ ਦੇ ਨਾਮ ਰੂਪੀ ਅੰਮ੍ਰਿਤ ਦਾ ਕੁੰਡ ਰੱਖਿਆ ਹੋਇਆ ਹੈ ਪਰ ਕੋਈ ਵਿਰਲਾ ਹੀ ਸੰਸਾਰ ਵਿਚ ਗੁਰੂ ਦੀ ਸਰਣ ਪੈ ਕੇ ਉਸਦੇ ਦੇਸ਼ ਵਿਚ ਪਹੁੰਚ ਕੇ ਇਨ੍ਹਾਂ ਅਨਮੋਲ ਰਤਨਾਂ ਦੀ ਖੋਜ ਕਰਦਾ ਹੈ।

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਪੰਨਾ – 309***

**L L L L L L**

(ਪੰਨਾ 60 ਦੀ ਬਾਕੀ)

***ਧਾਰਨਾ – ਇਥੇ ਕੀ ਮਨਿਆਦਾਂ ਤੇਰੀਆਂ,***
***ਪਾਣੀ ਦਿਆ ਬੁਲ ਬਲਿਆ –2, 2.***
***ਪਾਣੀ ਦਿਆ ਜੀ, ਬੁਲਬਲਿਆ –2, 2.***
***ਇਥੇ ਕੀ ਮਨਿਆਦਾਂ ਤੇਰੀਆਂ, .. –2.***

ਇਸ ਤਰ੍ਹਾਂ ਦੇ ਨਾਲ ਜਿੰਦਗੀ ਦਾ ਐਨਾ ਕੁ ਭਰੋਸਾ ਹੈ ਕਿਉਂਕਿ ਕਾਲ ਹਰ ਵਕਤ ਤਾਕ ਦੇ ਵਿਚ ਰਹਿੰਦਾ ਹੈ ਤੇ ਘਾਤ ਲਾ ਕੇ ਹਮਲਾ ਕਰਦੈ, ਕੋਈ ਪਤਾ ਨਹੀਂ ਆਦਮੀ ਨੇ ਕਿਹੜੇ ਵੇਲੇ ਤੁਰ ਜਾਣਾ ਹੈ।

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥***
***ਪੰਨਾ – 692***

ਕਾਲ ਸ਼ਿਕਾਰੀ ਬਣ ਕੇ ਹੱਥ ਵਿਚ ਗੁਲੇਲਾ ਲੈ ਕੇ ਫਿਰ ਰਿਹੈ ਤੇ ਕੋਈ ਪਤਾ ਨਹੀਂ ਹੈ ਕਿਹੜੇ ਵੇਲੇ ਗੁਲੇਲਾ ਮਾਰਨਾ ਹੈ।

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***
***ਪੰਨਾ – 631***

***ਧਾਰਨਾ – ਪਿਆਰੇ ਕਾਲ ਨੇ ਗੁਲੇਲਾ ਤੇਰੇ ਮਾਰਨੈ,***
***ਚੋਗਾ ਚੁਗਦੇ ਦੇ –2, 2.***
***ਮੇਰੇ ਪਿਆਰੇ, ਚੋਗਾ ਚੁਗਦੇ ਦੇ –2, 2.***
***ਪਿਆਰੇ ਕਾਲ ਨੇ ਗੁਲੇਲਾ ਤੇਰੇ ਮਾਰਨੈ,...–2.***

***'ਚਲਦਾ'***

**L L L L L L**

$ (ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ–ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/– ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)



Sri Satguru Jagjit Singh Ji eLibrary NamdhariElibrary@gmail.com

## ਜ਼ਰੂਰੀ ਸੂਚਨਾ

ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਊਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –

(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।

(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।

(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ –** – 7, 14, 21, 28 ਜਨਵਰੀ।

**ਪੂਰਨਮਾਸ਼ੀ –** 9 ਜਨਵਰੀ, ਦਿਨ ਮੰਗਲਵਾਰ।

**ਸੰਗਰਾਂਦ –** 13 ਜਨਵਰੀ, ਦਿਨ ਸ਼ਨਿਚੱਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

(ਇਥੋਂ ਕੱਟ ਕੇ ਭੇਜੋ ਜੀ)

## Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name........................................................................
3. ਪਿਤਾ ਦਾ ਨਾਮ/Father's Name.............................................
4. ਪੂਰਾ ਪਤਾ/Full address.........................................................

.........................................................

.........................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ.................................



Sri Satguru Jagjit Singh Ji eLibrary NamdhariElibrary@gmail.com